ਮਾਸਿਕ

ਸੀਸ ਗੰਜ

SIS GANJ

Volume 60 January 2023 Issue 1 Rs. 5

ਗੁਰਦੁਆਰਾ ਪਾਤਿਸ਼ਾਹੀ ਦਸਵੀਂ ਕਪਾਲ ਮੋਚਨ, ਯਮੁਨਾ ਨਗਰ (ਹਰਿਆਣਾ)

ਇਸ ਮਹੀਨੇ ਦਾ ਵਿਚਾਰ

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥ ੧੨ ॥

{ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੩੫-੧੩੬ }

: ਪਦ ਅਰਥ :

ਮਾਘ - ਮਾਘ ਨਖ਼੍ਰਤ੍ਰ ਵਾਲੀ ਪੂਰਨਮਾਸੀ ਦਾ ਮਹੀਨਾ । **ਮਾਘਿ** - ਮਾਘ ਮਹੀਨੇ ਵਿਚ । {ਨੋਟ:-ਇਸ ਮਹੀਨੇ ਦਾ ਪਹਿਲਾ ਦਿਨ ਹਿੰਦੂ-ਸ਼ਾਸਤ੍ਰਾਂ, ਅਨੁਸਾਰ ਬੜਾ ਪਵਿਤ੍ਰ ਹੈ, ਹਿੰਦੂ ਸੱਜਣ ਮਾਘੀ ਵਾਲੇ ਦਿਨ ਪ੍ਰਯਾਗ ਤੀਰਥ ਤੇ ਇਸ਼ਨਾਨ ਕਰਨਾ ਬਹੁਤ ਪੁੰਨ ਕੰਮ ਸਮਝਦੇ ਹਨ} । **ਮਜਨੁ** - ਚੁੱਭੀ । **ਦਾਨੁ** - ਨਾਮੁ ਦਾ ਦਾਨ । **ਜਨਮ ਕਰਮ ਮਲੁ** - ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ । **ਗੁਮਾਨੁ** - ਅਹੰਕਾਰ । **ਕਾਮਿ** - ਕਾਮ ਵਿਚ । **ਕਰੋਧਿ** - ਕ੍ਰੋਧ ਵਿਚ । **ਮੋਹੀਐ** - ਠੱਗੇ ਜਾਈਦਾ । **ਸੁਆਨੁ** - ਕੁੱਤਾ । **ਮਾਰਗਿ** - ਰਸਤੇ ਉੱਤੇ । **ਉਸਤਤਿ** - ਸੋਭਾ । **ਅਠਸਠਿ** - ਅਠਾਹਠ । **ਪਰਵਾਨੁ** - ਮੰਨਿਆ-ਪ੍ਰਮੰਨਿਆ (ਧਾਰਮਿਕ ਕੰਮ) । **ਕਰਿ** - ਕਰ ਕੇ । **ਸੁਜਾਨੁ** - ਸਿਆਣਾ । **ਕਾਂਢੀਅਹਿ** - ਆਖੇ ਜਾਂਦੇ ਹਨ।

: ਅਰਥ :

ਮਾਘ ਵਿਚ (ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥਾਂ ਤੇ ਇਸ਼ਨਾਨ ਕਰਨਾ ਬੜਾ ਪੁੰਨ ਸਮਝਦੇ ਹਨ, ਪਰ ਤੂੰ ਹੇ ਭਾਈ!) ਗੁਰਮੁਖਾਂ ਦੀ ਸੰਗਤਿ ਵਿਚ (ਬੈਠ, ਇਹੀ ਹੈ ਤੀਰਥਾਂ ਦਾ) ਇਸ਼ਨਾਨ, ਉਹਨਾਂ ਦੀ ਚਰਨ ਧੂੜ ਵਿਚ ਇਸ਼ਨਾਨ ਕਰ (ਨਿਮ੍ਰਤਾ-ਭਾਵ ਨਾਲ ਗੁਰਮੁਖਾਂ ਦੀ ਸੰਗਤਿ ਕਰ, ਉਥੇ) ਪਰਮਾਤਮਾ ਦਾ ਨਾਮ ਜਪ, ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣ, ਹੋਰ ਸਭਨਾਂ ਨੂੰ ਇਹ ਨਾਮ ਦੀ ਦਾਤਿ ਵੰਡ, (ਇਸ ਤਰ੍ਹਾਂ) ਕਈ ਜਨਮਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ (ਤੇਰੇ ਮਨ ਤੋਂ) ਲਹਿ ਜਾਇਗੀ, ਤੇਰੇ ਮਨ ਵਿਚੋਂ ਅਹੰਕਾਰ ਦੂਰ ਹੋ ਜਾਇਗਾ ।

(ਸਿਮਰਨ ਦੀ ਬਰਕਤਿ ਨਾਲ) ਕਾਮ ਵਿਚ ਕ੍ਰੋਧ ਵਿਚ ਨਹੀਂ ਫਸੀਦਾ, ਲੋਭ-ਕੁੱਤਾ ਭੀ ਮੁੱਕ ਜਾਂਦਾ ਹੈ (ਲੋਭ, ਜਿਸ ਦੇ ਅਸਰ ਹੇਠ ਮਨੁੱਖ ਕੁੱਤੇ ਵਾਂਗ ਦਰ ਦਰ ਤੇ ਭਟਕਦਾ ਹੈ) । ਇਸ ਸੱਚੇ ਰਸਤੇ ਉੱਤੇ ਤੁਰਿਆਂ ਜਗਤ ਦੀ ਸੋਭਾ ਕਰਦਾ ਹੈ । ਅਠਾਹਠ ਤੀਰਥਾਂ ਦਾ ਇਸ਼ਨਾਨ, ਸਾਰੇ ਪੁੰਨ ਕਰਮ, ਜੀਵਾਂ ਉੱਤੇ ਦਇਆ ਕਰਨੀ ਜੋ ਧਾਰਮਿਕ ਕੰਮ ਮੰਨੀ ਗਈ ਹੈ (ਇਹ ਸਭ ਕੁਝ ਸਿਮਰਨ ਦੇ ਵਿਚ ਹੀ ਆ ਜਾਂਦਾ ਹੈ) ।

ਪਰਮਾਤਮਾ ਕਿਰਪਾ ਕਰ ਕੇ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤਿ) ਦੇਂਦਾ ਹੈ, ਉਹ ਮਨੁੱਖ (ਜ਼ਿੰਦਗੀ ਦੇ ਸਹੀ ਰਸਤੇ ਦੀ ਪਛਾਣ ਵਾਲਾ) ਸਿਆਣਾ ਹੋ ਜਾਂਦਾ ਹੈ । ਹੇ ਨਾਨਕ! (ਆਖ-) ਜਿਨ੍ਹਾਂ ਨੂੰ ਪਿਆਰਾ ਪ੍ਰਭੂ ਮਿਲ ਪਿਆ ਹੈ, ਮੈਂ ਉਹਨਾਂ ਤੋਂ ਸਦਕੇ ਹਾਂ । ਮਾਘ ਮਹੀਨੇ ਵਿਚ ਸਿਰਫ਼ ਉਹੀ ਸੁੱਚੇ ਬੰਦੇ ਆਖੇ ਜਾਂਦੇ ਹਨ, ਜਿਨ੍ਹਾਂ ਉੱਤੇ ਪੂਰਾ ਸਤਿਗੁਰੂ ਦਇਆਵਾਨ ਹੁੰਦਾ ਹੈ (ਤੇ ਜਿਨ੍ਹਾਂ ਨੂੰ ਸਿਮਰਨ ਦੀ ਦਾਤਿ ਦੇਂਦਾ ਹੈ) ।੧੨।

ਟੀਕਾਕਾਰ : ਭਾਈ ਸਾਹਿਬ ਸਿੰਘ ਜੀ

ਸੀਸ ਗੰਜ
ਮਾਸਿਕ
SIS GANJ
Volume 60 January 2023 Issue 1 Rs. 5



ਜਿਲਦ 60 - ਨੰਬਰ 1
ਜਨਵਰੀ 2023 - ਪੋਹ / ਮਾਘ 2079

ਐਡੀਟੋਰੀਅਲ ਬੋਰਡ :
ਸ. ਹਰਮੀਤ ਸਿੰਘ ਕਾਲਕਾ
ਸ. ਜਗਦੀਪ ਸਿੰਘ ਕਾਹਲੋਂ
ਸ. ਹਰਵਿੰਦਰ ਸਿੰਘ ਕੇ.ਪੀ.
ਸ. ਆਤਮਾ ਸਿੰਘ ਲੁਬਾਣਾ
ਸ. ਜਸਮੇਨ ਸਿੰਘ ਨੋਨੀ

ਮੁੱਖ ਸੰਪਾਦਕ :
ਸ. ਹਰਮੀਤ ਸਿੰਘ ਕਾਲਕਾ

ਸੰਪਾਦਕ :
ਸ. ਪਰਮਜੀਤ ਸਿੰਘ ਰਾਣਾ

ਸਹਿ-ਸੰਪਾਦਕ :
ਸ. ਜਸਪ੍ਰੀਤ ਸਿੰਘ ਕਰਮਸਰ
ਡਾ. ਮਨਪ੍ਰੀਤ ਸਿੰਘ

ਪ੍ਰਿੰਟਰ ਤੇ ਪਬਲੀਸ਼ਰ
ਸ. ਧਰਮਿੰਦਰ ਸਿੰਘ ਜਨਰਲ ਮੈਨੇਜਰ

'ਸੀਸ ਗੰਜ' ਮਾਸਕ ਵਿੱਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ। ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।

Printer and Publisher Dharminder Singh – General Manager for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.

Email : dsgmcdelhi@gmail.com
Website : www.dsgmc.in
Phone : +91 11 23712580-81-82
+91 11 23737328-29
Extn. : 104

Total Pages : 1 to 64 (With Cover)

ਸੀਸ ਗੰਜ ਦੇ ਇਸ ਅੰਕ 'ਚ

4 ਸੰਪਾਦਕੀ
ਸ. ਹਰਮੀਤ ਸਿੰਘ ਕਾਲਕਾ

6 ਬੇਦਾਵੇ ਤੋਂ ਖਿਦਰਾਣੇ ਦੀ ਢਾਬ ਤੀਕ
ਡਾ. ਮਨਪ੍ਰੀਤ ਸਿੰਘ

7 ਦੇਖਣ ਆਇਓ ਜਗਤ ਤਮਾਸਾ
ਡਾ. ਚਰਨਜੀਤ ਸਿੰਘ

16 ਮਾਘਿ ਪੁਨੀਤ ਭਈ.....
ਸ. ਜੋਗਿੰਦਰ ਸਿੰਘ ਸੇਠੀ

23 ਗੁਰਦੁਆਰਾ ਗੁਰੂ ਨਾਨਕ ਘਾਟ, ਉਜੈਨ
ਕਰਨਲ ਡਾ. ਦਲਵਿੰਦਰ ਸਿੰਘ ਗਰੇਵਾਲ

26 ਸ਼ਬਦ, ਨਾਮ, ਸਤ-ਚਿਤ-ਅਨੰਦ.....
ਪ੍ਰਿੰਸੀਪਲ ਪ੍ਰੀਤਮ ਸਿੰਘ ਜਲੰਧਰ

36 ਸ਼ਹੀਦ ਭਾਈ ਬਚਿੱਤਰ ਸਿੰਘ ਜੀ
ਸ. ਰਜਿੰਦਰ ਸਿੰਘ ਜੌਲੀ

41 ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ
ਡਾ. ਗੁਰਚਰਨ ਸਿੰਘ ਮਹਿਤਾ

47 ਸ਼ਹੀਦ ਭਾਈ ਬੀਰ ਸਿੰਘ ਨੌਰੰਗਾਬਾਦੀ
ਸ. ਰਜਿੰਦਰ ਸਿੰਘ ਜੌਲੀ

53 ਸੱਤਵਾਂ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ
ਕਮੋਡੋਰ ਗੁਰਨਾਮ ਸਿੰਘ

58 ਚਿੱਠਾ ਆਮਦਨ ਖਰਚ
ਅਕਾਊਂਟਸ ਵਿਭਾਗ

60 ਸਿੱਖ ਇਤਿਹਾਸਕ ਘਟਨਾਵਾਂ
ਧਰਮ ਪ੍ਰਚਾਰ ਕਮੇਟੀ

ਬਾਬਾ ਦੀਪ ਸਿੰਘ ਜੀ ਦੀ ਅਦੁੱਤੀ ਸ਼ਹਾਦਤ

ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਪੁਰ ਹੋਏ ਹਮਲੇ ਨੂੰ ਨਾ ਸਹਾਰਦਿਆਂ, ਜਿਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਨੇ ਸਿਰ ਤਲੀ 'ਤੇ ਰੱਖ ਕੇ ਵੈਰੀਆਂ ਦੇ ਆਹੂ ਲਾਹੁੰਦਿਆਂ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਪੁੱਜ ਆਪਣੀ ਸ਼ਹਾਦਤ ਦਿੱਤੀ, ਉਹ ਕੇਵਲ ਸਿੱਖ ਇਤਿਹਾਸ ਦੀ ਹੀ ਨਹੀਂ, ਸਗੋਂ ਸੰਸਾਰ ਦੇ ਇਤਿਹਾਸ ਦੀ ਵੀ ਇੱਕ ਅਦੁੱਤੀ ਬੇਮਿਸਾਲ ਸ਼ਹਾਦਤ ਹੈ।

ਸਿੱਖਾਂ ਦੇ ਹਮਲਿਆਂ ਤੋਂ ਪ੍ਰੇਸ਼ਾਨ ਕਾਬਲ ਵਾਪਸ ਮੁੜਦੇ ਅਬਦਾਲੀ ਨੇ ਪੰਜਾਬ ਦੇ ਥਾਪੇ ਗਏ ਹਾਕਮਾਂ ਤੈਮੂਰ ਤੇ ਜਹਾਨ ਖਾਨ ਨੂੰ ਹਿਦਾਇਤ ਕੀਤੀ ਕਿ ਉਹ ਸਿੱਖਾਂ ਨੂੰ ਇਤਨੀ ਬੁਰੀ ਤਰ੍ਹਾਂ ਕੁਚਲ ਦੇਣ ਕਿ ਉਹ ਸਿਰ ਉੱਚਾ ਕਰ ਕੇ ਚੱਲਣ ਦੇ ਸਮਰਥ ਨਾ ਰਹਿ ਜਾਣ। ਇਹ ਹਿਦਾਇਤ ਮਿਲਦਿਆਂ ਹੀ ਤੈਮੂਰ ਤੇ ਜਹਾਨ ਖਾਨ ਨੇ ਸਿੱਖਾਂ 'ਤੇ ਅਸਹਿ ਤੇ ਅਕਹਿ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸਿੱਖਾਂ ਵਿਰੁੱਧ ਕੀਤੀ ਜਾਣ ਵਾਲੀ ਜ਼ੁਲਮੀ ਕਾਰਵਾਈ ਨੂੰ ਜਹਾਦ ਦਾ ਨਾਂ ਦੇ ਕੇ ਸਮੁੱਚੇ ਮੁਲਸਮਾਨ ਭਾਈਚਾਰੇ ਨੂੰ ਸਿੱਖਾਂ ਵਿਰੁੱਧ ਲਾਮਬੱਧ ਹੋਣ ਦਾ ਸੱਦਾ ਦੇ ਦਿੱਤਾ ਤੇ ਇਨ੍ਹਾਂ ਜਹਾਦੀਆਂ ਦੀ ਅਗਵਾਈ ਹਾਜੀ ਅੱਤਾ ਖਾਨ ਨੂੰ ਸੌਂਪ ਦਿੱਤੀ।

ਇਨ੍ਹਾਂ ਦਿਨਾਂ ਵਿੱਚ ਹੀ ਕਰਤਾਰ ਪੁਰ ਤੇ ਹਮਲਾ ਕਰਨ ਗਏ ਹੋਏ ਕੁਤਬ-ਉਦ-ਦੀਨ ਨੂੰ ਉਨ੍ਹਾਂ ਹਿਦਾਇਤ ਭੇਜੀ ਕਿ ਉਹ ਤੁਰੰਤ ਅੰਮ੍ਰਿਤਸਰ 'ਤੇ ਹਮਲਾ ਬੋਲ ਦੇਵੇ, ਜਿੱਥੇ ਕਿ ਸਿੱਖ ਇਕੱਠੇ ਹੋ ਰਹੇ ਹਨ। ਉਸਦੇ ਨਾਲ ਹੀ ਉਸਨੂੰ ਇਹ ਸੁਨੇਹਾ ਵੀ ਭੇਜਿਆ ਕਿ ਅੱਤਾ ਖਾਨ ਜਹਾਦੀਆਂ ਦਾ ਲਸ਼ਕਰ ਲੈ ਉਸਦੀ ਮਦਦ ਲਈ ਪੁੱਜ ਰਿਹਾ ਹੈ। ਕੁਤਬ-ਉਦ-ਦੀਨ ਨੇ ਆਪਣੀ ਮਦਦ ਲਈ ਆ ਰਹੇ ਜਹਾਦੀਆਂ ਦਾ ਇੰਤਜ਼ਾਰ ਕੀਤੇ ਬਿਨਾਂ ਹੀ ਸ੍ਰੀ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ ਤੇ ਉਸ ਉਪਰ ਕਬਜ਼ਾ ਕਰ ਕੇ ਦਰਬਾਰ ਸਾਹਿਬ ਨੂੰ ਢਹਿ ਢੇਰੀ ਕਰ ਅੰਮ੍ਰਿਤ ਸਰੋਵਰ ਨੂੰ ਪੂਰ ਦਿੱਤਾ।

ਜਦੋਂ ਇਹ ਦੁਖਦਾਈ ਖਬਰ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਕੋਲ ਪੁੱਜੀ ਤਾਂ ਉਹ ਜੋਸ਼ ਵਿੱਚ ਆ ਗਏ। ਉਨ੍ਹਾਂ ਤੁਰੰਤ ਖੰਡਾ ਹੱਥ ਵਿੱਚ ਫੜਿਆ ਤੇ ਅਰਦਾਸ ਕਰ ਸ੍ਰੀ ਅੰਮ੍ਰਿਤਸਰ ਵੱਲ ਰਵਾਨਾ ਹੋ ਗਏ। ਜਿਸ ਸਮੇਂ ਉਹ ਦਮਦਮਾ ਸਾਹਿਬ ਤੋਂ ਅੰਮ੍ਰਿਤਸਰ ਵੱਲ ਰਵਾਨਾ ਹੋਏ, ਉਸ ਸਮੇਂ ਉਨ੍ਹਾਂ ਦੇ ਨਾਲ ਉਂਗਲੀਆਂ 'ਤੇ ਗਿਣੇ ਜਾ ਸਕਣ ਜਿਤਨੇ ਹੀ ਸਿੱਖ ਸਨ, ਪਰ ਜਿਉਂ-ਜਿਉਂ ਦਰਬਾਰ ਸਾਹਿਬ ਦੀ ਹੋਈ

ਬੇਅਦਬੀ ਅਤੇ ਬਾਬਾ ਦੀਪ ਸਿੰਘ ਜੀ ਦੇ ਅੰਮ੍ਰਿਤਸਰ ਵੱਲ ਕੂਚ ਕਰਨ ਦੀ ਖਬਰ ਵੱਖ ਵੱਖ ਹਿੱਸਿਆਂ ਵਿੱਚਲੇ ਸਿੱਖ ਜਥਿਆਂ ਤੱਕ ਪੁਜਣੀ ਸ਼ੁਰੂ ਹੋਈ ਤਾਂ ਉਹ ਤੁਰੰਤ ਬਾਬਾ ਦੀਪ ਸਿੰਘ ਜੀ ਨਾਲ ਰਲਣ ਲਈ ਤੁਰ ਪਏ।

ਤਰਨਤਾਰਨ ਦੇ ਲਾਗੇ ਪੁੱਜ, ਬਾਬਾ ਦੀਪ ਸਿੰਘ ਜੀ ਨੇ ਆਪ ਸ਼ਹੀਦੀ ਗਾਨਾ ਸਿਰ 'ਤੇ ਬੰਨ੍ਹਿਆ ਤੇ ਖੰਡੇ ਨਾਲ ਜ਼ਮੀਨ 'ਤੇ ਇੱਕ ਲਕੀਰ ਖਿੱਚ ਕੇ, ਨਾਲ ਚੱਲ ਰਹੇ ਸਿੱਖਾਂ ਨੂੰ ਕਿਹਾ ਕਿ ਉਹ ਆਪ ਗੁਰੂ ਚਰਨਾਂ ਵਿੱਚ ਸੀਸ ਅਰਪਣ ਕਰ ਸ਼ਹੀਦੀ ਦੇਣ ਜਾ ਰਹੇ ਹਨ, ਜਿਨ੍ਹਾਂ ਨੇ ਸ਼ਹੀਦੀ ਦੇਣੀ ਹੈ ਉਹ ਹੀ ਇਹ ਲਕੀਰ ਟੱਪ ਉਨ੍ਹਾਂ ਨਾਲ ਆਉਣ। ਗੁਰੂ ਘਰ ਦੀ ਹੋ ਰਹੀ ਬੇਅਦਬੀ ਦੀ ਖਬਰ ਨੇ ਸਿੱਖਾਂ ਵਿੱਚ ਇਤਨਾ ਰੋਹ ਤੇ ਜੋਸ਼ ਭਰ ਦਿੱਤਾ ਹੋਇਆ ਸੀ ਕਿ ਸਾਰੇ ਹੀ ਸਿੱਖ ਲਕੀਰ ਟੱਪ ਬਾਬਾ ਦੀਪ ਸਿੰਘ ਜੀ ਨਾਲ ਖੜ੍ਹੇ ਹੋ ਗਏ।

ਇਧਰ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਵਿੱਚ ਜੈਕਾਰੇ ਛੱਡ ਸਿੱਖ ਦਰਬਾਰ ਸਾਹਿਬ ਵੱਲ ਵਧਣ ਲੱਗੇ ਤੇ ਉਧਰ ਸ੍ਰੀ ਅੰਮ੍ਰਿਤਸਰ ਨੂੰ ਘੇਰਾ ਪਾਈ ਬੈਠਾ ਯਾਕੂਬ ਖਾਨ ਆਪਣੇ ਫ਼ੌਜੀਆਂ ਨੂੰ ਨਾਲ ਲੈ ਕੇ ਸਿਖਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਸਾਹਮਣੇ ਆ ਗਿਆ। ਹਥੋ ਹਥੀ ਗਹਿਗਚ ਲੜਾਈ ਹੋਈ। ਦੋਹਾਂ ਪਾਸਿਆਂ ਦਾ ਭਾਰੀ ਨੁਕਸਾਨ ਹੋਣ ਲੱਗਾ। ਯਾਕੂਬ ਖਾਨ ਜਿਉਂ ਹੀ ਬਾਬਾ ਦੀਪ ਸਿੰਘ ਜੀ ਨੂੰ ਰੋਕਣ ਲਈ ਉਨ੍ਹਾਂ ਸਾਹਮਣੇ ਆਇਆ, ਬਾਬਾ ਜੀ ਦੇ ਖੰਡੇ ਦੇ ਇਕੋ ਵਾਰ ਨਾਲ ਉਹ ਜ਼ਮੀਨ 'ਤੇ ਜਾ ਡਿੱਗਾ। ਉਸ ਦੇ ਡਿਗਦਿਆਂ ਹੀ ਅਮਾਨ ਖਾਨ ਉਨ੍ਹਾਂ ਸਾਹਮਣੇ ਆ ਗਿਆ। ਦੋਹਾਂ ਵਿੱਚ ਜ਼ਬਰਦਸਤ ਪੈਂਤੜੇ ਬਾਜ਼ੀ ਹੋਈ। ਇਧਰ ਬਾਬਾ ਜੀ ਦੇ ਵਾਰ ਨਾਲ ਅਮਾਨ ਖਾਨ ਜ਼ਮੀਨ 'ਤੇ ਡਿੱਗਾ ਤੇ ਉਧਰ ਅਮਾਨ ਖਾਨ ਦੇ ਵਾਰ ਨਾਲ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ੍ਹ ਨਾਲੋਂ ਜੁਦਾ ਹੋ ਗਿਆ।

ਬਾਬਾ ਦੀਪ ਸਿੰਘ ਜੀ ਇੱਕ ਹੱਥ ਉੱਤੇ ਸੀਸ ਧਰਿਆ ਅਤੇ ਦੂਜੇ ਹੱਥ ਨਾਲ ਖੰਡਾ ਵਾਹੁੰਦਿਆਂ ਤੇ ਅੱਗੇ ਵੱਧਦਿਆਂ ਵੇਖਕੇ ਦੁਸ਼ਮਣਾਂ ਦੇ ਹੋਸ਼ ਉੱਡ ਗਏ। ਉਹ ਰਣ ਦੇ ਮੈਦਾਨ ਨੂੰ ਛੱਡ ਕੇ ਭੱਜ ਖਲੋਤੇ। ਬਾਬਾ ਦੀਪ ਸਿੰਘ ਜੀ ਜ਼ਾਲਮਾਂ ਦੇ ਘੇਰੇ ਨੂੰ ਚੀਰਦਿਆਂ ਸ੍ਰੀ ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿੱਚ ਪੁਜ ਆਪਣਾ ਪ੍ਰਣ ਪੂਰਾ ਕਰ ਪ੍ਰਾਣ ਤਿਆਗ ਦਿੱਤੇ। ਉਨ੍ਹਾਂ ਦੀ ਇਹ ਸ਼ਹਾਦਤ ਸਿੱਖ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੀ ਗਈ ਜੋ ਸਿੱਖ ਜਗਤ ਨੂੰ ਸਿੱਖੀ ਦੇ ਸੋਮੇ ਗੁਰਧਾਮਾਂ ਦੀ ਪਵਿੱਤਰਤਾ ਦੀ ਰੱਖਿਆ ਲਈ ਆਪਾ ਬਲੀਦਾਨ ਕਰਨ ਦੀ ਪ੍ਰੇਰਣਾ ਕਰਦੀ ਚਲੀ ਆ ਰਹੀ ਹੈ। ਅਸੀਂ ਇਸੇ ਮਹੀਨੇ, ਜਨਵਰੀ ਵਿੱਚ ਬਾਬਾ ਦੀਪ ਸਿੰਘ ਜੀ ਦੇ ਆ ਰਹੇ ਜਨਮ ਦਿਨ ਤੇ ਉਨ੍ਹਾਂ ਦੀ ਸ਼ਹਾਦਤ ਪ੍ਰਤੀ ਨੱਤ-ਮਸਤੱਕ ਹੁੰਦਿਆਂ ਮਾਣ ਮਹਿਸੂਸ ਕਰਦੇ ਹਾਂ।

– ਹਰਮੀਤ ਸਿੰਘ ਕਾਲਕਾ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਜ਼ਫ਼ਰਨਾਮਾ

ਨਵਿਸ਼ਤਾ ਰਸੀਦੋ ਬਿਗੁਫ਼ਤਹ ਜ਼ੁਬਾਂ
ਬਬਯਾਦ ਕਿ ਕਾਰੀਂ ਬਰਾਹਤ ਰਸਾਂ ।੫੪।

: ਅਰਥ :

ਮੈਨੂੰ ਤੇਰਾ ਲਿਖਿਆ ਹੋਇਆ ਅਤੇ ਜ਼ਬਾਨੀ ਸੁਨੇਹਾ (ਕਾਜ਼ੀ ਰਾਹੀਂ) ਮਿਲਿਆ। ਤੈਨੂੰ ਚਾਹੀਦਾ ਹੈ ਕਿ ਤੂੰ ਇਸ ਕੰਮ ਨੂੰ ਠੀਕ ਤਰ੍ਹਾਂ ਸਿਰੇ ਚੜ੍ਹਾਵੇਂ। (ਗੁਰੂ ਕੀਆਂ ਸਾਖੀਆਂ ਅਨੁਸਾਰ ਇਹ ਕਾਜ਼ੀ ਸ਼ਾਹੀ ਪੈਗਾਮ ਲੈ ਕੇ ਅਨੰਦਪੁਰ ਛੱਡਣ ਤੋਂ ਦੇ ਦਿਨ ਪਹਿਲਾਂ ਆਇਆ ਸੀ।)

ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ।੫੫।

ਸ਼ਿਕਮ – ਪੇਟ, ਦਿਲ । **ਦਹਾਨ** – ਮੂੰਹ

: ਅਰਥ :

ਮਰਦ ਨੂੰ ਚਾਹੀਦਾ ਹੈ ਕਿ ਉਹ ਬਚਨਾਂ ਦਾ ਪੂਰਾ ਹੋਵੇ। ਇਹ ਠੀਕ ਨਹੀਂ ਕਿ ਦਿਲ ਵਿੱਚ ਕੁੱਝ ਹੋਰ ਤੇ ਮੂੰਹ ਵਿੱਚ ਕੁੱਝ ਹੋਰ ਹੋਵੇ।

ਕਿ ਕਾਜ਼ੀ ਮਰਾ ਗ਼ੁਫ਼ਤਹ ਬੇਰੂੰ ਨਯਮ
ਅਗਰ ਰਾਸਤੀ ਖ਼ੁਦ ਬਿਯਾਰੀ ਕਦਮ ।੫੬।

ਬੇਰੂੰ – ਬਾਹਰ । **ਰਾਸਤੀ** – ਸਹੀ, ਠੀਕ

: ਅਰਥ :

ਜੋ ਕੁੱਝ ਤੇਰੇ ਕਾਜ਼ੀ ਨੇ ਮੈਨੂੰ ਕਿਹਾ, ਮੈਂ ਹੁਣ ਵੀ ਉਸ ਤੋਂ ਬਾਹਰ ਨਹੀਂ, ਬਸ਼ਰਤੇ ਕਿ ਤੂੰ ਵੀ ਠੀਕ ਰਸਤੇ ਵੱਲ ਕਦਮ ਉਠਾਵੇਂ।

ਤੁਰਾ ਗਰ ਬਬਾਯਦ ਆਂ ਕਉਲੇ ਕੁਰਾਂ।
ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾ ।੫੭।

: ਅਰਥ :

ਜੇ ਤੂੰ ਕੁਰਾਨ ਦੀ ਜਿਲਦ ਉੱਤੇ ਲਿਖਿਆ ਉਹ ਕਸਮਨਾਮਾ ਦੇਖਣਾ ਚਾਹੁੰਦਾ ਹੈਂ ਤਾਂ ਮੈਂ ਉਹ ਵੀ ਤੈਨੂੰ ਭੇਜ ਦਿੰਦਾ ਹਾਂ। ਉਸ ਵਿੱਚ ਇਹ ਲਿਖਿਆ ਗਿਆ ਸੀ। (ਅਗਲੇ ਚਾਰ ਸ਼ਿਅਰਾਂ ੫੮-੬੧ ਵਿੱਚ ਗੁਰੂ ਜੀ ਨੇ ਸਰਕਾਰੀ ਪੇਸ਼ਕਸ਼ ਨੂੰ ਦੁਹਰਾ ਕੇ ਇਉਂ ਦੱਸਿਆ ਹੈ।)

ਟੀਕਾਕਾਰ – ਪਿਆਰਾ ਸਿੰਘ ਪਦਮ

ਬੇਦਾਵੇ ਤੋਂ ਖਿਦਰਾਣੇ ਦੀ ਢਾਬ ਤੀਕ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੋਹ ਦੇ ਮਹੀਨੇ ਨਾਲ ਸਬੰਧਿਤ ਸਾਰੇ ਸਰਬੰਸ ਨੂੰ ਵਾਰਨ ਦੀ ਗਾਥਾ ਸਾਰੀ ਧਰਤੀ ਦੇ ਇਤਿਹਾਸ ਵਿੱਚ ਨਵੇਕਲੀ ਹੈ। ਧਰਤੀ ਦੇ ਇਤਿਹਾਸ ਵਿੱਚ ਐਸਾ ਕੋਈ ਪੈਗੰਬਰ ਨਹੀਂ ਹੋਇਆ, ਜਿਸ ਨੇ ਆਪਣਾ ਸਾਰਾ ਕੁੱਝ ਪੰਥ, ਦੇਸ਼, ਕੌਮ ਅਤੇ ਮਨੁੱਖੀ ਮਾਤਰ ਦੀ ਚੜ੍ਹਦੀ ਕਲਾ ਵਾਸਤੇ ਵਾਰ ਦਿੱਤਾ ਹੋਵੇ। 6 ਪੋਹ ਤੋਂ ਲੈ ਕੇ 13 ਪੋਹ ਦੇ ਇੱਕ ਹਫ਼ਤੇ ਵਿੱਚ ਗੁਰੂ ਦਸ਼ਮੇਸ਼ ਜੀ ਨੇ ਸਾਰਾ ਸਰਬੰਸ ਵਾਰਕੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਆਪਣੇ ਪੁੱਤਰਾਂ ਅਤੇ ਸਿੱਖਾਂ ਵਿੱਚ ਕੋਈ ਫਰਕ ਨਾ ਦਰਸਾਉਂਦੇ ਹੋਏ ਮਹਾਨ ਪੈਗੰਬਰੀ ਅਤੇ ਸਭ ਕੁੱਝ ਵਾਰਨ ਤੋਂ ਬਾਅਦ ਵੀ ਖਿੜੇ ਮੱਥੇ ਸ਼ੁਕਰਾਨੇ ਦਾ ਸਬੂਤ ਦਿੰਦਿਆਂ ਇਹ ਆਖਿਆ :

ਢਹਿੰਦੀ ਦੁਨੀਆਂ ਦਾ ਜਦੋਂ ਸਹਾਰਾ ਨਹੀਂ ਸੀ
ਪਿਤਾ ਉਦੋਂ ਇਸ ਦੇਸ਼ ਤੋਂ ਵਾਰਿਆ ਮੈਂ।
ਮਾਂ ਗੁਜਰੀ ਵਿੱਚ ਸਰਹੰਦ ਗੁਜਰੀ
ਸਮਾਂ ਗੁਜਰਿਆ ਜਿਵੇਂ ਗੁਜਾਰਿਆਂ ਮੈਂ।
ਚਾਰ ਪੁੱਤਰ ਬਖ਼ਸੇ ਸੀ ਪ੍ਰਮਾਤਮਾ ਨੇ
ਜੋੜ-ਜੋੜਾ ਕਰਕੇ ਵਾਰਿਆ ਮੈਂ।
ਮੱਤ ਕਹੋ ਸਿੰਘੋ ਮੈਨੂੰ ਸਹਿਨਸ਼ਾਹ
ਅੱਜ ਕਿਸ਼ਤਾਂ 'ਚ ਕਰਜ਼ ਉਤਾਰਿਆ ਮੈ।

ਗੁਰੂ ਜੀ ਦੇ ਕਿਲ੍ਹੇ ਨੂੰ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਜੇਠ ਦੇ ਮਹੀਨੇ ਤੋਂ ਪੋਹ ਦੇ ਮਹੀਨੇ ਤੱਕ ਘੇਰ ਕੇ ਰੱਖਿਆ। ਰਿਜ਼ਕ ਅਤੇ ਪਾਣੀ ਦੀ ਸਪਲਾਈ ਨੂੰ ਵੀ ਰੋਕ ਦਿੱਤਾ ਗਿਆ। ਇਹ ਸਿਰਫ ਮੁਗਲ ਰਾਜ ਨਹੀਂ ਸੀ ਜੋ ਗੁਰੂ ਸਾਹਿਬ ਦੀ ਚੜ੍ਹਦੀ ਕਲਾ ਅਤੇ ਸਰਬ ਸਾਂਝੇ ਉਪਦੇਸ਼ ਤੋਂ ਨਫਰਤ ਕਰਦਾ ਸੀ। 22 ਧਾਰ ਦੇ ਪਹਾੜੀ ਰਾਜੇ ਤਿਲਕ-ਜੰਞੂ ਪਾਉਣ ਵਾਲੇ ਵੀ ਗੁਰੂ ਸਾਹਿਬ ਦੀ ਸ਼ੋਭਾ ਤੋਂ ਸੜਦੇ ਸਨ। 1675 ਈਸਵੀ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਜੋ ਕਿ ਇਨ੍ਹਾਂ ਦੇ ਧਰਮ ਦੀ ਰੱਖਿਆ ਅਤੇ ਤਿਲਕ-ਜੰਞੂ ਨੂੰ ਕਾਇਮ ਰੱਖਣ ਵਾਸਤੇ ਦਿੱਤੀ ਸੀ। ਉਹ ਵੀ ਗੁਰੂ ਸਾਹਿਬ ਦਾ ਉਪਕਾਰ ਭੁੱਲਕੇ 1704 ਈਸਵੀ ਵਿੱਚ ਸਿਰਫ 29 ਸਾਲਾਂ ਬਾਅਦ ਗੁਰੂ ਘਰ ਪ੍ਰਤੀ ਨਫ਼ਰਤ ਦਾ ਜ਼ਹਿਰ ਉਗਲਣ ਲੱਗੇ। ਭੀਮ ਚੰਦ ਦਾ ਪੁੱਤਰ ਅਜਮੇਰ ਚੰਦ ਜੋ ਗੁਰੂ ਸਾਹਿਬ ਅਤੇ ਸਿੱਖ ਸਿਧਾਂਤ ਦਾ ਵੈਰੀ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਘੇਰੇ ਵਿੱਚ ਸਭ ਤੋਂ ਅੱਗੇ ਸੀ। ਇਸੀ ਸਮੇਂ ਕੁੱਝ ਸਿੰਘਾਂ ਦੇ ਜਥੇ ਨੇ ਗੁਰੂ ਸਾਹਿਬ ਨੂੰ ਕਿਲ੍ਹਾ ਛੱਡ ਜਾਣ ਲਈ ਬੇਨਤੀ ਕੀਤੀ ਅਤੇ ਗੁਰੂ ਸਾਹਿਬ ਦੇ ਕਹਿਣ 'ਤੇ ਬੇਦਾਵਾ ਵੀ ਲਿਖ ਦਿੱਤਾ ਕਿ ਤੁਸੀਂ ਸਾਡੇ ਗੁਰੂ ਨਹੀਂ ਅਤੇ ਅਸੀਂ ਤੁਸਾਂ ਦੇ ਸਿੱਖ ਨਹੀਂ। ਪਰ ਜਦ ਸਾਰੇ ਸਰਬੰਸ ਵਾਰਨ ਦੀ ਖਬਰ ਇਨ੍ਹਾਂ ਸਿੰਘਾਂ ਨੂੰ ਲੱਗੀ ਤਾਂ ਭਾਈ ਮਾਨ ਸਿੰਘ, ਭਾਈ ਸੁਲਤਾਨ ਸਿੰਘ ਮਾਲਵੇ ਦੇਸ਼ ਵਿੱਚ ਭਾਈ ਭਾਗ ਸਿੰਘ, ਭਾਈ ਨਿਧਾਨ ਸਿੰਘ ਅਤੇ ਦਿਲਬਾਗ ਸਿੰਘ ਦੀ ਵੱਡੀ ਭੈਣ ਮਾਤਾ ਭਾਗ ਕੌਰ ਨੂੰ ਨਾਲ ਲੈਕੇ ਮਾਲਵੇ ਦੇਸ਼ ਗੁਰੂ ਸਾਹਿਬ ਨੂੰ ਲਭਦੇ-ਲਭਦੇ ਪਹੁੰਚੇ। ਇਸ ਗੁਰੂ-ਸਿੱਖ ਮਿਲਾਪ ਵਿੱਚ ਮਾਤਾ ਭਾਗ ਕੌਰ ਜੀ ਦੇ ਜਜ਼ਬੇ ਅਤੇ ਸ਼ਰਧਾ ਦੀ ਕੋਈ ਮਿਸਾਲ ਪੇਸ਼ ਨਹੀਂ ਕੀਤੀ ਜਾ ਸਕਦੀ।

ਸਭ ਕੁੱਝ ਵਾਰਨ ਤੋਂ ਬਾਅਦ ਜਦ ਦਸ਼ਮੇਸ਼ ਜੀ 20 ਪੋਹ ਨੂੰ ਖਿਦਰਾਣੇ ਦੀ ਢਾਬ 'ਤੇ ਪੁੱਜੇ ਤਾਂ ਵਜ਼ੀਰ ਖਾਂ ਦੀ ਫ਼ੌਜ ਨੇ ਭਾਰੀ ਹਮਲਾ ਕੀਤਾ। ਉਸ ਜੰਗ ਵਿੱਚ ਇਨ੍ਹਾਂ ਮਝੈਲੀ ਸਿੰਘਾਂ ਨੇ ਅੱਗੇ ਵੱਧ-ਵੱਧ ਕੇ ਸ਼ਹੀਦੀਆਂ ਦਿੱਤੀਆਂ ਅਤੇ ਪਰਵਾਨੇ ਬਣਕੇ ਸ਼ਮ੍ਹਾਂ ਤੋਂ ਕੁਰਬਾਨ ਹੋ ਗਏ। ਭਾਈ ਮਾਨ ਸਿੰਘ, ਭਾਈ ਰਾਇ ਸਿੰਘ, ਭਾਈ ਸੁੰਦਰੀ ਸਿੰਘ, ਭਾਈ ਮਹਾਂ ਸਿੰਘ ਅਤੇ ਸਾਰੇ 40 ਸਿੱਖ ਸ਼ਹੀਦੀ ਦਾ ਜਾਮ ਪੀ ਗਏ। ਮਾਤਾ ਭਾਗ ਕੌਰ ਵੀ ਜ਼ ਖਮੀ ਹੋ ਗਏ। ਜਦ ਗੁਰੂ ਸਾਹਿਬ ਨੇ ਭਾਈ ਮਹਾਂ ਸਿੰਘ ਨੂੰ ਅੰਤਿਮ ਇੱਛਾ ਬਾਰੇ ਪੁੱਛਿਆ ਤੇ ਉਨ੍ਹਾਂ ਕਿਹਾ ਜੇ ਤਰੁੱਠੇ ਹੋ ਤਾਂ ਅਸਾਂ ਦਾ ਲਿਖਿਆ ਬੇਦਾਵਾ ਪਾੜ੍ਹ ਕੇ ਸਾਨੂੰ ਸਿੱਖੀ ਦਾਨ ਬਖਸ਼ੋ। ਗੁਰੂ ਸਾਹਿਬ ਜੀ ਨੇ ਬੇਦਾਵਾ ਪਾੜਿਆ ਅਤੇ ਤਿੰਨ ਵਾਰ ਧੰਨ ਸਿੱਖੀ, ਧੰਨ ਸਿੱਖੀ, ਧੰਨ ਸਿੱਖੀ ਮੁੱਖੋਂ ਅਲਾਇਆ। ਆਪ ਗੁਰੂ ਸਾਹਿਬ ਨੇ ਸਿੱਖਾਂ ਦਾ ਸਸਕਾਰ ਕੀਤਾ, ਅਰਦਾਸ ਕੀਤੀ ਅਤੇ ਆਖਿਆ,'ਭਾਈ ਸਿੱਖੋ! ਇਹ ਚਾਲੀ ਸਿੰਘ ਧਰਮ ਹੇਤ ਸੀਸ ਦੀਏ ਹੈਂ, ਇਹ ਚਾਲੀ ਮੁਕਤੇ ਹੈ, ਜਿਹੜਾ ਸਿੱਖ ਇਥੇ ਇਸ਼ਨਾਨ ਕਰੇਗਾ ਵੋ ਅਠਾਹਠ ਤੀਰਥੋ ਕਾ ਫਲ ਪ੍ਰਾਪਤ ਕਰੇਗਾ।' ਗੁਰੂ ਸਾਹਿਬ ਨੇ ਬਚਨ ਕੀਤਾ ਏਥੇ ਮਹਾਨ ਅਸਥਾਨ ਬਣੇਗਾ ਅਤੇ ਸ਼ਹੀਦਾਂ ਨੂੰ ਸਾਰਾ ਜਗਤ ਨਤਮਸਤਕ ਹੋਏਗਾ।

ਅਸੀਂ ਰੋਜ਼ ਅਰਦਾਸ ਵਿੱਚ ਇਨ੍ਹਾਂ ਚਾਲੀ ਮੁਕਤਿਆਂ ਨੂੰ ਯਾਦ ਕਰਦੇ ਹਾਂ, ਜੋ ਸੂਰਮਗਤੀ ਦੀ ਦਾਸਤਾਨ ਪੇਸ਼ ਕਰਦੀ ਹੈ। ਇਸ ਅਸਥਾਨ ਉੱਤੇ ਹਰ ਸਾਲ ਮਾਘੀ ਮਹੀਨੇ ਦੇ ਦੀਵਾਨ ਸਜਾਏ ਜਾਂਦੇ ਹਨ।

– ਡਾ. ਮਨਪ੍ਰੀਤ ਸਿੰਘ
ਸਹਿ-ਸੰਪਾਦਕ ਸੀਸ ਗੰਜ ਮੈਗਜ਼ੀਨ

ਦੇਖਣ ਆਇਓ ਜਗਤ ਤਮਾਸਾ

: ਸੰਖੇਪ ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ :

ਪ੍ਰਕਾਸ਼ ਦਿਵਸ	:	22 ਦਿਸੰਬਰ 1666
ਪ੍ਰਕਾਸ਼-ਅਸਥਾਨ	:	ਪਟਨਾ ਸਾਹਿਬ (ਬਿਹਾਰ)
ਪਿਤਾ	:	ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਮਾਤਾ	:	ਮਾਤਾ ਗੂਜਰੀ ਜੀ
ਸੁਪਤਨੀ	:	ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ
ਸੰਤਾਨ	:	ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ
ਗੁਰਗੱਦੀ	:	9 ਨਵੰਬਰ 1675
ਜੋਤੀ-ਜੋਤ	:	07 ਅਕਤੂਬਰ 1708 ਨਾਂਦੇੜ (ਮਹਾਰਾਸ਼ਟਰ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਮਾਤਾ ਗੁਜਰੀ ਜੀ ਦੀ ਕੁਖੋਂ ਮਿਤੀ 22 ਦਿਸੰਬਰ 1666 ਨੂੰ ਪਟਨਾ ਸਾਹਿਬ ਵਿਖੇ ਹੋਇਆ। ਆਪ ਜੀ ਦੇ ਜਨਮ ਸਮੇਂ ਪਿਤਾ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪੂਰਬੀ ਬੰਗਾਲ, ਅਸਾਮ ਵਾਲੇ ਪਾਸੇ ਢਾਕਾ ਗਏ ਹੋਏ ਸਨ। ਗੁਰਦੇਵ ਜੀ ਨੂੰ ਸਾਹਿਬਜ਼ਾਦੇ ਦੇ ਅਵਤਾਰ ਧਾਰਨ ਦੀ ਖਬਰ ਉਥੇ ਹੀ ਮਿਲੀ। ਗੁਰਦੇਵ ਜੀ ਨੇ ਉਥੋਂ ਹੀ ਪਟਨਾ ਸਾਹਿਬ ਦੀ ਸੰਗਤ ਦੇ ਨਾਮ ਹੁਕਮਨਾਮਾ ਭੇਜਿਆ, ਜਿਸ ਵਿੱਚ ਸਾਹਿਬਜ਼ਾਦੇ ਦਾ ਨਾਮ ਗੋਬਿੰਦ ਰਾਇ ਰੱਖਣ ਲਈ ਆਗਿਆ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਪੀਰ ਭੀਖਣ ਸ਼ਾਹ, ਜੋ ਕਿ ਮੁਸਲਮਾਨ ਸੀ, ਉਹ ਪੱਛਮੀ ਪੰਜਾਬ ਵਿੱਚ 'ਘੁੜਾਮ' ਨਾਮ ਦੇ ਕਸਬੇ ਵਿੱਚ ਰਹਿੰਦਾ ਸੀ। ਉਹ ਉਸ ਸਮੇਂ ਨਮਾਜ਼ ਪੜ੍ਹ ਰਿਹਾ ਸੀ। ਉਸ ਨੂੰ ਪੂਰਬ ਵਾਲੇ ਪਾਸਿਓਂ ਰੋਸ਼ਨੀ ਦਿਖਾਈ ਦਿੱਤੀ। ਉਸ ਨੇ ਆਪਣੀ ਆਤਮਕ ਸ਼ਕਤੀ ਨਾਲ ਜਾਣ

ਲਿਆ – ਖ਼ੁਦਾ ਦਾ ਨੂਰ ਧਰਤੀ ਤੇ ਪ੍ਰਗਟ ਹੋਇਆ ਹੈ। ਉਸ ਨੇ ਪੂਰਬ ਵਾਲੇ ਪਾਸੇ ਮੂੰਹ ਕਰਕੇ ਸਿਜਦਾ ਕੀਤਾ। ਉਸਦੇ ਮੁਰੀਦਾਂ ਨੇ ਪੀਰ ਜੀ ਨੂੰ ਅਜਿਹਾ ਕਰਨ ਦਾ ਕਾਰਣ ਪੁੱਛਿਆ। ਇਹ ਅਸਚਰਜ ਕਿਓਂ, ਸਿਜਦਾ ਤਾਂ ਸਿਰਫ਼ ਕਾਬੇ ਵੱਲ ਮੂੰਹ ਕਰਕੇ ਹੀ ਕੀਤਾ ਜਾਂਦਾ ਹੈ। ਪੀਰ ਜੀ ਨੇ ਨੂਰ ਦੇ ਦਰਸ਼ਨ ਹੋਣ ਬਾਰੇ ਦੱਸਿਆ।

ਪੀਰ ਜੀ ਆਪਣੇ ਮੁਰੀਦਾ ਨੂੰ ਨਾਲ ਲੈ ਕੇ ਪੰਜਾਬ ਤੋਂ ਪਟਨਾ ਸਾਹਿਬ ਆ ਗਏ। ਉਥੇ ਮਾਤਾ ਜੀ ਨੂੰ ਨੂਰਾਨੀ ਚਿਹਰੇ ਦੇ ਦਰਸ਼ਨ ਕਰਾਉਣ ਲਈ ਬੇਨਤੀ ਕੀਤੀ। ਮਾਤਾ ਜੀ ਪਹਿਲਾਂ ਤਾਂ ਸੋਚਾਂ ਵਿੱਚ ਪੈ ਗਏ ਕਿ ਪੀਰ ਜੀ ਮੁਸਲਮਾਨ ਹਨ, ਸਾਹਿਬਜ਼ਾਦੇ ਦੇ ਦਰਸ਼ਨ ਕਿਵੇਂ ਕਰਵਾਏ ਜਾਣ, ਪਰ ਪੀਰ ਜੀ ਹਠ ਕਰ ਕੇ ਬੈਠ ਗਏ ਕਿ ਦਰਸ਼ਨ ਕਰਕੇ ਹੀ ਜਾਣਾ ਹੈ। ਸੋ ਮਾਮਾ ਕ੍ਰਿਪਾਲ ਜੀ ਸਾਹਿਬਜ਼ਾਦੇ ਨੂੰ ਬਾਹਰ ਲੈ ਆਏ।

ਪੀਰ ਜੀ ਨੇ ਜੋ ਦੋ ਕੁੱਜੇ ਦੁੱਧ ਦੇ ਉਹ ਆਪਣੇ ਨਾਲ ਲਿਆਏ ਸਨ, ਸਾਹਿਬਜ਼ਾਦੇ ਅੱਗੇ ਰੱਖ ਦਿੱਤੇ। ਬਾਲ-ਗੋਬਿੰਦ ਨੇ ਦੋਹਾਂ ਕੁੱਜਿਆਂ ਤੇ ਹੱਥ ਰੱਖ ਦਿੱਤਾ। ਪੀਰ ਜੀ ਨੇ ਸਿਜਦਾ ਕੀਤਾ ਤੇ ਆਪਣੇ ਮੁਰੀਦਾਂ ਨੂੰ ਦੱਸਿਆ ਕਿ ਮੈਂ ਇਹ ਹੀ ਜਾਣਨਾ ਚਾਹੁੰਦਾ ਸਾਂ – ਇਹ ਵਲੀ ਹਿੰਦੂਆਂ ਦਾ ਪੱਖ ਪੂਰੇਗਾ ਕਿ ਮੁਸਲਮਾਨਾਂ ਦਾ। ਮੇਰੇ ਮਨ ਦੀ ਤਸੱਲੀ ਹੋ ਗਈ ਹੈ, ਇਹ ਦੋਹਾਂ ਦੀ ਰੱਖਿਆ ਕਰੇਗਾ। ਇਸ ਤਰ੍ਹਾਂ ਪੀਰ ਜੀ ਖੁਸ਼ੀ ਖੁਸ਼ੀ ਵਾਪਿਸ ਆ ਗਏ।

ਗੋਬਿੰਦ ਰਾਇ ਜੀ ਥੋੜੇ ਵੱਡੇ ਹੋਏ ਤਾਂ ਪਟਨੇ ਦੀਆਂ ਗਲੀਆਂ ਵਿੱਚ ਖੇਡਣ ਲੱਗੇ। ਕਈ ਵਾਰ ਬੱਚਿਆਂ ਨੂੰ ਨਾਲ ਲੈ ਕੇ ਗੰਗਾ ਦੇ ਕੰਢੇ ਖੇਡਣ ਜਾਂਦੇ। ਉਥੇ ਇਕ ਵਿਦਵਾਨ ਪੰਡਤ ਸ਼ਿਵਦੱਤ ਸੀ ਜੋ ਸ਼੍ਰੀ ਕਿਸ਼ਨ ਜੀ ਦਾ ਪੁਜਾਰੀ ਸੀ। ਉਹ ਕ੍ਰਿਸ਼ਨ ਜੀ ਦੀ ਮੂਰਤੀ ਅੱਗੇ ਰੱਖ ਕੇ ਸਮਾਧੀ ਲਗਾ ਕੇ ਬੈਠਦਾ ਸੀ। ਇਕ ਦਿਨ ਪੰਡਤ ਜੀ ਮੂਰਤੀ ਅੱਗੇ ਕੁਝ ਪ੍ਰਸ਼ਾਦਿ ਰੱਖ ਕੇ ਸਮਾਧੀ ਲਗਾ ਕੇ ਬੈਠੇ ਸਨ। ਚੋਜੀ ਪ੍ਰੀਤਮ ਨੇ ਥਾਲ ਅੱਗੋਂ ਚੁੱਕ ਲਿਆ ਤੇ ਮਿਠਾਈ ਬਾਲਕਾਂ ਵਿੱਚ ਵੰਡ ਦਿੱਤੀ। ਜਦੋਂ ਪੰਡਤ ਜੀ ਨੇ ਦੇਖਿਆ ਤਾਂ ਸਾਹਿਬਜ਼ਾਦੇ ਪਿੱਛੇ ਦੌੜ ਪਏ।

ਸਾਹਿਬ ਮੁਸਕਰਾ ਕੇ ਬੋਲੇ, 'ਪੰਡਤ ਜੀ। ਰੋਜ਼ ਬੁਲਾਉਂਦੇ ਹੋ, ਭੋਗ ਲਗਾਓ– ਭੋਗ ਲਗਾਓ, ਅੱਜ ਰੋਕਦੇ ਪਏ ਹੋ।' ਜਦੋਂ ਪੰਡਤ ਨੇ ਸਿਰ ਉਚਾ ਕੀਤਾ ਤਾਂ ਕੀ ਦੇਖਿਆ ਕਿ ਜਿਸ ਇਸ਼ਟ ਦੀ ਪੂਜਾ ਅਤੇ ਦਰਸ਼ਨ ਦੀ ਲੋਚਾ ਸੀ, ਅੱਜ ਉਸੀ ਦੇ ਦੀਦਾਰ ਹੋ ਗਏ। ਬੱਸ ਪੰਡਤ ਚਰਨਾਂ ਤੇ ਡਿੱਗ ਪਿਆ। ਉਸ ਦਿਨ ਤੋਂ ਪੰਡਤ ਸਾਹਿਬਾਂ ਦਾ ਸ਼ਰਧਾਲੂ ਬਣ ਗਿਆ।

ਰਾਜਾ ਫਤਹਿ ਚੰਦ ਅਤੇ ਉਸਦੀ ਰਾਣੀ, ਪੰਡਤ ਸ਼ਿਵਦੱਤ ਨੂੰ ਬੜਾ ਮੰਨਦੇ ਸਨ। ਉਨ੍ਹਾਂ ਦੇ ਘਰ ਔਲਾਦ ਨਹੀਂ ਸੀ। ਉਨ੍ਹਾਂ ਇਕ ਦਿਨ ਪੰਡਤ ਜੀ ਨੂੰ ਪ੍ਰਭੂ ਅੱਗੇ ਪ੍ਰਾਰਥਨਾ ਕਰਨ ਲਈ ਬੇਨਤੀ ਕੀਤੀ। ਪੰਡਤ ਜੀ ਨੇ ਉਨ੍ਹਾਂ ਨੂੰ ਦੱਸਿਆ – ਰੱਬ ਦੇ ਨੂਰ ਸ੍ਰੀ ਗੋਬਿੰਦ ਰਾਇ ਜੀ ਨੇ ਮਨੁੱਖੀ ਜਾਮੇ ਵਿੱਚ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਗ੍ਰਹਿ ਵਿਖੇ ਅਵਤਾਰ ਧਾਰਿਆ ਹੈ। ਤੁਸੀਂ ਇਕ ਮਨ ਹੋ ਕੇ ਗੋਬਿੰਦ ਰਾਇ ਜੀ ਨੂੰ ਅਰਾਧੋ। ਉਹ ਤੁਹਾਡੀ ਮੁਰਾਦ ਪੂਰੀ ਕਰਨਗੇ।

ਇਕ ਦਿਨ ਰਾਜਾ ਤੇ ਰਾਣੀ ਸ੍ਰੀ ਗੋਬਿੰਦ ਰਾਇ ਜੀ ਦਾ ਧਿਆਨ ਲਗਾ ਕੇ ਬੈਠੇ ਹੋਏ ਸਨ । ਸ੍ਰੀ ਗੋਬਿੰਦ ਰਾਇ ਜੀ ਸਾਥੀਆਂ ਸਮੇਤ ਉਥੇ ਪੁੱਜ ਗਏ। ਨਿੱਕੀਆਂ-ਨਿੱਕੀਆਂ ਕੋਮਲ ਬਾਹਾਂ ਰਾਣੀ ਦੇ ਗਲ ਵਿਚ ਪਾ ਦਿੱਤੀਆਂ ਤੇ ਰਾਣੀ ਦੀ ਗੋਦ ਵਿੱਚ ਬੈਠ ਗਏ। ਮਾਂ-ਮਾਂ ਸ਼ਬਦ ਅਲਾਪਣ ਲੱਗੇ। ਜਦ ਰਾਣੀ ਨੇ ਅੱਖਾਂ ਖੋਲੀਆਂ ਤਾਂ ਕੀ ਡਿੱਠਾ – ਸੋਹਣਾ ਚਿਹਰਾ ਫ਼ੁੱਲਾਂ ਵਾਂਗ ਮੁਸਕਰਾ ਰਿਹਾ ਸੀ। ਰਾਣੀ ਮਿਠਾਈ ਦਾ ਥਾਲ ਭਰ ਕੇ ਲੈ ਆਈ। ਬਾਲ ਗੋਬਿੰਦ ਜੀ ਬੋਲੇ, 'ਮਾਂ ਜੀ, ਅੰਦਰ ਰਸੋਈ ਵਿੱਚ ਜੋ ਛੋਲੇ ਅਤੇ ਪੂੜੀਆਂ ਤਲੀਆਂ ਹੋਈਆਂ ਹਨ, ਅਸੀਂ ਉਹ ਖਾਵਾਂਗੇ।' ਬਾਦ ਵਿੱਚ ਆਪ ਰੋਜ਼ਾਨਾ ਬਾਲਕਾਂ ਨੂੰ ਨਾਲ ਲੈ ਕੇ ਮਹਿਲਾਂ ਵਿੱਚ ਜਾਂਦੇ। ਰਾਣੀ ਪਾਸੋਂ ਛੋਲੇ ਅਤੇ ਪੂੜੀਆਂ ਆਪ ਵੀ ਖਾਂਦੇ ਅਤੇ ਬਾਲਕਾਂ ਵਿੱਚ ਵੀ ਵੰਡਦੇ।

ਉਥੇ ਹੁਣ 'ਮੈਣੀ ਸੰਗਤ' ਦੇ ਨਾਂਅ ਤੋਂ ਗੁਰਦੁਆਰਾ ਮੌਜੂਦ ਹੈ। ਉਥੇ ਛੋਲੇ ਪੂੜੀਆਂ ਦਾ ਪ੍ਰਸ਼ਾਦਿ ਵਰਤਦਾ ਹੈ।

ਆਪ ਜੀ ਦੀ ਪੜ੍ਹਾਈ ਦਾ ਪ੍ਰਬੰਧ ਵੀ ਪਟਨਾ ਸਾਹਿਬ

ਹੀ ਕੀਤਾ ਗਿਆ। ਆਪ ਜੀ ਨੂੰ ਗੁਰਮੁਖੀ ਪੜ੍ਹਨ ਦੇ ਨਾਲ-ਨਾਲ ਸ਼ਸਤਰਾਂ ਦੀ ਸਿਖਲਾਈ, ਘੋੜ-ਸਵਾਰੀ ਵਿੱਚ ਵੀ ਨਿਪੁੰਨ ਕੀਤਾ ਗਿਆ। ਆਪ ਜੀ ਤੀਰ ਚਲਾਉਣ ਵਿੱਚ ਖਾਸ ਅੰਦਾਜ਼ ਰੱਖਦੇ ਸਨ। ਆਪ ਜੀ ਖੂਹ ਤੇ ਪਾਣੀ ਭਰਨ ਆਈਆਂ ਤੀਵੀਆਂ ਦੇ ਘੜੇ ਗੁਲੇਲਾਂ ਮਾਰ ਕੇ ਭੰਨ ਦੇਂਦੇ। ਉਹ ਮਾਤਾ ਗੁਜਰੀ ਜੀ ਪਾਸ ਸ਼ਿਕਾਇਤਾਂ ਕਰਨ ਆਈਆਂ।

ਮਾਤਾ ਜੀ ਨੇ ਉਹਨਾਂ ਨੂੰ ਲੋਹੇ ਦੀਆਂ ਗਾਗਰਾਂ ਬਣਵਾ ਦਿੱਤੀਆਂ। ਸਾਹਿਬਾਂ ਨੇ ਉਨ੍ਹਾਂ ਦੀਆਂ ਗਾਗਰਾਂ ਤੀਰ ਦੇ ਨਿਸ਼ਾਨੇ ਬਣਾ ਕੇ ਛੇਕ ਪਾ ਦਿੱਤੇ।

ਇਕ ਵੇਰਾਂ ਦਸ਼ਮੇਸ਼ ਜੀ ਲਈ ਕੋਈ ਸ਼ਰਧਾਲੂ ਸੋਨੇ ਦੇ ਕੜੇ ਭੇਂਟ ਕਰ ਗਿਆ। ਚੋਜੀ ਪ੍ਰੀਤਮ ਗੰਗਾ ਦੇ ਕਿਨਾਰੇ ਬਾਲਕਾਂ ਨਾਲ ਖੇਡ ਰਹੇ ਸਨ, ਇਕ ਕੜਾ ਗੰਗਾ ਵਿੱਚ ਵਗ੍ਹਾ ਮਾਰਿਆ। ਜਦ ਖੇਡ ਕੇ ਘਰ ਵਾਪਸ ਆਏ ਤਾਂ ਮਾਤਾ ਜੀ ਨੇ ਪੁੱਛਿਆ, 'ਲਾਲ ਜੀ, ਇਕ ਕੜਾ ਕਿੱਥੇ ਹੈ?' ਤਾਂ ਭੋਲੇ ਜਿਹੇ ਮੁਖੜੇ ਨਾਲ ਕਹਿਣ ਲੱਗੇ, 'ਚਲੋ ਦੱਸਾਂ।' ਤਾਂ ਮਾਤਾ ਜੀ ਮਾਮਾ ਕਿਰਪਾਲ ਜੀ ਨੂੰ ਨਾਲ ਲੈ ਕੇ ਗੰਗਾ ਦੇ ਕੰਢੇ ਓਸੇ ਥਾਂ ਤੇ ਪੁੱਜ ਗਏ ਅਤੇ ਦੂਸਰਾ ਕੜਾ ਵੀ ਬਾਂਹ ਤੋਂ ਉਤਾਰ ਕੇ ਸੁੱਟ ਦਿੱਤਾ ਤੇ ਮੁਸਕਰਾ ਕੇ ਬੋਲੇ, 'ਉਥੇ ਸੁੱਟਿਆ ਸੀ।' ਉਥੇ ਹੁਣ ਗੁਰਦੁਆਰਾ 'ਗੋਬਿੰਦ ਘਾਟ' ਮੌਜੂਦ ਹੈ।

ਪਟਨਾ ਸਾਹਿਬ ਵਿਖੇ ਆਪ ਖਾਲੀ ਸਮੇਂ ਆਪਣੇ ਹਾਣੀਆਂ ਨਾਲ ਦੋ ਟੋਲੀਆਂ ਬਣਾ ਕੇ ਝੂਠੀਆਂ ਲੜਾਈਆਂ ਕਰਵਾਂਦੇ। ਇਕ ਟੋਲੀ ਦੇ ਕਪਤਾਨ ਆਪ ਬਣਦੇ ਤੇ ਦੂਜੀ ਟੋਲੀ ਨੂੰ ਪਹਿਲ ਕਰਨ ਦਾ ਮੌਕਾ ਦੇਂਦੇ।

ਇਕ ਦਿਨ ਆਪਣੇ ਹਾਣੀਆਂ ਨਾਲ ਖੇਡ ਰਹੇ ਸਨ ਕਿ ਪਟਨਾ ਦੇ ਨਵਾਬ ਦੀ ਸਵਾਰੀ ਆ ਗਈ। ਚੋਬਦਾਰ ਨੇ ਕਿਹਾ, 'ਬੱਚਿਓ। ਇੱਧਰ ਦੇਖੋ, ਨਵਾਬ ਸਾਹਿਬ ਨੂੰ ਸਲਾਮ ਕਰੋ।' ਦਸ਼ਮੇਸ਼ ਜੀ ਬੜੀ ਦਲੇਰੀ ਨਾਲ ਬੋਲੇ,'ਅਸੀਂ ਸਲਾਮ ਨਹੀਂ ਕਰਾਂਗੇ।' ਜਦ ਨਵਾਬ ਦੀ ਸਵਾਰੀ ਨੇੜੇ ਪਹੁੰਚੀ ਤਾਂ ਸਭ ਬੱਚੇ ਉਈ-ਉਈ ਕਰਕੇ ਨੱਸ ਗਏ। ਇਸ ਘਟਨਾ ਤੋਂ ਪਤਾ ਚਲਦਾ ਹੈ ਕਿ ਆਪ ਬਚਪਨ ਤੋਂ ਹੀ ਕਿੰਨੇਂ ਨਿਡਰ ਤੇ ਦਲੇਰ ਸਨ। ਆਪ ਜੀ ਵਿੱਚ ਛੋਟੀ ਉਮਰ ਤੋਂ ਹੀ ਜਰਨੈਲਾਂ ਵਾਲੇ ਗੁਣ ਮੌਜੂਦ ਸਨ।

ਸ੍ਰੀ ਗੁਰੁ ਤੇਗ ਬਹਾਦੁਰ ਜੀ ਨੇ ਆਸਾਮ ਤੋਂ ਵਾਪਿਸ ਆਉਂਦਿਆਂ ਸਾਰ ਹੁਕਮਨਾਮਾ ਭੇਜਿਆ ਤੇ ਸਾਰੇ ਪਰਿਵਾਰ ਨੂੰ ਅਨੰਦਪੁਰ ਸਾਹਿਬ ਬੁਲਾ ਭੇਜਿਆ।

ਮਾਤਾ ਗੁਜਰੀ ਜੀ ਤਿਆਰ ਹੋ ਗਏ। ਜਦ ਪਟਨਾ ਸਾਹਿਬ ਦੀ ਸੰਗਤ ਨੂੰ ਪਤਾ ਲੱਗਾ ਤਾਂ ਸ਼ਰਧਾਲੂ ਰਾਜਾ ਫ਼ਤਿਹ ਚੰਦ, ਉਸਦੀ ਰਾਣੀ, ਪੰਡਤ ਸ਼ਿਵਦੱਤ ਤੇ ਹੋਰ ਕਈ ਸੇਵਕ ਦਰਸ਼ਨ ਕਰਨ ਆਏ ਤੇ ਕਈ ਭੇਟਾਂ ਲਿਆਏ। ਸੰਗਤਾਂ ਨੇ ਬੇਨਤੀ ਕੀਤੀ ਕਿ ਦਸ਼ਮੇਸ਼ ਜੀ ਦਾ ਪੰਘੂੜਾ, ਜੋ ਪੂਜਣ ਯੋਗ ਹੈ, ਇੱਥੇ ਹੀ ਰਹਿਣ ਦਿੱਤਾ ਜਾਵੇ। ਸੋ ਉਹ ਪੰਘੂੜਾ ਅੱਜ ਵੀ ਪਟਨੇ ਸਾਹਿਬ ਵਿਖੇ ਪਿਆ ਹੈ।

ਸਾਰੀ ਸੰਗਤ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਸਾਰੇ ਪਰਿਵਾਰ ਨੂੰ ਵਿਦਾ ਕੀਤਾ।

ਰਸਤਾ ਲੰਮਾਂ ਸੀ, ਰਾਹ ਵਿੱਚ ਕਾਫ਼ੀ ਸਮਾਂ ਲੱਗ ਗਿਆ। ਰਸਤੇ ਵਿਚ ਕਈ ਹਿੰਦੂ ਤੀਰਥ ਆਏ। ਜਦ ਆਪ ਜੀ ਅਨੰਦਪੁਰ ਸਾਹਿਬ ਪਹੁੰਚੇ ਤਾਂ ਸੰਗਤਾਂ ਨੇ ਬੜੇ ਉਤਸਾਹ ਨਲ ਸਵਾਗਤ ਕੀਤਾ ਤੇ ਸਤਿਕਾਰ ਕੀਤਾ।

ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਆਪ ਦੀ ਪੜ੍ਹਾਈ-ਲਿਖਾਈ ਵੱਲ ਉਚੇਚਾ ਧਿਆਨ ਦਿੱਤਾ। ਗੁਰਬਾਣੀ ਤਾਂ ਆਪ ਜੀ ਨੇ ਮਾਤਾ ਜੀ ਪਾਸੋਂ ਬਹੁਤ ਸਾਰੀ ਪੜ੍ਹ ਕੇ ਕੰਠ ਕਰ ਲਈ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰ ਤੇ ਹੋਰ ਇਤਿਹਾਸਕ ਜਾਣਕਾਰੀ ਵੀ ਪ੍ਰਾਪਤ ਕੀਤੀ। ਹਿੰਦੀ, ਸੰਸਕ੍ਰਿਤ, ਅਰਬੀ, ਫ਼ਾਰਸੀ ਤੇ ਬ੍ਰਿਜ ਭਾਸ਼ਾ ਦੀ ਪੜ੍ਹਾਈ ਲਈ ਉਚੇਚਾ ਪ੍ਰਬੰਧ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰ ਅਤੇ ਗੁਰੂ ਘਰ ਦੀ ਇਤਿਹਾਸਕ ਜਾਣਕਾਰੀ ਲਈ ਆਪ ਜੀ ਨੂੰ ਮੁਨਸ਼ੀ ਸਾਹਿਬ ਚੰਦ ਪਾਸ ਭੇਜਿਆ ਗਿਆ। ਸੰਸਕ੍ਰਿਤ ਅਤੇ ਫ਼ਾਰਸੀ ਦੀ ਪੜ੍ਹਾਈ ਮੁਨਸ਼ੀ ਪੀਰ ਮੁਹੰਮਦ ਸਲੋਹ ਪਾਸੋਂ ਕਰਵਾਈ ਗਈ।

ਆਪ ਜੀ ਨੂੰ ਸ਼ਸਤਰ ਵਿਦਿਆ ਵਿੱਚ ਵੀ ਨਿਪੁੰਨ ਕੀਤਾ ਗਿਆ। ਤਲਵਾਰ, ਤੀਰ, ਬੰਦੂਕ, ਨੇਜ਼ਾਬਾਜ਼ੀ ਅਤੇ ਕੁਸ਼ਤੀ ਦੀ ਸਿਖਲਾਈ ਦਿੱਤੀ ਗਈ।

ਉਸ ਸਮੇਂ ਦਿੱਲੀ ਦੇ ਤਖ਼ਤ ਉਤੇ ਬੈਠਾ ਹਿੰਦੁਸਤਾਨ ਦਾ ਸ਼ਹਿਨਸ਼ਾਹ ਔਰੰਗਜ਼ੇਬ ਇਕ ਤੰਗ-ਦਿਲ ਜ਼ਾਲਿਮ ਤੇ ਕੱਟੜ ਮੁਸਲਮਾਨ ਸੀ, ਜਿਸਨੇ ਆਪਣੇ ਪਿਓ ਸ਼ਾਹਜਹਾਨ ਨੂੰ ਕੈਦ ਕਰਕੇ ਅਤੇ ਆਪਣੇ ਭਰਾ ਦਾਰਾ ਸ਼ਿਕੋਹ ਨੂੰ ਮਰਵਾ ਕੇ ਸ਼ਾਹੀ ਤਖ਼ਤ ਤੇ ਜਬਰਨ ਕਬਜ਼ਾ ਕੀਤਾ ਹੋਇਆ ਸੀ। ਉਸਦੇ ਸਿਰ ਤੇ ਇਹ ਜਨੂਨ ਸਵਾਰ ਸੀ - ਹਿੰਦੂ ਧਰਮ ਦਾ ਖਾਤਮਾ ਕਰਕੇ ਸਾਰੇ ਦੇਸ਼ ਵਿੱਚ ਇਸਲਾਮੀ ਝੰਡਾ ਝੁਲਾਇਆ ਜਾਵੇ । ਹਿੰਦੂਆਂ ਤੇ ਕਰੜੇ ਟੈਕਸ ਵੀ ਲਗਾਏ ਜਾਂਦੇ। ਹਰ ਪਾਸੇ ਸ਼ਾਹੀ ਫ਼ੁਰਮਾਨ ਜਾਰੀ ਕੀਤੇ ਗਏ। ਜਿੱਥੇ ਕਿਤੇ ਵੀ ਹਿੰਦੂ ਨਜ਼ਰ ਆਵੇ,

ਜ਼ਬਰਦਸਤੀ ਉਸਦਾ ਜੰਞੂ ਉਤਾਰ ਲਿਆ ਜਾਵੇ। ਕਸ਼ਮੀਰ ਦੇ ਸੂਬੇਦਾਰ ਨੇ ਹਜ਼ਾਰਾਂ ਬੇਵੱਸ ਲੋਕਾਂ ਦੇ ਜੰਞੂ ਉਤਾਰੇ। ਜੋ ਵੀ ਇਨਕਾਰ ਕਰਦਾ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ।

ਹਿੰਦੂਆਂ ਦੇ ਆਗੂ ਬ੍ਰਾਹਮਣ ਸਨ, ਇਸ ਲਈ ਉਹ ਸਭ ਤੋਂ ਵੱਧ ਜ਼ੁਲਮ ਦੇ ਸ਼ਿਕਾਰ ਬਣੇ। ਨਿਤਾਣੇ ਪੰਡਤਾਂ ਨੇ ਹਾਕਮ ਸ਼ੇਰ ਅਫ਼ਗਾਨ ਪਾਸੋਂ ਛੇ ਮਹੀਨਿਆਂ ਦੀ ਮੋਹਲਤ ਮੰਗੀ। ਫ਼ਿਰ ਪੰਡਤਾਂ ਦੀ ਇਕ ਟੋਲੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਰਨ ਵਿੱਚ ਆਈ। ਗੁਰੂ ਜੀ ਦੇ ਦਰ ਤੇ ਫ਼ਰਿਆਦ ਆ ਕੀਤੀ ਅਤੇ ਸਾਰੀ ਵਿਥਿਆ ਕਹਿ ਸੁਣਾਈ।

ਪੰਡਤਾਂ ਪਾਸੋਂ ਇਹ ਗੱਲ ਸੁਣਕੇ ਕਿ ਹਿੰਦੂ ਧਰਮ ਖ਼ਤਰੇ ਵਿੱਚ ਹੈ, ਗੁਰੂ ਤੇਗ ਬਹਾਦੁਰ ਜੀ ਸੋਚਾਂ ਵਿੱਚ ਪੈ ਗਏ। ਇਤਨੇ ਨੂੰ ਬਾਲ ਗੋਬਿੰਦ ਰਾਇ ਜੀ ਬਾਹਰੋਂ ਖੇਡਦੇ ਹੋਏ ਆਏ। ਪੰਡਤਾਂ ਨੂੰ ਦੇਖ ਕੇ ਪਿਤਾ ਜੀ ਤੋਂ ਕਾਰਨ ਪੁੱਛਿਆ। ਗੁਰਦੇਵ ਜੀ ਨੇ ਦੱਸਿਆ, 'ਤਿਲਕ-ਜੰਞੂ ਦੀ ਰੱਖਿਆ ਲਈ ਕਿਸੇ ਮਹਾਂਪੁਰਸ਼ ਦਾ ਬਲੀਦਾਨ ਚਾਹੀਦਾ ਹੈ, ਤਾਂ ਹਿੰਦੂ ਧਰਮ ਬਚ ਸਕਦਾ ਹੈ।' ਉਸ ਸਮੇਂ ਨੌਂ ਸਾਲ ਦੇ ਬਾਲਕ ਗੋਬਿੰਦ ਰਾਇ ਜੀ ਨੇ ਸਮੇਂ ਤੇ ਹਲਾਤ ਵੇਖਦੇ ਹੋਏ ਕਿਹਾ, 'ਪਿਤਾ ਜੀ, ਆਪ ਤੋਂ ਵੱਡਾ ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ।' ਇਹ ਕਹਿ ਕੇ ਪਿਤਾ ਗੁਰਦੇਵ ਜੀ ਨੂੰ ਦਿੱਲੀ ਭੇਜਿਆ ਤਾਂ ਜੋ ਹਿੰਦੂ ਧਰਮ ਦੀ ਰੱਖਿਆ ਹੋ ਸਕੇ।

ਇਹ ਸੀ ਦਸ਼ਮੇਸ਼ ਜੀ ਦੀ ਪਹਿਲੀ ਕੁਰਬਾਨੀ।

ਸ੍ਰੀ ਗੁਰੂ ਤੇਗ ਬਹਾਦੁਰ ਜੀ ਦਿੱਲੀ ਜਾਣ ਤੋਂ ਪਹਿਲਾਂ ਇਹ ਹੁਕਮ ਕਰ ਗਏ ਸਨ, 'ਹੁਣ ਗੁਰਗੱਦੀ ਦੀ ਜ਼ਿੰਮੇਵਾਰੀ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦੀ ਹੈ।'

ਦਿੱਲੀ ਵਿੱਚ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਤੋਂ ਬਾਦ ਬਾਬਾ ਰਾਮ ਕੋਇਰ ਜੀ, ਜੋ ਬਾਬਾ ਬੁੱਢਾ ਜੀ ਦੀ ਅੰਸ਼ ਵਿੱਚੋਂ ਸਨ, ਉਨ੍ਹਾਂ ਨੇ ਦਸ਼ਮੇਸ਼ ਜੀ ਨੂੰ ਤਿਲਕ ਲਗਾਇਆ, ਸੀਸ ਤੇ ਕਲਗੀ ਸਜਾਈ ਅਤੇ ਸ੍ਰੀ ਸਾਹਿਬ ਦਾ ਗਾਤਰਾ ਪਾਇਆ। ਇਸ ਤਰ੍ਹਾਂ ਦਸ਼ਮੇਸ਼ ਜੀ ਨੂੰ ਗੁਰਗੱਦੀ ਤੇ ਸੁਭਾਇਮਾਨ ਕੀਤਾ ਗਿਆ।

ਉਸ ਸਮੇਂ ਦਸ਼ਮੇਸ਼ ਜੀ ਦੀ ਉਮਰ ਨੌਂ ਸਾਲ ਦੀ ਸੀ। ਜਦ ਗੁਰ ਗੱਦੀ ਤੇ ਸੁਭਾਇਮਾਨ ਹੋਏ ਤਾਂ ਸੰਗਤਾਂ ਵਿੱਚ ਭਾਰੀ ਉਤਸਾਹ ਸੀ। ਸਮੇਂ ਦੇ ਨਾਲ-ਨਾਲ ਗੁਰੂ ਜੀ ਦੀ ਕੀਰਤੀ ਦੂਰ ਦੂਰ ਤੱਕ ਫ਼ੈਲਣ ਲੱਗੀ। ਗੁਰੂ ਜੀ ਦੇ ਦਰਸ਼ਨਾਂ ਲਈ ਕਈ ਤੋਹਫ਼ੇ ਸੰਗਤਾਂ ਭੇਟਾ ਵੱਜੋਂ ਲਿਆਈਆਂ। ਕਾਬਲ-ਕੰਧਾਰ ਤੋਂ ਸੰਗਤਾਂ ਗਰਮ ਬਸਤਰ, ਗਲੀਚੇ ਆਦਿ ਲਿਆਈਆਂ। ਕਾਬਲ ਤੋਂ ਆਏ ਭਾਈ ਦੁਨੀ ਚੰਦ ਜੀ ਨੇ ਬੜੀ ਹੀ ਕੀਮਤੀ ਤੇ ਸੋਹਣੀ ਚਾਂਦਨੀ ਗੁਰੂ ਜੀ ਨੂੰ ਭੇਟ ਕੀਤੀ।

ਜਦ ਸ੍ਰੀ ਗੁਰੁ ਤੇਗ ਬਹਾਦੁਰ ਜੀ ਅਸਾਮ ਗਏ ਹੋਏ ਸਨ ਤਾਂ ਉਥੋਂ ਦਾ ਰਾਜਾ, ਰਾਮ ਰਾਇ ਜੋ ਗੁਰੂ-ਘਰ ਦਾ ਸ਼ਰਧਾਲੂ ਸੀ ਅਤੇ ਜਿਸਦੇ ਘਰ ਔਲਾਦ ਨਹੀਂ ਸੀ, ਨੇ ਗੁਰੂ ਜੀ ਅੱਗੇ ਬੇਨਤੀ ਕੀਤੀ - ਆਪ ਪੁੱਤਰ ਦੀ ਦਾਤ ਬਖ਼ਸ਼ਿਸ਼ ਕਰੋ।

ਸਤਿਗੁਰੂ ਜੀ ਦੀ ਕਿਰਪਾ ਨਾਲ ਉਸਦੇ ਘਰ ਪੁੱਤਰ ਜਨਮਿਆ। ਰਾਜੇ ਨੇ ਉਸਦਾ ਨਾਮ ਰਤਨ ਰਾਇ ਰੱਖਿਆ। ਥੋੜੇ ਸਮੇਂ ਬਾਦ ਰਾਜਾ ਚੜ੍ਹਾਈ ਕਰ ਗਿਆ।

ਜਦ ਰਾਜਕੁਮਾਰ ਬਾਰ੍ਹਾਂ ਕੁ ਵਰ੍ਹਿਆਂ ਦਾ ਹੋਇਆ ਤਾਂ ਆਪਣੀ ਮਾਤਾ ਸਮੇਤ ਦਸ਼ਮੇਸ਼ ਜੀ ਦੇ ਦਰਸ਼ਨ ਕਰਨ ਅਨੰਦਪੁਰ ਸਾਹਿਬ ਆਇਆ। ਗੁਰੂ ਜੀ ਨੂੰ ਭੇਂਟ ਕਰਨ ਲਈ ਇਕ ਪਰਸਾਦੀ ਹਾਥੀ (ਜਿਸ ਦੀ ਸੁੰਢ ਤੋਂ ਪੂਛ ਤੱਕ ਸਫ਼ੇਦ ਧਾਰੀ ਸੀ ਅਤੇ ਹਰ ਪ੍ਰਕਾਰ ਦੀ ਸੇਵਾ ਕਰਨੀ ਸਿੱਖਿਆ ਹੋਇਆ ਸੀ), ਪੰਜ ਕਲਾ ਸ਼ਸਤਰ (ਜਿਗ੍ਹਾ, ਕਲਗੀ, ਮੋਤੀਆਂ ਦੀ ਮਾਲਾ, ਚੰਦਨ ਦੀ ਚੌਕੀ, ਚਾਂਦੀ ਦਾ ਕਟੋਰਾ) ਵੱਡਮੁੱਲੀਆਂ ਵਸਤਾਂ ਲਿਆਇਆ ਸੀ। ਉਹ ਕੁਝ ਸਮਾਂ ਗੁਰੂ ਜੀ ਪਾਸ ਰਿਹਾ। ਗੁਰੂ ਜੀ ਨੇ ਰਾਮ ਰਾਇ ਨੂੰ ਨਾਮ-ਦਾਨ ਅਤੇ ਸਿੱਖੀ ਦਾਨ ਬਖ਼ਸ਼ਿਆ।

ਅਨੰਦਪੁਰ ਦੀ ਰਾਜਧਾਨੀ ਬਿਲਾਸਪੁਰ ਸੀ। ਇੱਥੋਂ ਦਾ ਰਾਜਾ ਭੀਮ ਚੰਦ ਗੁਰੂ ਜੀ ਦੇ ਦਰਸ਼ਨ ਕਰਨ ਅਨੰਦਪੁਰ ਆਇਆ। ਗੁਰੂ ਜੀ ਨੇ ਉਸ ਨੂੰ ਪਸ਼ਮੀਨੇ ਦੀ ਉਸੀ ਚਾਨਣੀ ਹੇਠ

ਬਿਠਾਇਆ ਅਤੇ ਅਸਾਮ ਦੇ ਰਾਜੇ ਦੀਆਂ ਦਿੱਤੀਆਂ ਸਾਰੀਆਂ ਸੁਗਾਤਾਂ ਵੀ ਉਸ ਨੂੰ ਦਿਖਾਈਆਂ।

ਜਦ ਭੀਮ ਚੰਦ ਨੇ ਗੁਰੂ ਜੀ ਦੀ ਸ਼ਾਨੋ-ਸ਼ੌਕਤ ਦੇਖੀ ਤਾਂ ਉਸ ਦਾ ਮਨ ਈਰਖਾ ਨਾਲ ਭਰ ਗਿਆ। ਮੌਕਾ ਦੇਖ ਕੇ ਉਸ ਨੇ ਆਪਣੇ ਪੁੱਤਰ ਦੀ ਸ਼ਾਦੀ ਦੇ ਮੌਕੇ ਅਤੇ ਗੁਰੂ ਜੀ ਪਾਸੋਂ ਕਈ ਚੀਜ਼ਾਂ ਮੰਗ ਭੇਜੀਆਂ ਪਰ ਗੁਰੂ ਜੀ ਨੇ ਸੰਗਤ ਦੀ ਅਮਾਨਤ ਆਖ ਕੇ ਸਭ ਕੁਝ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਸੁਣ ਕੇ ਰਾਜਾ ਭੀਮ ਚੰਦ ਗੁੱਸੇ ਨਾਲ ਭਰ ਗਿਆ ਅਤੇ ਲੜਾਈ ਕਰਨ ਲਈ ਉਤਾਰੂ ਹੋ ਗਿਆ। ਉਸਨੇ ਹੋਰ ਵੀ ਪਹਾੜੀ ਰਾਜਿਆਂ ਨੂੰ ਆਪਣੇ ਨਾਲ ਸ਼ਾਮਲ ਕਰ ਲਿਆ। ਫ਼ਤਿਹ ਸ਼ਾਹ ਜੋ ਉਸਦਾ ਕੁੜਮ ਸੀ, ਉਸ ਨੂੰ ਅੱਗੇ ਲਾ ਲਿਆ।

ਜਦ ਦਸ਼ਮੇਸ਼ ਜੀ ਨੂੰ ਖ਼ਬਰ ਪੁੱਜੀ ਤਾਂ ਉਨ੍ਹਾਂ ਨੇ ਸਿੱਖਾਂ ਤੇ ਪਠਾਣਾਂ ਨੂੰ ਲੜਾਈ ਲਈ ਤਿਆਰ ਰਹਿਣ ਦੇ ਸੰਦੇਸ਼ੇ ਭੇਜ ਦਿੱਤੇ।

ਜਦ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੂੰ ਪਤਾ ਲੱਗਾ ਕਿ ਭੀਮ ਚੰਦ ਗੁਰੂ ਜੀ ਨਾਲ ਵੈਰ ਕਮਾ ਰਿਹਾ ਹੈ ਤਾਂ ਉਸਨੇ ਗੁਰੂ ਜੀ ਨੂੰ ਨਾਹਨ ਆਉਣ ਦਾ ਸੱਦਾ ਭੇਜ ਦਿੱਤਾ। ਗੁਰੂ ਜੀ ਪਰਿਵਾਰ ਸਮੇਤ ਨਾਹਨ ਪੁੱਜ ਗਏ।

ਗੁਰੂ ਜੀ ਨੇ ਨਾਹਨ (ਜੋ ਬੜੀ ਹੀ ਰਮਣੀਕ ਥਾਂ ਸੀ) ਜਾ ਕੇ ਇਕ ਕਿਲਾ ਬਣਵਾਇਆ, ਜਿਸ ਦਾ ਨਾਮ ਪਾਉਂਟਾ ਰੱਖਿਆ। ਇੱਥੇ ਬੈਠ ਕੇ ਗੁਰੂ ਜੀ ਨੇ ਸਾਰਾ ਸਾਹਿਤ ਰਚਿਆ।

ਆਪ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ, ਜੋ ਨਿੱਤ ਨਵੀਆਂ ਕਵਿਤਾਵਾਂ ਸੁਣਾਉਂਦੇ ਸਨ। ਆਪ ਜੀ ਨੇ ਕੁਝ ਸਿੱਖਾਂ ਨੂੰ ਬਨਾਰਸ ਭੇਜਿਆ, ਉਥੇ ਉਹ ਉਥੋਂ ਦੇ ਪੰਡਤਾਂ ਪਾਸੋਂ ਸੰਸਕ੍ਰਿਤ ਵਿਦਿਆ ਸਿਖ ਕੇ ਆਏ। ਆਪ ਜੀ ਨੇ ਪੁਰਾਤਨ ਕਥਾਵਾਂ, ਦੇਵੀ ਤੇ ਦੈਂਤਾਂ ਦੇ ਯੁੱਧ ਜਿਨ੍ਹਾਂ ਵਿੱਚ ਜ਼ੁਲਮਾਂ ਵਿਰੁੱਧ ਆਵਾਜ਼ ਉਠਾਈ ਗਈ ਸੀ, ਉਨ੍ਹਾਂ ਨੂੰ ਨਵੇਂ ਸਿਰਿਓਂ ਉਜਾਗਰ ਕੀਤਾ। ਲੋਕਾਂ ਦੇ ਦਿਲਾਂ ਵਿੱਚ ਬੀਰ-ਰਸ ਭਰਿਆ।

ਗੁਰੂ ਜੀ ਦੇ ਸ਼ਾਹੀ ਠਾਠ-ਬਾਠ ਦੇਖ ਕੇ ਪਹਾੜੀ ਰਾਜੇ ਬਹੁਤ ਹੀ ਈਰਖਾ ਕਰਨ ਲੱਗ ਪਏ। 22 ਰਿਆਸਤਾਂ ਦੇ ਰਾਜੇ ਗੁਰੂ ਜੀ ਤੇ ਫ਼ੌਜਾਂ ਚਾੜ੍ਹ ਕੇ ਲੈ ਆਏ। ਪਾਉਂਟਾ ਤੋਂ 7 ਕੁ ਮੀਲ ਪੂਰਬ ਵੱਲ ਭੰਗਾਣੀ ਵਿਖੇ ਯਮਨਾ ਕੰਢੇ ਬੜਾ ਘਮਸਾਨ ਯੁੱਧ ਹੋਇਆ। ਇਸ ਯੁੱਧ ਵਿੱਚ ਆਪ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਸਪੁੱਤਰ ਸ੍ਰੀ ਸਾਂਗੋ ਸ਼ਾਹ ਤੇ ਸ੍ਰੀ ਜੀਤ ਮੱਲ ਜੀ ਸ਼ਹੀਦ ਹੋ ਗਏ। ਸੱਯਦ ਬੁੱਧੂ ਸ਼ਾਹ ਦੇ ਦੋ ਸਪੁੱਤਰ ਅਤੇ ਕਈ ਮੁਰੀਦ ਸ਼ਹੀਦ ਹੋ ਗਏ, ਪਰ ਜਿੱਤ ਦਸ਼ਮੇਸ਼ ਜੀ ਦੀ ਹੋਈ। ਗੁਰੂ ਜੀ ਨੇ, ਜੋ ਰਾਜੇ ਹਾਰ ਗਏ ਸਨ, ਉਨ੍ਹਾਂ ਦੇ ਇਲਾਕੇ ਵਿੱਚ ਕਿਸੇ ਕਿਸਮ ਦੀ ਦਖ਼ਲ-ਅੰਦਾਜ਼ੀ ਨਹੀਂ ਕੀਤੀ। ਆਪ ਜੀ ਨੇ ਇਹ ਧਰਮ-ਯੁੱਧ ਕੀਤਾ।

ਭੰਗਾਣੀ ਦਾ ਯੁੱਧ ਜਿੱਤ ਕੇ ਗੁਰੂ ਜੀ ਅਨੰਦਪੁਰ ਆ ਗਏ। ਆਪ ਜੀ ਨੇ ਅਨੰਦਪੁਰ ਵਿਖੇ 6 ਕਿਲੇ ਉਸਾਰੇ। ਸ੍ਰੀ ਕੇਸਗੜ੍ਹ, ਆਨੰਦਗੜ੍ਹ, ਲੋਹਗੜ੍ਹ, ਹੋਲਗੜ੍ਹ, ਨਿਰਮੋਹਗੜ੍ਹ ਅਤੇ ਫ਼ਤਹਿਗੜ੍ਹ।

ਸ੍ਰੀ ਕੇਸਗੜ੍ਹ ਵਿਖੇ ਹਜ਼ੂਰ ਸਵੇਰੇ-ਸ਼ਾਮ ਦੀਵਾਨ ਲਗਾਉਂਦੇ। ਕਥਾ-ਕੀਰਤਨ ਸੁਣਦੇ। ਸ਼ਬਦ-ਬਾਣੀ ਦੀ ਵਿਆਖਿਆ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ।

ਇਕ ਦਿਨ ਬਨਾਰਸ ਦਾ ਇਕ ਵਿਦਵਾਨ ਪੰਡਤ ਕੇਸ਼ੋਦਾਸ ਆਨੰਦਪੁਰ ਸਾਹਿਬ ਆਇਆ। ਪਾਸ ਹੀ ਨੈਣਾਂ ਦੇਵੀ ਦੀ ਪਹਾੜੀ ਉਤੇ (ਹਵਨ) ਯੱਗ ਕਰਨ ਲਈ ਦਸ਼ਮੇਸ਼ ਜੀ ਤੋਂ ਸਾਮਗ੍ਰੀ ਮੰਗੀ ਤੇ ਕਿਹਾ,'ਚੰਡੀ ਦੇਵੀ ਪ੍ਰਗਟ ਹੋਵੇਗੀ।'

ਗੁਰੂ ਜੀ ਨੇ ਪੰਡਤ ਨੂੰ ਸਾਮਗ੍ਰੀ ਮੰਗਵਾ ਦਿੱਤੀ। ਪੰਡਤ ਫ਼ਿਰ ਕਹਿਣ ਲੱਗਾ, 'ਹਵਨ ਲਈ ਦੇਵੀ ਤਦੇ ਹੀ ਖੁਸ਼ ਹੋ ਸਕੇਗੀ, ਜੇ ਕੋਈ ਮਹਾਨ ਵਿਅਕਤੀ ਬਲੀ ਦੇਵੇ।' ਗੁਰੂ ਸਾਹਿਬ ਹੱਸ ਕੇ ਬੋਲੇ, 'ਪੰਡਤ ਜੀ, ਆਪ ਤੋਂ ਜ਼ਿਆਦਾ ਮਹਾਨ ਹੋਰ ਕੌਣ ਹੋ ਸਕਦਾ ਹੈ, ਆਪ ਆਪਣੇ ਸੀਸ ਦੀ ਬਲੀ ਦੇ ਦਿਓ।'

ਇਹ ਸੁਣ ਕੇ ਪੰਡਤ ਘਬਰਾ ਗਿਆ ਅਤੇ ਹਵਨ ਵਿੱਚੇ ਛੱਡ ਕੇ ਰਾਤੋ-ਰਾਤ ਨੱਸ ਗਿਆ। ਗੁਰੂ ਜੀ ਨੇ ਸਾਰੀ ਸਾਮਗ੍ਰੀ ਇੱਕੋਵਾਰ ਹਵਨ-ਕੁੰਡ ਵਿੱਚ ਸੁੱਟ ਦਿੱਤੀ। ਬਹੁਤ ਉਚੀਆਂ ਲਾਟਾਂ ਨਿਕਲੀਆਂ। ਆਪਣੀ ਤਲਵਾਰ ਮਿਆਨ ਵਿੱਚੋਂ ਕੱਢ ਕੇ ਲਲਕਾਰ ਕੇ ਬੋਲੇ, 'ਇਹੀ ਚੰਡੀ ਹੈ, ਇਹੀ ਭਗਵਤੀ ਹੈ, ਇਹੀ ਤੁਹਾਡੀ ਸਹਾਇਤਾ ਕਰੇਗੀ। ਆਓ, ਇਸ ਦਾ ਸਤਿਕਾਰ ਕਰੋ, ਜੋ ਜ਼ੁਲਮ ਵਿਰੁੱਧ ਮੈਦਾਨੇ-ਜੰਗ ਵਿੱਚ ਵੈਰੀਆਂ ਦੇ ਆਹੂ ਲਾਹੁੰਦੀ ਹੈ ਤੇ ਗਰੀਬਾਂ, ਮਜ਼ਲੂਮਾਂ ਦੀ ਰੱਖਿਆ ਕਰਦੀ ਆਈ ਹੈ।'

ਹੁਣ ਦਸ਼ਮੇਸ਼ ਪਿਤਾ ਨੇ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਨਿਰਣਾ ਕਰ ਲਿਆ।

ਸੰਨ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਬੜਾ ਭਾਰੀ ਜੋੜ-ਮੇਲਾ ਕੀਤਾ। ਸ੍ਰੀ ਕੇਸਗੜ੍ਹ ਸਾਹਿਬ ਵਿਖੇ ਇਕ ਵੱਡੀ ਕਨਾਤ ਲਗਵਾ ਦਿੱਤੀ। ਗੁਰੂ ਜੀ ਨੇ ਇਕ ਅਦਭੁਤ ਕੌਤਕ ਰਚਿਆ। ਦੀਵਾਨ ਦੀ ਸਮਾਪਤੀ ਉਪਰੰਤ ਆਪ ਮਿਆਨ ਵਿੱਚੋਂ ਤਲਵਾਰ ਕੱਢ ਕੇ ਸੰਗਤਾਂ ਸਾਹਮਣੇ ਮੰਚ ਤੇ ਖੜੇ ਹੋ ਗਏ ਤੇ

ਲਲਕਾਰ ਕੇ ਬੋਲੇ, 'ਸਾਨੂੰ ਇਕ ਸੀਸ ਚਾਹੀਦਾ ਹੈ।'

ਦਸ਼ਮੇਸ਼ ਜੀ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣ ਕੇ ਸਭ ਨੇ ਨੀਵੀਆਂ ਪਾ ਲਈਆਂ। ਗੁਰੂ ਜੀ ਨੇ ਦੂਜੀ ਵਾਰ ਇਹੀ ਵਾਕ ਦੁਹਰਾਇਆ। ਲਾਹੌਰ ਨਿਵਾਸੀ ਭਾਈ ਦਯਾ ਰਾਮ ਜੀ ਖੱਤਰੀ ਉਠੇ, ਹੱਥ ਜੋੜ ਕੇ ਸੀਸ ਹਾਜ਼ਰ ਕੀਤਾ। ਗੁਰੂ ਜੀ ਉਸ ਨੂੰ ਬਾਂਹੋਂ ਫ਼ੜ ਕੇ ਕਨਾਤ ਅੰਦਰ ਲੈ ਗਏ। ਥੋੜੀ ਦੇਰ ਬਾਦ ਲਹੂ ਨਾਲ ਲਿੱਬੜੀ ਤਲਵਾਰ ਲੈ ਕੇ ਫ਼ਿਰ ਸੰਗਤਾਂ ਸਾਹਮਣੇ ਆ ਖਲੋਤੇ,'ਇਕ ਸੀਸ ਹੋਰ ਚਾਹੀਦਾ ਹੈ।' ਤਾਂ ਧਰਮ ਚੰਦ ਜੀ ਝੱਟ ਉਠ ਖਲੋਤੇ। ਗੁਰੂ ਜੀ ਉਸ ਨੂੰ ਵੀ ਕਨਾਤ ਅੰਦਰ ਲੈ ਗਏ। ਤੀਜੀ ਵਾਰ ਫਿਰ ਉਹੀ ਮੰਗ। ਹੁਣ ਭਾਈ ਹਿੰਮਤ ਰਾਇ ਜੀ ਅੱਗੇ ਹੋਏ। ਚੌਥੀ ਵਾਰ ਭਾਈ ਮੋਹਕਮ ਚੰਦ ਜੀ ਦੁਆਰਕਾ ਦੇ ਰਹਿਣ ਵਾਲੇ ਨੇ ਅਪਣਾ ਸੀਸ ਗੁਰੂ ਜੀ ਅੱਗੇ ਅਰਪਣ ਕਰ ਦਿੱਤਾ। ਪੰਜਵੀਂ ਵਾਰ ਸਾਹਿਬ ਚੰਦ ਜੀ, ਜੋ ਕਿ ਨਾਈ ਸਨ-ਬਿਦਰ ਨਿਵਾਸੀ ਸਨ, ਨੇ ਆਪਣਾ ਸੀਸ ਭੇਂਟ ਕੀਤਾ।

ਹੁਣ ਗੁਰੂ ਜੀ ਆਪ ਕਨਾਤ ਅੰਦਰ ਚਲੇ ਗਏ- ਕੁਝ ਦੇਰ ਬਾਦ ਪੰਜਾਂ ਨੂੰ ਇਸ਼ਨਾਨ ਕਰਾ ਕੇ, ਨਵੇਂ ਕੇਸਰੀ ਬਸਤਰ ਪੁਆ ਕੇ ਸੰਗਤਾਂ ਸਾਹਮਣੇ ਲਿਆ ਖੜਾ ਕੀਤਾ। ਬੀਰ-ਰਸੀ ਆਵਾਜ਼ ਵਿਚ ਲਲਕਾਰ ਕੇ ਐਲਾਨ ਕੀਤਾ- ਇਹ ਪੰਜ ਪਿਆਰੇ ਹੋਣਗੇ। ਦਸ਼ਮੇਸ਼ ਜੀ ਨੇ ਲੋਹੇ ਦੇ ਬਾਟੇ ਵਿੱਚ ਜਲ ਪਾ ਕੇ ਪੰਜਾਂ ਬਾਣੀਆਂ ਦਾ ਪਾਠ ਕੀਤਾ ਤੇ ਖੰਡੇ ਨਾਲ ਜਲ ਹਿਲਾਂਦੇ ਰਹੇ। ਮਾਤਾ ਜੀਤੋ ਜੀ ਨੇ ਪਤਾਸੇ ਪਾ ਦਿੱਤੇ। ਇੰਜ ਅੰਮ੍ਰਿਤ ਤਿਆਰ ਹੋਇਆ। ਉਨ੍ਹਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਗਿਆ। ਸਿੱਖ ਤੋਂ ਸਿੰਘ ਬਣਾ ਦਿੱਤਾ। ਫਿਰ ਅੰਮ੍ਰਿਤ ਦੇ ਦਾਤੇ ਦਸ਼ਮੇਸ਼ ਜੀ ਨੇ ਪੰਜਾਂ ਪਾਸੋਂ ਅੰਮ੍ਰਿਤ ਦੀ ਜਾਚਨਾ ਕੀਤੀ, ਆਪ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ ਅਤੇ ਬਚਨ ਕੀਤਾ:

ਖਾਲਸਾ ਮਹਿ ਹੌ ਕਰੌ ਨਿਵਾਸ॥

ਇਸ ਤਰ੍ਹਾਂ ਖਾਲਸਾ ਪੰਥ ਸਾਜ ਕੇ, ਰਹਿਤ ਮਰਿਯਾਦਾ ਦੱਸੀ- ਪੰਜ ਕਕਾਰ ਰਖਣੇ; ਕੱਛਾ, ਕੜਾ, ਕ੍ਰਿਪਾਨ, ਕੇਸ, ਕੰਘਾ। ਪੰਜਾਂ ਬਾਣੀਆਂ ਦਾ ਪਾਠ ਕਰਨਾ, ਕਿਸੇ ਦੇਵੀ-ਦੇਵਤਾ ਜਾਂ ਮੂਰਤੀ ਦੀ ਪੂਜਾ ਨਹੀਂ ਕਰਨੀ। ਕਰਮ-ਕਾਂਡ ਦਾ ਖੰਡਨ ਕਰਨਾ ਅਤੇ ਇਕ ਅਕਾਲ-ਪੁਰਖ ਤੇ ਭਰੋਸਾ ਰਖਣਾ।

ਜਾਗਤ ਜੋਤਿ ਜਪੈ ਨਿਸ ਬਾਸੁਰ
ਏਕੁ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ
ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨ ਖਾਲਸ ਜਾਨੈ॥

ਖੰਡੇ ਦਾ ਅੰਮ੍ਰਿਤ ਛਕਣ ਨਾਲ ਇਕ ਇਨਕਲਾਬ ਜਿਹਾ ਆ ਗਿਆ। ਉਚੀਆਂ ਜ਼ਾਤਾਂ ਵਾਲੇ ਖੱਤਰੀ ਅਤੇ ਬ੍ਰਾਹਮਣ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਜ਼ਾਤ-ਪਾਤ , ਊਚ-ਨੀਚ ਦੇ ਭਿੰਨ-ਭੇਦ ਮਿਟਾ ਦਿੱਤੇ ਜਾਣ। ਉਨ੍ਹਾਂ ਨੂੰ ਹਰ ਵੇਲੇ ਚਿੰਤਾ ਬਣੀ ਰਹਿੰਦੀ। 22 ਰਿਆਸਤਾਂ ਦੇ ਮਾਲਕ ਜਿਨ੍ਹਾਂ ਨੂੰ 22 ਧਾਰ ਦੇ ਰਾਜੇ ਕਿਹਾ ਜਾਂਦਾ ਹੈ- ਉਹ ਗੁਰੂ ਜੀ ਨਾਲ ਅੰਦਰੋ-ਅੰਦਰੀ ਈਰਖਾ ਕਰਦੇ ਰਹੇ।

ਦਸ਼ਮੇਸ਼ ਜੀ ਵਿਸਾਖੀ ਦੇ ਮੌਕੇ ਤੇ ਸੰਮਤ 1757 ਵਿੱਚ ਰਵਾਲਸਰ ਗਏ। ਉਥੇ ਪਹਾੜੀ ਰਾਜੇ ਵੀ ਆਏ ਹੋਏ ਸਨ। ਗੁਰੂ ਜੀ ਨੇ ਪਹਾੜੀ ਰਾਜਿਆਂ ਨਾਲ ਦੇਸ਼, ਕੌਮ ਦੇ ਸੁਧਾਰ ਲਈ ਗੱਲ-ਬਾਤ ਅਰੰਭੀ, ਆਪਣੇ ਆਸ਼ੇ ਉਨ੍ਹਾਂ ਨੂੰ ਸਮਝਾਏ, ਪਰ ਉਨ੍ਹਾਂ ਦੇ ਮਨ ਤਾਂ ਈਰਖਾ ਨਾਲ ਭਰੇ ਪਏ ਸਨ।

ਇਕ ਦਿਨ ਗੁਰੂ ਸਾਹਿਬ ਥੋੜੇ ਜਿਹੇ ਸਿੱਖਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡ ਰਹੇ ਸਨ, ਜਦੋਂ ਕੁਝ ਪਹਾੜੀ ਰਾਜਿਆਂ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਦਸ਼ਮੇਸ਼ ਜੀ ਦੇ ਸੂਰਬੀਰਾਂ ਨੇ ਚੰਗੇ ਹੱਥ ਵਿਖਾਏ। ਰਾਜੇ ਮੂੰਹ ਦੀ ਖਾਂਦੇ ਹੋਏ ਨੱਸ ਗਏ।

ਹੁਣ ਪਹਾੜੀ ਰਾਜੇ ਮੁਗਲ ਹਕੂਮਤ ਦਾ ਸਹਾਰਾ ਲੈ ਕੇ ਗੁਰੂ ਜੀ ਨਾਲ ਲੜਾਈ ਕਰਨਾ ਚਾਹੁੰਦੇ ਸਨ। ਮੁਗਲ ਹਕੂਮਤ ਤਾਂ ਅੱਗੇ ਹੀ ਤਿਆਰ ਸੀ, ਕਿਵੇਂ ਗੁਰੂ ਜੀ ਦਾ ਅਤੇ ਸਿੱਖ ਕੌਮ ਦਾ ਨਾਮੋ-ਨਿਸ਼ਾਨ ਮਿਟਾਇਆ ਜਾਵੇ। ਰਾਜਿਆਂ ਨੇ ਸਰਹਿੰਦ

ਦੇ ਨਵਾਬ ਵਜ਼ੀਰ ਖਾਨ ਨੂੰ ਚਿੱਠੀ ਲਿਖੀ, 'ਸ਼ਾਹੀ ਫੌਜ ਨਾਲ ਹੀ ਗੁਰੂ ਜੀ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ।' ਸਰਹਿੰਦ ਦੇ ਨਵਾਬ ਵਜ਼ੀਰ ਖਾਂ ਨੇ ਬਹੁਤ ਸਾਰੀ ਫੌਜ ਭੇਜ ਦਿੱਤੀ। ਪਹਾੜੀ ਰਾਜਿਆਂ ਨੇ ਆਪਣੀ ਫੌਜ ਵੀ ਸ਼ਾਮਲ ਕਰ ਲਈ। ਦੋਹਾਂ ਫੌਜਾਂ ਨੇ ਮਿਲ ਕੇ ਸ੍ਰੀ ਅਨੰਦਪੁਰ ਸਾਹਿਬ ਤੇ ਹਮਲਾ ਕਰ ਦਿੱਤਾ।

ਇਧਰ ਸਿੱਖ ਆਟੇ ਵਿੱਚ ਲੂਣ ਬਰਾਬਰ ਸਨ। ਬੜਾ ਭਾਰੀ ਯੁੱਧ ਹੋਇਆ। ਇਸ ਵਾਰੀ ਵੀ ਜਿੱਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਬਤ ਹੋਈ। ਹੁਣ ਪਹਾੜੀ ਰਾਜਿਆਂ ਨੇ ਆਨੰਦਪੁਰ ਸਾਹਿਬ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਅੰਦਰ ਰਸਦ-ਪਾਣੀ ਜਾਣੋ ਬੰਦ ਹੋ ਗਿਆ। ਗੁਰੂ ਜੀ ਦੇ ਸਿਦਕੀ ਸਿੱਖਾਂ ਨੇ ਪੱਤੇ ਖਾ-ਖਾ ਕੇ ਗੁਜ਼ਾਰਾ ਕੀਤਾ।

ਹੁਣ ਪਹਾੜੀ ਰਾਜਿਆਂ ਨੂੰ ਇਹ ਵਿਸ਼ਵਾਸ ਹੋ ਚੁਕਿਆ ਸੀ ਕਿ ਉਹ ਗੁਰੂ ਜੀ ਨੂੰ ਕਿਸੇ ਤਰ੍ਹਾਂ ਵੀ ਹਰਾ ਨਹੀਂ ਸਕਦੇ। ਉਨ੍ਹਾਂ ਦਿੱਲੀ ਦੇ ਹੁਕਮਰਾਨ ਔਰੰਗਜ਼ੇਬ ਨੂੰ ਗੁਰੂ ਜੀ ਦੇ ਵਿਰੁਧ ਭੜਕਾਣਾ ਸ਼ੁਰੂ ਕਰ ਦਿੱਤਾ ਅਤੇ ਸ਼ਾਹੀ ਫੌਜ ਦੀ ਸਹਾਇਤਾ ਮੰਗੀ। ਔਰੰਗਜ਼ੇਬ ਉਸ ਸਮੇਂ ਦੱਖਣ ਵਿੱਚ ਸੀ। ਉਸਨੇ ਸੂਬਾ ਸਰਹਿੰਦ ਤੇ ਸੂਬਾ ਲਾਹੌਰ ਨੂੰ ਸੁਨੇਹਾ ਭੇਜਿਆ- ਜਲਦੀ ਤੋਂ ਜਲਦੀ ਗੁਰੂ ਜੀ ਤੇ ਹਮਲਾ ਕੀਤਾ ਜਾਵੇ।

ਬਾਦਸ਼ਾਹ ਦਾ ਹੁਕਮ ਮੰਨ ਕੇ ਲਾਹੌਰ ਅਤੇ ਸਰਹਿੰਦ ਤੋਂ ਸ਼ਾਹੀ ਫੌਜ ਅਤੇ ਬਾਈ ਧਾਰ ਦੇ ਰਾਜੇ, ਸਭ ਨੇ ਇਕੱਠੇ ਹੋ ਕੇ ਆਨੰਦਪੁਰ ਤੇ ਚੜ੍ਹਾਈ ਕਰ ਦਿੱਤੀ। ਸਿੱਖਾਂ ਦੀ ਗਿਣਤੀ ਮਾਮੂਲੀ ਅਤੇ ਦੂਜੇ ਪਾਸੇ ਲੱਖਾਂ ਦੀ ਫੌਜ ਸੀ। ਬੜਾ ਭਿਆਨਕ ਯੁੱਧ ਹੋਇਆਂ। ਖਾਲਸਾ ਫੌਜ ਨੇ ਬੜੀ ਬੀਰਤਾ ਨਾਲ ਸ਼ਾਹੀ ਫੌਜਾਂ ਦਾ ਮੁਕਾਬਲਾ ਕੀਤਾ।

ਰਾਜਿਆਂ ਨੇ ਗੁਰੂ ਜੀ ਨੂੰ ਕਿਲੇ ਤੋਂ ਬਾਹਰ ਕੱਢਣ ਦੀ ਵਿਉਂਤ ਸੋਚੀ ਅਤੇ ਗੁਰੂ ਜੀ ਵਲ ਚਿੱਠੀ ਭੇਜੀ,'ਅਸੀਂ ਗਊ ਮਾਤਾ ਦੀ ਸਹੁੰ ਚੁੱਕਦੇ ਹਾਂ, ਤੁਸੀਂ ਆਨੰਦਪੁਰ ਦਾ ਕਿਲਾ ਖਾਲੀ ਕਰ ਦਿਓ, ਜਿੱਥੇ ਜਾਣਾ ਚਾਹੋ ਜਾ ਸਕਦੇ ਹੋ।' ਗੁਰੂ ਜੀ ਉਨ੍ਹਾਂ ਦੀਆਂ ਚਾਲਾਂ ਨੂੰ ਸਮਝਦੇ ਸਨ, ਫਿਰ ਵੀ ਆਪਣੇ ਸਿੱਖਾਂ ਨਾਲ ਮਸ਼ਵਰਾ ਕੀਤਾ।

ਸਿੱਖ ਭੁੱਖ ਦੇ ਹਥੋਂ ਆਤੁਰ ਹੋ ਚੁਕੇ ਸਨ। 'ਸਿੱਖਾਂ ਦੀ ਵੀ ਹੁਣ ਇਹੀ ਰਾਇ ਸੀ ਕਿ ਕਿਲਾ ਖਾਲੀ ਕਰ ਦਿੱਤਾ ਜਾਵੇ। ਗੁਰੂ ਜੀ ਨੇ ਭਾਈ ਗੁਰਬਖਸ਼ ਉਦਾਸੀ ਨੂੰ ਗੁਰ ਅਸਥਾਨਾਂ ਦੀ ਸੇਵਾ ਸੌਂਪ ਕੇ ਅੱਧੀ ਰਾਤ ਵੇਲੇ ਕਿਲਾ ਖਾਲੀ ਕਰਕੇ ਰੋਪੜ ਵਲ ਚਾਲੇ ਪਾ ਦਿੱਤੇ। ਜਦ ਵੈਰੀਆਂ ਨੂੰ ਪਤਾ ਲੱਗਾ ਉਨ੍ਹਾਂ ਸਾਰੀਆਂ ਸਹੁੰਆਂ ਭੁਲ-ਭੁਲਾ ਕੇ ਕਿਲੇ ਤੇ ਹੱਲਾ ਬੋਲ ਦਿੱਤਾ।

ਸਰਸਾ ਨਦੀ ਦੇ ਕਿਨਾਰੇ ਤੇ ਬੜਾ ਘਮਸਾਨ ਯੁੱਧ ਹੋਇਆ। ਸਾਰੀ ਰਾਤ ਤੋਪਾਂ ਅਤੇ ਤੀਰਾਂ ਨਾਲ ਯੁੱਧ ਹੁੰਦਾ ਰਿਹਾ। ਕਈ ਸਿੰਘ ਰਣਭੂਮੀ ਵਿੱਚ ਸ਼ਹੀਦ ਹੋ ਗਏ।

ਪਰ ਧੰਨ ਗੁਰੂ ਗੋਬਿੰਦ ਸਿੰਘ ਜੀ, ਅੰਮ੍ਰਿਤ ਵੇਲੇ ਦੀਵਾਨ ਲਗਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਿਆ, ਫਿਰ ਸਰਸਾ ਨਦੀ ਪਾਰ ਕੀਤੀ। ਇਥੇ ਆਪ ਜੀ ਦਾ ਪਰਿਵਾਰ ਨਾਲ ਵਿਛੋੜਾ ਪੈ ਗਿਆ।

ਮਾਤਾ ਗੁਜਰੀ ਜੀ ਅਤੇ 2 ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ। ਗੁਰੂ ਜੀ ਰੋਪੜ ਵਾਲੇ ਪਾਸੇ ਚਲ ਪਏ। ਉਥੇ ਮਾਤਾ ਸੁੰਦਰੀ ਜੀ ਅਤੇ ਸਾਹਿਬ ਕੌਰ ਜੀ ਨੂੰ ਭਾਈ ਮਨੀ ਸਿੰਘ ਨਾਲ ਦਿੱਲੀ ਭੇਜ ਦਿੱਤਾ। ਗੁਰੂ ਜੀ ਵੱਡੇ ਦੋਨੋਂ ਸਾਹਿਬਜ਼ਾਦੇ ਅਤੇ 40 ਸਿੰਘਾਂ ਨੂੰ ਨਾਲ ਲੈ ਕੇ ਚਮਕੌਰ ਜਾ ਕੇ ਕੱਚੀ ਗੜ੍ਹੀ ਵਿੱਚ ਡੇਰਾ ਲਾ ਲਿਆ।

ਪਿਛੋਂ ਫੌਜਾਂ ਵੀ ਉਥੇ ਪਹੁੰਚ ਗਈਆਂ। ਫੌਜ ਦੀ ਗਿਣਤੀ ਗੁਰੂ ਸਾਹਿਬ 'ਜ਼ਫਰਨਾਮੇ' ਵਿੱਚ 10 ਲੱਖ ਦਸਦੇ ਹਨ।

ਇਨ੍ਹਾਂ 40 ਸਿੰਘਾਂ ਨੇ ਸ਼ਾਹੀ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ। ਇਥੇ ਹੀ ਦੋਵੇਂ ਵਡੇ ਸਾਹਿਬਜ਼ਾਦੇ ਸਾਹਿਬ ਅਜੀਤ ਸਿੰਘ ਜੀ ਅਤੇ ਸਾਹਿਬ ਜੂਝਾਰ ਸਿੰਘ ਜੀ ਨੇ ਸ਼ਹੀਦੀ ਪਾਈ। ਕਲਗੀਆਂ ਵਾਲੇ ਸਾਹਮਣੇ ਦੇਖਦੇ ਰਹੇ। ਗੁਰੂ ਸਾਹਿਬ ਨੇ ਅੱਖਾਂ ਵਿੱਚੋਂ ਹੰਝੂ ਨਹੀਂ ਕੇਰੇ ਸਗੋਂ ਉਹ ਅਕਾਲ-ਪੁਰਖ ਦੇ ਸ਼ੁਕਰਾਨੇ ਨਾਲ ਭਰ ਆਈਆਂ। ਸੋ ਇਸ ਤਰ੍ਹਾਂ ਜਗਤ-ਤਮਾਸ਼ੇ ਨੂੰ ਦੇਖਣ ਵਾਲੇ ਵਿਲੱਖਣ ਗੁਰੂ ਸਾਹਿਬ ਜੀ ਨੇ ਕਰਤਾਰ ਦੇ ਭਾਣੇ ਨੂੰ ਸਵੀਕਾਰ ਕੀਤਾ।

ਗੜ੍ਹੀ ਵਿੱਚ ਸ਼ਾਹੀ ਫੌਜ ਨਾਲ ਜੂਝਦੇ 35 ਸਿੰਘ ਸ਼ਹੀਦ

ਹੋ ਗਏ। ਬਾਕੀ ਪੰਜਾਂ ਨੇ ਦਸ਼ਮੇਸ਼ ਜੀ ਨੂੰ ਬੇਨਤੀ ਕੀਤੀ,'ਸੱਚੇ ਪਾਤਸ਼ਾਹ। ਤੁਸੀਂ ਗੜ੍ਹੀ ਛੱਡ ਕੇ ਚਲੇ ਜਾਓ।' ਦਸ਼ਮੇਸ਼ ਜੀ ਗੜ੍ਹੀ ਛੱਡ ਕੇ ਜਾਣਾ ਨਹੀਂ ਸੀ ਚਾਹੁੰਦੇ ਪਰ ਪੰਜਾਂ ਨੇ ਪੰਥ ਰੂਪ ਵਿੱਚ ਹੋ ਕੇ ਹੁਕਮ ਜਾਰੀ ਕੀਤਾ, 'ਤੁਸੀਂ ਚਲੇ ਜਾਓ। ਅਗਰ ਤੁਸੀਂ ਹੋਵੋਗੇ ਤਾਂ ਲੱਖਾਂ ਸਿੰਘ ਹੋਰ ਬਣ ਸਕਣਗੇ, ਅਸੀਂ ਲੱਖਾਂ ਹੋ ਕੇ ਵੀ ਤੁਹਾਡੇ ਵਰਗਾ ਗੁਰੂ ਨਹੀਂ ਲੱਭ ਸਕਾਂਗੇ।'

ਸੋ ਗੁਰੂ ਜੀ ਨੇ ਪੰਜਾਂ ਦਾ ਹੁਕਮ ਮੰਨ ਕੇ ਆਪਣੀ ਕਲਗੀ ਭਾਈ ਸੰਤ ਸਿੰਘ ਜੀ ਦੇ ਸਿਰ ਤੇ ਸਜਾ ਦਿੱਤੀ ਅਤੇ ਆਪ ਤਾੜੀ ਮਾਰ ਕੇ ਉਚੀ ਆਵਾਜ਼ ਵਿੱਚ ਬੋਲੇ, 'ਗੁਰੂ ਜਾ ਰਿਹਾ ਜੇ।'

ਇਹ ਵਾਕ ਸੁਣ ਕੇ ਫੌਜਾਂ ਵਿੱਚ ਭਗਦੜ ਮੱਚ ਗਈ ਅਤੇ ਉਹ ਹਨੇਰੇ ਵਿੱਚ ਆਪਸ ਵਿੱਚ ਹੀ ਲੜਨ-ਮਰਨ ਲੱਗੇ।

ਆਪ ਜੀ ਸਫ਼ਰ ਕਰਦੇ-ਕਰਦੇ ਮਾਛੀਵਾੜੇ ਦੇ ਜੰਗਲ ਜਾ ਪੁਜੇ। ਉਸ ਸਮੇਂ ਆਪੋ ਜੀ ਦੇ ਪਾਸ ਨਾ ਬਾਜ ਸੀ, ਨਾ ਤਾਜ ਸੀ, ਨਾ ਘੋੜਾ ਸੀ, ਨਾ ਜੋੜਾ ਸੀ- ਪੈਰੋਂ ਨੰਗੇ ਤੁਰਦੇ-ਤੁਰਦੇ ਆਪ ਜੀ ਦੇ ਕੋਮਲ ਚਰਨਾਂ ਤੇ ਛਾਲੇ ਪੈ ਗਏ। ਤਨ ਤੇ ਪਹਿਨਿਆ ਹੋਇਆ ਜਾਮਾ ਵੀ ਲੀਰੋ-ਲੀਰ ਹੋ ਗਿਆ। ਦੀਨ-ਦੁਨੀਆ ਦੇ ਪਾਤਸ਼ਾਹ ਅਜ ਢੀਮ ਦਾ ਸਿਰਹਾਣਾ ਰੱਖ ਕੇ ਮਾਛੀਵਾੜੇ ਦੇ ਜੰਗਲ ਵਿੱਚ ਥਕੇਵਾਂ ਲਾਹੁਣ ਲਈ ਸੌਂ ਰਹੇ ਸਨ। ਉਥੇ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਆਪ ਜੀ ਨੂੰ ਆਣ ਮਿਲੇ। ਉਨ੍ਹਾਂ ਨੇ ਆਣ ਦਸਿਆ ਕਿ ਫੌਜਾਂ ਪਿੱਛਾ ਕਰ ਰਹੀਆਂ ਹਨ।

ਗੁਰੂ ਜੀ ਦੇ ਚਰਨਾਂ ਤੇ ਛਾਲੇ ਪਏ ਹੋਏ ਸਨ। ਇਸ ਲਈ ਭਾਈ ਮਾਨ ਸਿੰਘ ਜੀ ਆਪ ਜੀ ਨੂੰ ਚੁੱਕ ਕੇ ਇਕ ਖੂਹ ਤੇ ਲੈ ਗਏ। ਉਥੇ ਆਪ ਜੀ ਨੇ ਇਸ਼ਨਾਨ ਕੀਤਾ ਤੇ ਜਲ ਛਕਿਆ। ਉਥੇ ਹੁਣ ਗੁਰਦੁਆਰਾ 'ਚਰਨ ਕੰਵਲ ਸਾਹਿਬ' ਸਥਿਤ ਹੈ।

ਇਥੇ ਇਕ ਮਸੰਦ ਗੁਲਾਬਾ ਰਹਿੰਦਾ ਸੀ, ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਉਸਨੇ ਆਪ ਜੀ ਦੀ ਬੜੀ ਸੇਵਾ ਕੀਤੀ। ਕੁਝ ਦਿਨ ਗੁਰੂ ਜੀ ਉਥੇ ਟਿਕੇ ਰਹੇ।

ਮਾਛੀਵਾੜੇ ਵਿੱਚ ਹੀ ਦੋ ਪਠਾਨ ਗਨੀ ਖਾਂ, ਨਬੀ ਖਾਂ ਸਨ; ਉਹ ਸਾਹਿਬਾਂ ਪਾਸ ਨੌਕਰ ਰਹਿ ਚੁਕੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਦੋਵੇਂ ਭਰਾ ਸਾਹਿਬਾਂ ਦੇ ਦੀਦਾਰ ਕਰਨ ਲਈ ਆਏ। ਉਨ੍ਹਾ ਦੀ ਬੇਨਤੀ ਮੰਨ ਕੇ ਸਤਿਗੁਰੂ ਜੀ ਨੇ ਨੀਲੇ ਬਸਤਰ ਪਹਿਨ ਲਏ ਅਤੇ ਕੇਸ ਖੋਲ ਕੇ ਪਿੱਛੇ ਸੁੱਟ ਲਏ। ਇਕ ਪਾਲਕੀ ਵਿੱਚ ਬੈਠ ਗਏ। ਗਨੀ ਖਾਂ, ਨਬੀ ਖਾਂ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੇ ਮੋਢਿਆਂ ਉਤੇ ਪਾਲਕੀ ਚੁਕ ਲਈ। ਭਾਈ ਦਇਆ ਸਿੰਘ ਜੀ ਪਿਛੇ ਚੌਰ ਕਰਦੇ ਰਹੇ। ਇਸ ਤਰ੍ਹਾਂ ਉਚ ਦੇ ਪੀਰ ਬਣ ਕੇ ਮਾਛੀਵਾੜੇ ਦੇ ਜੰਗਲ ਚੋਂ ਨਿਕਲ ਕੇ ਜੱਟਪੁਰੇ ਪਹੁੰਚੇ।

ਉਥੇ ਰਾਇ ਕਲਾ ਆਪ ਜੀ ਦੇ ਦੀਦਾਰ ਕਰਨ ਆਇਆ, ਜਦ ਉਸ ਨੇ ਗੁਰੂ ਜੀ ਨਾਲ ਵਾਪਰੀ ਮੁਸੀਬਤ ਦਾ ਹਾਲ ਸੁਣਿਆ ਤਾਂ ਉਹ ਰੋ ਪਿਆ। ਉਸਨੇ ਗੁਰੂ ਜੀ ਪਾਸੋਂ ਸੇਵਾ ਦੀ ਮੰਗ ਕੀਤੀ। ਦਸ਼ਮੇਸ਼ ਜੀ ਦੇ ਕਹਿਣ ਮੁਤਾਬਕ ਉਸਨੇ ਆਪਣੇ ਚਰਵਾਹੇ ਨੂਰੇ ਮਾਹੀ ਨੂੰ ਸਰਹਿੰਦ ਭੇਜਿਆ, ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਲਈ।

ਨੂਰੇ ਮਾਹੀ ਨੇ ਸਰਹਿੰਦ ਤੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖਬਰ ਸੁਣ ਕੇ ਦਸ਼ਮੇਸ਼ ਜੀ ਨੂੰ ਆਣ ਸੁਣਾਈ। ਕਿਵੇਂ ਗੰਗੂ ਬ੍ਰਾਹਮਣ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ (ਸਹੇੜੀ) ਆਪਣੇ ਘਰ ਲੈ ਗਿਆ। ਰਾਤ ਵੇਲੇ ਮਾਤਾ ਜੀ ਦੀਆਂ ਮੋਹਰਾਂ ਚੁਰਾ ਕੇ ਦੂਸਰੇ ਦਿਨ (10 ਪੋਹ) ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਤਿੰਨਾਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਕੈਦ ਰੱਖਿਆ ਗਿਆ। 11 ਪੋਹ ਨੂੰ ਕਚਹਿਰੀ ਵਿੱਚ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਦੀ ਪੇਸ਼ੀ ਕੀਤੀ। ਕਚਹਿਰੀ ਵਿੱਚ ਪੁਜਦਿਆਂ ਸਾਰ ਦੋਹਾਂ ਸਾਹਿਬਜ਼ਾਦਿਆਂ ਨੇ ਗੱਜ ਕੇ ਵਾਹਿਗੁਰੂ ਜੀ ਕੀ ਫਤਹਿ ਬੁਲਾਈ।

ਨਵਾਬ ਵਜ਼ੀਰ ਖਾਂ ਨੇ ਕਿਹਾ, ਤੁਹਾਡੇ ਪਿਤਾ ਅਤੇ ਦੋਵੇਂ ਭਰਾ ਕਤਲ ਹੋ ਗਏ ਹਨ। ਤੁਹਾਡੀ ਜਾਨ ਬਚ ਸਕਦੀ ਹੈ, ਜੇ ਤੁਸੀਂ ਕਲਮਾ ਪੜ੍ਹ ਕੇ ਦੀਨ ਕਬੂਲ ਕਰ ਲਵੋ।' ਨਾਲ ਹੀ ਹੋਰ ਬੜੇ ਲਾਲਚ ਦਿੱਤੇ। ਪਰ ਉਨ੍ਹਾਂ ਸੂਰਬੀਰਾਂ ਨੇ ਕਿਹਾ, 'ਅਸੀਂ ਗੁਰੂ

ਤੇਗ ਬਹਾਦਰ ਜੀ ਦੇ ਪੋਤਰੇ ਅਤੇ ਦਸ਼ਮੇਸ਼ ਜੀ ਦੇ ਸਪੁੱਤਰ ਹਾਂ। ਅਸੀਂ ਧਰਮ ਲਈ ਸ਼ਹੀਦ ਹੋਣਾ ਫ਼ਖ਼ਰ ਸਮਝਦੇ ਹਾਂ। ਅਸੀਂ ਆਪਣਾ ਧਰਮ ਨਹੀਂ ਛੱਡ ਸਕਦੇ, ਤੁਸੀ ਜਿਵੇਂ ਮਰਜ਼ੀ ਕਰੋ।' ਸਾਹਿਬਜ਼ਾਦਿਆ ਨੂੰ ਹੁਣ ਡਰਾਵੇ ਵੀ ਦਿੱਤੇ ਗਏ, ਪਰ ਉਹ ਕਿਸੀ ਵੀ ਤਰ੍ਹਾਂ ਨਾ ਡੋਲੇ।

ਸੁੱਚਾ ਨੰਦ ਬ੍ਰਾਹਮਣ ਨੇ ਵੀ ਕੁਬੋਲ ਬੋਲ ਬੋਲੇ, ਪਰ ਨਵਾਬ ਮਲੇਰ ਕੋਟਲੇ ਨੇ ਕਿਹਾ, 'ਇਹ ਮਾਸੂਮ ਹਨ, ਇਨ੍ਹਾਂ ਦਾ ਕੋਈ ਦੋਸ਼ ਨਹੀਂ। ਇਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ।' ਪਰ ਉਸਦੀ ਕਿਸੇ ਨੇ ਨਾ ਮੰਨੀ।

11 ਤੇ 12 ਪੋਹ ਦੇ ਦਿਨ ਸਾਹਿਬਜ਼ਾਦਿਆਂ ਦੀ ਕਚਹਿਰੀ ਵਿੱਚ ਪੇਸ਼ੀ ਹੁੰਦੀ ਰਹੀ, ਪਰ ਉਹ ਨਾ ਥਿੜਕੇ, ਨਾ ਡੋਲੇ। ਨਵਾਬ ਨੇ ਹੁਕਮ ਦਿੱਤਾ, 'ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਵਾ ਦਿਓ।' ਨਵਾਬ ਦਾ ਇਹ ਕਹਿਰ ਭਰਿਆ ਫਤਵਾ ਸੁਣ ਕੇ ਧਰਤੀ ਵੀ ਕੰਬ ਗਈ।

ਦਸ਼ਮੇਸ਼ ਜੀ ਅਕਾਲ-ਪੁਰਖ ਦਾ ਭਾਣਾ ਮੰਨ ਕੇ ਅਡੋਲ ਰਹੇ। ਆਪਣੇ ਤੀਰ ਨਾਲ ਕਾਹੀ ਦਾ ਬੂਟਾ ਜੜ੍ਹ ਤੋਂ ਪੁੱਟ ਕੇ ਫੁਰਮਾਇਆ,'ਮੁਗਲ ਰਾਜ ਦੀ ਜੜ੍ਹ ਪੁੱਟੀ ਗਈ ਹੈ।' ਇਸ ਤੋਂ ਬਾਅਦ ਕਈਂ ਥਾਵਾਂ ਤੋਂ ਹੁੰਦੇ ਹੋਏ ਗੁਰੂ ਸਾਹਿਬ ਲੱਖੀ ਜੰਗਲ ਪੁਜੇ। ਇਥੇ ਚਿਰਾਂ ਤੋਂ ਵਿਛੜੇ ਕਈ ਸਿੱਖ ਤੇ ਢਾਡੀ ਆਣ ਮਿਲੇ। ਕੀਰਤਨ ਤੇ ਕਵੀ-ਦਰਬਾਰ ਹੋਣ ਲਗ ਪਏ।

ਇਥੋਂ ਚਲ ਕੇ ਕਈਂ ਪਿੰਡਾਂ ਤੇ ਸ਼ਹਿਰਾਂ ਤੋਂ ਹੁੰਦੇ ਹੋਏ ਗੁਰੂ ਜੀ 'ਸਾਬ੍ਹੋ ਕੀ ਤਲਵੰਡੀ' ਪੁੱਜੇ। ਏਥੇ ਹੀ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਆਣ ਮਿਲੇ, ਜਦ ਉਨ੍ਹਾਂ ਨੇ ਦੇਖਿਆ ਸੈਂਕੜੇ ਦੀ ਤਾਦਾਦ ਵਿੱਚ ਸੂਰਮੇ ਬੈਠੇ ਹਨ। ਇਕ ਤਖ਼ਤ ਤੇ ਦੋ ਜਹਾਨ ਦੇ ਵਾਲੀ ਸੰਗਤਾਂ ਦੇ ਵਿੱਚਕਾਰ ਦੀਵਾਨ ਸਜਾ ਕੇ ਸੁਸ਼ੋਭਿਤ ਹਨ। ਚਾਰੇ ਪਾਸੇ ਨਜ਼ਰ ਮਾਰੀ, ਪਰ ਜਿਗਰ ਦੇ ਟੁਕੜੇ ਚਾਰੇ ਸਾਹਿਬਜ਼ਾਦੇ ਕਿਤੇ ਵੀ ਨਜ਼ਰੀਂ ਨਾ ਆਏ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੇ ਹਜ਼ੂਰ ਤੋਂ ਪੁਛਿਆ, 'ਚਾਰੇ ਲਾਲ ਅਤੇ ਮਾਤਾ ਜੀ ਕਿੱਥੇ ਹਨ?' ਤਾਂ ਦਸ਼ਮੇਸ਼ ਜੀ ਨੇ ਉਤਰ ਦਿੱਤਾ :

ਇਨ ਪੁਤ੍ਰਨ ਕੇ ਸੀਸ ਪਰ, ਵਾਰ ਦੀਏ ਸੁੱਤ ਚਾਰ
ਚਾਰ ਮੁਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

❋❋❋

– ਡਾ. ਚਰਨਜੀਤ ਸਿੰਘ
ਮੋਬਾਇਲ : 9811116003

ਇੰਟਰਨੈਸ਼ਨਲ ਇੰਸਟੀਚਿਊਟ ਫ਼ਾਰ ਗੁਰਮਤਿ ਸਟੱਡੀਜ਼ ਅਤੇ ਸੰਗੀਤ ਅਕਾਦਮੀ
INTERNATIONAL INSTITUTE FOR GURMAT STUDIES & SANGEET ACADEMY
GURDWARA MATA SUNDRI JI, DELHI
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਇੰਟਰਨੈਸ਼ਨਲ ਇੰਸਟੀਚਿਊਟ ਫ਼ਾਰ ਗੁਰਮਤਿ ਸਟੱਡੀਜ਼ ਅਤੇ ਸੰਗੀਤ ਅਕਾਦਮੀ

ਗੁਰਦੁਆਰਾ ਮਾਤਾ ਸੁੰਦਰੀ ਜੀ, ਨਵੀਂ ਦਿੱਲੀ-110002.

ਆਪ ਜੀ ਨੂੰ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਇੰਟਰਨੈਸ਼ਨਲ ਇੰਸਟੀਚਿਊਟ ਫ਼ਾਰ ਗੁਰਮਤਿ ਸਟੱਡੀਜ਼ ਅਤੇ ਸੰਗੀਤ ਅਕਾਦਮੀ ਵੱਲੋਂ
ਗੁਰਮਤਿ ਦੇ ਤਿਮਾਹੀ / ਛਿਮਾਹੀ / ਸਾਲਾਨਾ ਅਤੇ ਡਿਗਰੀ ਕੋਰਸ
ਚੱਲ ਰਹੇ ਹਨ।
ਜਿਸ ਵਿੱਚ ਪੰਥ ਦੇ ਮਹਾਨ ਵਿਦਵਾਨ ਅਤੇ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਵੱਲੋਂ

ਹਰ ਸ਼ਨੀਵਾਰ ਅਤੇ ਐਤਵਾਰ
ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ

ਗੁਰਮਤਿ ਗਿਆਨ ਦੇ ਵੱਖ-ਵੱਖ ਵਿਸ਼ਿਆਂ ਦੇ ਲੈਕਚਰ ਕਰਵਾਏ ਜਾਂਦੇ ਹਨ। ਜਿਸ ਵਿੱਚ ਦੇਸ਼-ਵਿਦੇਸ਼ ਦੀਆਂ ਬੇਅੰਤ ਸੰਗਤਾਂ ਲਾਹਾ ਲੈ ਰਹੀਆਂ ਹਨ।
ਇਨ੍ਹਾਂ ਕੋਰਸਾਂ ਵਿੱਚ ਦਾਖ਼ਲਾ ਲੈਣ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ।

9811290019, 9650557379

: ਨੋਟ :
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਹ ਗੁਰਮਤਿ ਲੈਕਚਰ ਜ਼ੂਮ ਐਪ ਤੇ ਲਾਈਵ ਪ੍ਰਸਾਰਿਤ ਕੀਤੇ ਜਾਂਦੇ ਹਨ। ਦੇਸ਼ ਵਿਦੇਸ਼ ਦੀ ਕੋਈ ਵੀ ਸੰਗਤ ਇਸ ਕੋਰਸ ਦੀਆਂ ਕਲਾਸਾਂ ਨੂੰ ਘਰ ਬੈਠੇ ਵੀ ਸਰਵਣ ਕਰ ਸਕਦੀ ਹੈ।

ਜਤਿੰਦਰਪਾਲ ਸਿੰਘ ਗੋਲਡੀ — ਚੇਅਰਮੈਨ
ਭਾਈ ਹਰਜੀਤ ਸਿੰਘ — ਇੰਚਾਰਜ

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥.....

(ਅੰਗ ੧੧੦੯)

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥

ਪੁਨੀਤ – ਪਵਿਤ੍ਰ, **ਅੰਤਰਿ** – ਅੰਦਰ,
ਜਾਨਿਆ – ਪਛਾਣ ਲਿਆ।

ਜਿਸ ਜੀਵ-ਇਸਤ੍ਰੀ ਨੇ ਆਪਣੇ ਅੰਦਰਲਾ ਤੀਰਥ ਪਛਾਣ ਲਿਆ, ਉਹ

ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥

ਸਹਜਿ – ਅਡੋਲ ਅਵਸਥਾ, **ਗਹਿ** – ਗ੍ਰਹਿਣ ਕਰਨਾ,
ਅੰਕਿ – ਹਿਰਦੇ, **ਸਮਾਨਿਆ** – ਸਮਾ ਲਿਆ।

ਜਿਸ ਜੀਵ-ਇਸਤ੍ਰੀ ਨੇ ਪ੍ਰੀਤਮ ਦੇ ਗੁਣ ਗ੍ਰਹਿਣ ਕਰ ਲਏ ਹਨ ਉਸ ਨੂੰ ਅਡੋਲ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਅਤੇ ਪ੍ਰੀਤਮ ਉਸ ਨੂੰ ਆਪਣੇ ਵਿਚ ਸਮੋ ਲੈਂਦਾ ਹੈ।

ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥

ਬੰਕੇ – ਸੋਹਣੇ, **ਸਰਿ** – ਸਰੋਵਰ, **ਨਾਵਾ** – ਨ੍ਹਾਵਾਂ।

ਜਿਹੜੀ ਜੀਵ-ਇਸਤ੍ਰੀ ਆਪਣੇ ਪ੍ਰੀਤਮ ਦੇ ਗੁਣ ਗ੍ਰਹਿਣ ਕਰ ਲੈਂਦੀ ਹੈ, ਇਹ ਸੁਣ ਕੇ ਪ੍ਰੀਤਮ ਉਸ ਨੂੰ ਆਪਣੇ ਹਿਰਦੇ ਵਿਚ ਸਮੋ ਲੈਂਦਾ ਹੈ। ਉਸ ਜੀਵ-ਇਸਤ੍ਰੀ ਦਾ ਮਾਨੋ ਤੀਰਥ (ਸਰੋਵਰ) ਵਿਚ ਨ੍ਹਾਣਾ ਹੋ ਗਿਆ।

ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥

ਗੰਗ ਜਮੁਨ – ਗੰਗਾ ਤੇ ਜਮੁਨਾ ਨਦੀਆਂ,
ਤਹ ਬੇਣੀ – ਤ੍ਰਿਬੇਣੀ ਜਿਥੇ ਇਨ੍ਹਾਂ ਤਿੰਨਾਂ ਨਦੀਆਂ (ਗੰਗਾ, ਜਮੁਨਾ ਤੇ ਸਰਸਵਤੀ) ਦਾ ਮਿਲਾਪ ਹੁੰਦਾ ਹੈ।

ਆਪਣੇ ਪ੍ਰੀਤਮ ਨੂੰ ਹਿਰਦੇ ਵਿਚ ਸਮੋਈ ਜੀਵ-ਇਸਤ੍ਰੀ ਨੇ ਮਾਨੋ ਤ੍ਰਿਬੇਣੀ (ਗੰਗਾ, ਜਮੁਨਾ ਤੇ ਗੁਪਤ ਸਰਸਵਤੀ) ਦੇ ਤੀਰਥ ਇਸ਼ਨਾਨ ਤੇ ਸਤ ਸਮੁੰਦਰਾਂ ਦੇ ਇਸ਼ਨਾਨ ਦਾ ਫਲ

ਪ੍ਰਾਪਤ ਕਰ ਲਿਆ।

ਪੁੰਨ ਦਾਨ ਪੂਜਾ ਪਰਮੇਸਰ ਜੁਗਿ ਜੁਗਿ ਏਕੋ ਜਾਤਾ॥

ਜੁਗਿ ਜੁਗਿ – ਜੁਗਾਂ ਜੁਗਾਂ ਅੰਦਰ, **ਜਾਤਾ** – ਜਾਣਿਆ।

ਜਿਸ ਜੀਵ ਇਸਤ੍ਰੀ ਨੇ ਜੁਗਾਂ ਜੁਗਾਂ ਅੰਦਰ ਅਟਲ ਇਕੋ ਪ੍ਰੀਤਮ ਨੂੰ ਜਾਣ ਲਿਆ, ਉਸ ਨੇ ਮਾਨੋ ਪੁੰਨ-ਦਾਨ-ਪੂਜਾ ਦਾ ਫਲ ਪ੍ਰਾਪਤ ਕਰ ਲਿਆ।

ਨਾਨਕ ਮਾਘਿ ਮਹਾ ਰਸ
ਹਰਿ ਜਪਿ ਅਠਸਠਿ ਤੀਰਥ ਨਾਤਾ॥

ਮਹਾ – ਵੱਡਾ, **ਰਸ** – ਅਨੰਦ, **ਅਠਸਠਿ** – ਅਠਾਹਠ।

ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਜਿਸ ਜੀਵ-ਇਸਤ੍ਰੀ ਨੇ ਮਾਘ ਦੇ ਮਹੀਨੇ ਆਪਣੇ ਪ੍ਰੀਤਮ ਦੇ ਨਾਮ ਨੂੰ ਜਪ ਜਪ ਕੇ ਵੱਡਾ ਅਨੰਦ ਮਾਣ ਲਿਆ ਉਸ ਨੇ 68 ਤੀਰਥਾਂ ਦੇ ਨ੍ਹਾਣ ਦਾ ਫਲ ਪ੍ਰਾਪਤ ਕਰ ਲਿਆ।

: ਭਾਵ-ਅਰਥ :

ਮਾਘਿ ਦੇ ਮਹੀਨੇ ਤੀਰਥ ਇਸ਼ਨਾਨ ਕਰਨਾ ਸਾਡੇ ਦੇਸ਼ਵਾਸੀ (ਹਿੰਦੂ) ਬੜਾ ਧਾਰਮਿਕ ਕਰਮ ਸਮਝਦੇ ਹਨ। ਇਨ੍ਹਾਂ ਦੀ ਦੇਖਾ ਦੇਖੀ ਸਿੱਖ ਵੀ ਮਾਘੀ ਦੇ ਇਸ਼ਨਾਨ ਨੂੰ ਬੜਾ ਪਵਿੱਤ੍ਰਤਾ ਦਾ ਕੰਮ ਸਮਝਣ ਲੱਗੇ ਹਨ। ਪੰਜਾਬ ਦੇ ਬਹੁਤ ਸਿੱਖ ਇੱਦਾਂ ਦੇ ਇਸ਼ਨਾਨ ਲਈ ਮੁਕਤਸਰ ਸਾਹਿਬ ਜਾਂਦੇ ਹਨ। ਪਰ ਗੁਰੂ ਜੀ ਸਮਝਾਂਦੇ ਹਨ ਕਿ ਪਵਿੱਤਰ ਹੋਣ ਲਈ ਅੰਦਰਲੇ ਇਸ਼ਨਾਨ ਦੀ ਲੋੜ ਹੈ। ਅਸੀਂ ਪਹਿਲੇ ਗੱਲ ਕਰ ਚੁੱਕੇ ਹਾਂ ਕਿ ਬਾਹਰਲੇ ਤੀਰਥ ਦੇ ਇਸ਼ਨਾਨ ਦਾ ਕੋਈ ਧਾਰਮਿਕ ਲਾਭ ਨਹੀਂ। ਅਸਲੀ ਇਸ਼ਨਾਨ ਅੰਦਰ ਦਾ ਹੈ। ਇਸ ਲੇਖ ਵਿਚ ਅਸੀਂ ਚਰਚਾ ਕਰਾਂਗੇ ਅੰਦਰਲੇ ਇਸ਼ਨਾਨ ਦੀ ਇਕ ਵਿਧੀ ਦੀ ਜਿਸ ਦਾ ਨਾਂ 'ਕੁੰਡਲੀ' ਜਗਾਣਾ ਹੈ।

ਸੂਖਮ ਨਾੜੀਆਂ

ਸਾਇੰਸ ਦਾ ਮਤ ਹੈ ਕਿ ਸਾਡੇ ਦਿਮਾਗ ਵਿਚੋਂ ਨਾੜੀਆਂ (Nerves) ਦਾ ਇਕ ਗੁਛਾ ਰੀੜ ਦੀਆਂ ਹੱਡੀਆਂ ਵਿਚੋਂ ਲੰਘਦਾ ਹੈ ਅਤੇ ਉਥੇ ਮੁਕ ਜਾਂਦਾ ਹੈ ਜਿੱਥੇ ਰੀੜ ਦੀ ਅਖੀਰਲੀ ਹੱਡੀ ਹੈ। ਰੀੜ ਦੀ ਉਪਰਲੀ ਹੱਡੀ (Cervical) ਤੇ ਅਖੀਰਲੀ ਹੱਡੀ (Coccyx) ਦੀ ਦਰਮਿਆਨੀ ਲੰਬਾਈ ਵਿਚ ਇਨ੍ਹਾਂ ਨਾੜੀਆਂ ਦੇ ਸਤ ਜੰਕਸ਼ਨ ਹਨ। ਹਰ ਜੰਕਸ਼ਨ ਵਿਚੋਂ ਇਹ ਨਾੜੀਆਂ ਸਰੀਰ ਦੇ ਸੱਜੇ ਤੇ ਖੱਬੇ ਪਾਸੇ ਫੈਲ ਜਾਂਦੀਆਂ ਹਨ। ਇੱਦਾਂ ਇਨ੍ਹਾਂ ਨਾੜੀਆਂ (ਜਿਸ ਵਿਚ ਗਿਆਨ ਇੰਦ੍ਰੀਆਂ ਵੀ ਸ਼ਾਮਲ ਹਨ) ਦਾ ਜਾਲ ਸਾਰੇ ਸਰੀਰ ਵਿਚ ਫੈਲ ਜਾਂਦਾ ਹੈ।

ਗਿਆਨ ਇੰਦ੍ਰੀਆਂ ਬਾਹਰਲੇ ਸੰਸਾਰ ਦੀ ਖਬਰ ਦਿਮਾਗ ਨੂੰ ਪਹੁੰਚਾਂਦੀਆਂ ਹਨ ਅਤੇ ਉਸ ਦੇ ਹੁਕਮ ਅਨੁਸਾਰ ਕਰਮ ਇੰਦ੍ਰੀਆਂ ਨੂੰ ਕਰਮ ਕਰਨ ਲਈ ਆਦੇਸ਼ ਦੇਂਦੀਆਂ ਹਨ। ਮਸਲਨ, ਤੁਹਾਡੇ ਹੱਥ ਨੇ ਅੱਗ ਦਾ ਸੇਕ ਮਹਿਸੂਸ ਕੀਤਾ। ਹੱਥ ਦੀ ਨਾੜੀ ਨੇ ਇਹ ਸੁਨੇਹਾ ਦਿਮਾਗ ਨੂੰ ਪਹੁੰਚਾਇਆ ਜਿਸ ਨੇ ਹੱਥ ਨੂੰ ਹੁਕਮ ਦਿੱਤਾ ਅਤੇ ਅਸੀਂ ਹੱਥ ਅੱਗ ਕੋਲੋਂ ਹਟਾ ਲਿਆ। ਗਿਆਨ ਇੰਦ੍ਰੀ (ਚਮੜੀ) ਦਾ ਇਹ ਸੁਨੇਹਾ ਦਿਮਾਗ ਤੱਕ ਲਿਜਾਣ ਤੇ ਉਸ ਦਾ ਆਦੇਸ਼ ਵਾਪਸ ਕਰਮ ਇੰਦ੍ਰੀ (ਹੱਥ) ਤੱਕ ਪਹੁੰਚਾਣ ਲਈ ਇਕ ਸੈਕੇਂਡ ਦਾ ਸੌਵਾਂ ਹਿੱਸਾ ਵੀ ਨਹੀਂ ਲੱਗਦਾ। ਸਾਇੰਸ ਅਨੁਸਾਰ ਸਾਡੇ ਸਰੀਰ ਦੀ ਗਤੀਵਿਧੀ ਇਸੇ ਢੰਗ ਨਾਲ ਹੁੰਦੀ ਹੈ।

ਧਰਮ ਦੀ ਦ੍ਰਿਸ਼ਟੀ ਹੈ ਕਿ ਇਨ੍ਹਾਂ ਨਾੜੀਆਂ ਦੇ ਨਾਲ ਨਾਲ ਇਕ ਹੋਰ ਸੂਖਮ ਸ਼ਕਤੀ ਚਲਦੀ ਹੈ ਜਿਹੜੀ ਇਨ੍ਹਾਂ ਨਾੜੀਆਂ ਨੂੰ ਗਤੀਮਾਨ ਕਰਦੀ ਹੈ। ਜੇ ਇਹ ਸ਼ਕਤੀ ਨਾ ਹੋਏ ਤਾਂ ਸਰੀਰ ਇੱਦਾਂ ਕੰਮ ਨਹੀਂ ਕਰ ਸਕਦਾ। ਇਸ ਸ਼ਕਤੀ ਦੀ ਘਾਟ ਕਾਰਣ ਕਿਸੇ ਨੂੰ ਦਿਸਣਾ/ ਸੁਨਣਾ ਘੱਟ ਜਾਂਦਾ ਹੈ ਜਾਂ ਬੰਦ ਹੀ ਹੋ ਜਾਂਦਾ ਹੈ। ਅਤੇ ਇਸੇ ਸ਼ਕਤੀ ਦੇ ਪੂਰੀ ਤਰ੍ਹਾਂ ਖਤਮ ਹੋਣ ਨਾਲ ਜੀਵਨ ਦਾ ਵੀ ਅੰਤ ਹੋ ਜਾਂਦਾ ਹੈ। ਜਿਨ੍ਹਾਂ ਸਤ ਜੰਕਸ਼ਨਾਂ ਤੋਂ ਨਾੜੀਆਂ ਸਰੀਰ ਵਿਚ ਫੈਲਦੀਆਂ ਹਨ ਉਨ੍ਹਾਂ ਨੂੰ ਡਾਕਟਰ ਪਲੈਕਸਿਸ (Plexus) ਕਹਿੰਦੇ ਹਨ। ਇਨ੍ਹਾਂ ਕੇਂਦਰਾਂ ਨੂੰ ਸੰਨਿਆਸੀ ਸ਼ਕਤੀ ਕੇਂਦਰ, ਜੋਗੀ ਚੇਤਨਾ ਕੇਂਦਰ ਅਤੇ ਤਾਂਤ੍ਰਿਕ ਕਰਾਮਾਤ ਕੇਂਦਰ ਕਹਿੰਦੇ ਹਨ।

ਇਨ੍ਹਾਂ ਕੇਂਦਰਾਂ ਨੂੰ ਚੱਕਰ ਕਿਹਾ ਜਾਂਦਾ ਹੈ ਕਿਉਂਕਿ ਇੱਥੇ ਸ਼ਕਤੀ ਗੋਲ-ਗੋਲ ਘੁੰਮਦੀ ਰਹਿੰਦੀ ਹੈ। ਇਨ੍ਹਾਂ ਨੂੰ ਸਰੀਰ ਦੇ ਚੀਰਨ/ਫਾੜਣ ਰਾਹੀਂ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਇਹ ਅਤੀ ਸੂਖਮ ਹਨ। ਜਿੱਦਾਂ ਮਨ ਜਾਂ ਬਿਜਲੀ ਦੀ ਕਰੰਟ ਨੂੰ ਨਹੀਂ ਦੇਖਿਆ ਜਾ ਸਕਦਾ ਪਰ ਇਸ ਦੇ ਕਰਮਾਂ ਰਾਹੀਂ ਮਹਿਸੂਸ ਕੀਤਾ ਜਾ ਸਕਦਾ ਹੈ, ਇੱਦਾਂ ਹੀ ਇਨ੍ਹਾਂ ਸੂਖਮ ਚੱਕਰਾਂ ਨੂੰ ਨਹੀਂ ਦੇਖਿਆ ਜਾ ਸਕਦਾ ਪਰ ਇਨ੍ਹਾਂ ਨੂੰ ਗੁਣਾਂ ਕਾਰਣ ਪਛਾਣਿਆ ਜਾ ਸਕਦਾ ਹੈ। ਹੁਣੇ ਜਾਪਾਨ ਦੇ ਡਾਕਟਰ ਹੀਰੋਸ਼ੀ ਮੋਟੋਯਾਮਾ (Dr. Hiroshi Motoyama) ਨੇ ਇਕ ਮਸ਼ੀਨ ਬਣਾਈ ਹੈ ਜਿਸ ਨਾਲ ਨਾੜੀਆਂ (Nerves) ਦੇ ਫੰਕਸ਼ਨ ਨੂੰ ਮਾਪਿਆ ਜਾ ਸਕਦਾ ਹੈ ਅਤੇ ਬੀਮਾਰੀਆਂ ਦੀ ਪਹਿਚਾਣ ਹੋ ਸਕਦੀ ਹੈ। ਪਰ ਇਸੇ ਮਸ਼ੀਨ ਰਾਹੀਂ ਪ੍ਰਾਣਾਯਾਮ ਦੌਰਾਨ ਚੱਕਰਾਂ ਵਿਚਕਾਰ ਸੂਖਮ ਸ਼ਕਤੀ ਦੇ ਘੱਟਣ-ਵੱਧਣ ਨੂੰ ਵੀ ਰਿਕਾਰਡ ਕੀਤਾ ਜਾ ਸਕਦਾ ਹੈ।

ਮੰਨਿਆ ਜਾਂਦਾ ਹੈ ਕਿ ਇਨ੍ਹਾਂ ਸੂਖਮ ਸ਼ਕਤੀਆਂ ਦਾ ਸੋਮਾ ਰੀੜ ਦੀ ਹੱਡੀ ਦੇ ਸਭ ਤੋਂ ਹੇਠਲੇ ਚੱਕਰ ਵਿਚ ਹੈ। ਇੱਥੇ ਇਹ ਸ਼ਕਤੀ ਗੋਲ ਚੱਕਰ ਵਿਚ ਕੁੰਡਲ ਬਣਾ ਕੇ ਬੈਠੀ ਰਹਿੰਦੀ ਹੈ। ਇਸੇ ਕਰਕੇ ਕਈ ਇਸ ਸ਼ਕਤੀ ਨੂੰ 'ਕੁੰਡਲੀ' ਵੀ ਕਹਿੰਦੇ ਹਨ। ਦਸਿਆ ਜਾਂਦਾ ਹੈ ਕਿ ਇਹ ਸ਼ਕਤੀ ਸੱਪ ਵਾਂਗ ਸਾਢੇ ਤਿੰਨ ਚੱਕਰ ਮਾਰ ਕੇ ਆਪਣਾ ਮੂੰਹ ਫੈਲਾ ਕੇ ਬੈਠੀ ਰਹਿੰਦੀ ਹੈ। ਜਦੋਂ ਅਭਿਆਸ ਰਾਹੀਂ ਸ਼ਕਤੀ ਉਪਰ ਉਠਣ ਲੱਗਦੀ ਹੈ ਤਾਂ ਇੱਦਾਂ ਜਾਪਦਾ ਹੈ ਜਿੱਦਾਂ ਫਨੀਅਰ ਸੱਪ ਆਪਣਾ ਸਿਰ ਉਪਰ ਚੁਕ ਰਿਹਾ ਹੈ। ਇਹ ਸੂਖਮ ਸ਼ਕਤੀ ਤਿੰਨ ਨਾੜੀਆਂ ਰਾਹੀਂ ਉਪਰ ਵੱਲ ਜਾਂਦੀ ਹੈ। ਵਿਚਕਾਰਲੀ ਨਾੜੀ ਦਾ ਨਾਂ ਸ਼ੁਸ਼ਮਾ ਜਾਂ ਸੁਖਮਨਾ ਹੈ ਜਿਹੜੀ ਰੀੜ ਦੀ ਨਾੜੀ (Spinal Cord) ਵਿਚਕਾਰ ਚਲਦੀ ਹੈ। ਇੜਾ ਨਾੜੀ ਸਾਡੇ ਖੱਬੇ ਪਾਸੇ ਤੇ ਪਿੰਗਲਾ ਨਾੜੀ ਸੱਜੇ ਪਾਸੇ ਚਲਦੀ ਹੈ। ਇਨ੍ਹਾਂ ਤਿੰਨਾਂ ਨਾੜੀਆਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤਾਂ ਨੇ ਇੱਦਾਂ ਕੀਤਾ ਹੈ –

ਇੜਾ ਪਿੰਗੁਲਾ ਅਉਰ ਸੁਖਮਨਾ ਪਉਨੈ ਬੰਧਿ ਰਹਾਉਗੋ॥
(ਅੰਗ ੯੭੩)

ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ॥
(ਅੰਗ ੩੩੪)

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਨ ਠਾਈ॥
ਬੇਣੀ ਸੰਗਮ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥
(ਅੰਗ ੯੭੪)

ਇਹ ਤਿੰਨ ਨਾੜੀਆਂ ਮਨੁੱਖ ਦੇ ਤਿੰਨ ਗੁਣ ਦਰਸਾਂਦੀਆਂ ਹਨ।

ੳ) ਇੜਾ ਨਾੜੀ :

ਇਹ ਤਮੋ ਗੁਣ ਦਰਸਾਂਦੀ ਹੈ। ਇਸ ਦਾ ਧਾਰਨੀ ਸੁਸਤ, ਉਤਸਾਹਹੀਨ, ਘਨੀ ਸ਼ਰਧਾ ਰੱਖਣ ਵਾਲਾ, ਡਰਪੋਕ, ਦਿਨੇ ਸੁਪਨੇ ਦੇਖਣ ਵਾਲਾ, ਕਾਮੀ ਤੇ ਜਾਦੂ-ਟੂਣਿਆਂ ਦਾ ਵਿਸ਼ਵਾਸੀ ਹੁੰਦਾ ਹੈ। ਕਿਉਂਕਿ ਇਹ ਨਾੜੀ ਦਿਮਾਗ ਦੇ ਖੱਬੇ ਪਾਸੇ ਹੁੰਦੀ ਹੈ, ਜਿਹੜਾ ਭਾਵਨਾ (Emotions) ਪ੍ਰਧਾਨ ਹੁੰਦਾ ਹੈ, ਇਸ ਲਈ ਇਸ ਅਧੀਨ ਮਨੁੱਖ ਬਹੁਤਾ ਭਾਵੁਕ ਹੁੰਦਾ ਹੈ ਅਤੇ ਇਨ੍ਹਾਂ ਭਾਵਨਾ ਦੇ ਵੱਧਣ ਨਾਲ ਉਹ ਮਿਰਗੀ ਜਾਂ ਪਾਗਲਪਨ ਦਾ ਮਰੀਜ਼ ਬਣ ਸਕਦਾ ਹੈ। ਇਸ ਦਾ ਗੁਰੂ ਚੰਦਰਮਾ ਹੈ ਜਿਹੜਾ ਤੇਜਹੀਨ ਹੈ ਅਤੇ ਘਟਦਾ ਵੱਧਦਾ ਰਹਿੰਦਾ ਹੈ।

ਅ) ਪਿੰਗਲਾ ਨਾੜੀ :

ਇਹ ਰਜੋ ਗੁਣ ਦਾ ਪ੍ਰਤੀਕ ਹੈ। ਇਸ ਦਾ ਗੁਰੂ ਸੂਰਜ ਹੈ ਜਿਹੜਾ ਸ਼ਕਤੀ ਦੇਂਦਾ ਹੈ। ਇਸ ਦਾ ਮਾਲਕ ਦ੍ਰਿੜ੍ਹ, ਕਰਮ-ਸ਼ੀਲ ਹੁੰਦਾ ਹੈ। ਕਿਉਂਕਿ ਇਹ ਨਾੜੀ ਦਿਮਾਗ ਦੇ ਸੱਜੇ ਪਾਸੇ ਹੁੰਦੀ ਹੈ ਜਿਹੜਾ ਵਿਚਾਰ ਪ੍ਰਧਾਨ ਹੈ, ਇਸ ਲਈ ਇੱਦਾਂ ਦਾ ਮਨੁੱਖ ਸਰੀਰ ਤੇ ਮਾਨਸਿਕ ਤੌਰ ਤੇ ਜਾਗਰੂਕ ਰਹਿੰਦਾ ਹੈ ਅਤੇ ਆਪਣੀ ਆਨ-ਬਾਨ-ਸ਼ਾਨ ਦਾ ਰਖਵਾਲਾ ਹੁੰਦਾ ਹੈ। ਇਹ ਹਉਂ ਤੋਂ ਗ੍ਰਸਤ, ਚਲਾਕ, ਆਕੜਖਾਨ, ਬੇਸ਼ਰਮ, ਖੁਦਗਰਜ਼, ਕਟੜ-ਪਸੰਦ ਤੇ ਗਰਮ ਮਿਜਾਜ਼ ਦਾ ਹੁੰਦਾ ਹੈ। ਅਤੀ ਤੇ ਜਾਣ ਨਾਲ ਇੱਦਾਂ ਦਾ ਮਨੁੱਖ ਆਪਣੀ ਸੋਚਣ ਸਮਝਣ ਦੀ ਸ਼ਕਤੀ ਤੇ ਸਿਆਣਪ ਗੁਆ ਬੈਠਦਾ ਹੈ।

ੲ) ਸੁਖਮਨਾ ਨਾੜੀ :

ਇਹ ਸਤੋ ਗੁਣ ਦਰਸਾਂਦੀ ਹੈ। ਇਸ ਦੇ ਸਕ੍ਰਿਯ ਹੋਣ ਨਾਲ ਤਮੋ ਤੇ ਰਜੋ ਗੁਣਾਂ ਵਿਚ ਸੰਤੁਲਨ ਆ ਜਾਂਦਾ ਹੈ। ਇਸ ਦਾ ਧਾਰਨੀ, ਪਵਿੱਤਰ, ਧਾਰਮਿਕ, ਸਤਿਵਾਦੀ ਤੇ ਸਮੱਤਾ ਰੱਖਣ ਵਾਲਾ ਹੁੰਦਾ ਹੈ। ਹਉਮੈਂ ਗੁੰਮ ਹੋਣ ਲੱਗਦੀ ਹੈ। ਇੱਥੇ ਮਨ ਦੀ ਆਤਮਾ ਵੱਲ ਦੀ ਯਾਤਰਾ ਸ਼ੁਰੂ ਹੋ ਜਾਂਦੀ ਹੈ ਅਤੇ ਪ੍ਰਮਾਤਮਾ ਤੱਕ ਪਹੁੰਚਾਣ ਦਾ ਰਾਹ ਖੁਲ ਜਾਂਦਾ ਹੈ। ਉਸ ਲਈ ਭੂਤ ਤੇ ਭਵਿੱਖ ਦਾ ਭਾਉ ਖਤਮ ਹੋ ਜਾਂਦਾ ਹੈ ਅਤੇ ਉਹ ਹੁਣ ਦੀ ਘੜੀ (Present) ਵਿਚ ਸਥਿਰ ਰਹਿੰਦਾ ਹੈ।

ਇਸ ਤੋਂ ਅੱਗੇ ਤੁਰੀਆ ਜਾਂ ਚੌਥੇ ਪਦ ਵੱਲ ਦਾ ਸਫਰ ਸ਼ੁਰੂ ਹੁੰਦਾ ਹੈ। ਸੱਪ ਦੀ ਕੁੰਡਲੀ ਦੇ ਤਿੰਨ ਚੱਕਰ ਤਿੰਨ ਗੁਣ ਦਰਸਾਂਦੇ ਹਨ ਅਤੇ ਅੱਧਾ ਚੱਕਰ ਚੌਥੇ ਪਦ ਵੱਲ ਦੀ ਜਾਣਕਾਰੀ। ਸੁਖਮਨਾ ਨਾੜੀ ਦਾ ਮੂੰਹ ਬੰਦ ਰਹਿੰਦਾ ਹੈ ਅਤੇ ਇਸ ਨੂੰ ਸਿਮਰਨ ਅਭਿਆਸ ਰਾਹੀਂ ਹੀ ਖੋਲਿਆ ਜਾ ਸਕਦਾ ਹੈ। ਇੜਾ ਤੇ ਪਿੰਗੁਲਾ ਨਾੜੀਆਂ ਕੁਝ ਦੂਰ ਤੱਕ ਉਪਰ ਉਠਦੀਆਂ ਹਨ ਪਰ ਫਿਰ ਇਹ ਇਕ ਦੂਸਰੇ ਦਾ ਰਾਹ ਕਟ ਦੇਂਦੀਆਂ ਹਨ। ਯਾਨੀ ਇੜਾ ਸੱਜੇ ਪਾਸੇ ਤੇ ਪਿੰਗੁਲਾ ਖੱਬੇ ਪਾਸੇ ਚਲੀ ਜਾਂਦੀ ਹੈ। ਇਸ ਕਾਰਣ ਇਨ੍ਹਾਂ ਵਿਚੋਂ ਸੂਖਮ ਸ਼ਕਤੀ ਦੀ ਗਤੀ ਘੱਟ ਜਾਂਦੀ ਹੈ ਜਾਂ ਬੰਦ ਹੋ ਜਾਂਦੀ ਹੈ।

ਸੁਖਮਨਾ ਸ਼ੁਰੂ ਤੋਂ ਹੀ ਬੰਦ ਹੈ ਅਤੇ ਦੂਸਰੀਆਂ ਦੋ ਨਾੜੀਆਂ ਕੁਝ ਦੂਰ ਚਲ ਕੇ ਬੰਦ ਹੋ ਜਾਂਦੀਆਂ ਹਨ। ਇਹੀ ਕਾਰਣ ਹੈ ਕਿ ਬਹੁਤੇ ਮਨੁੱਖ ਸੱਚੇ ਅਰਥਾਂ ਵਿਚ ਧਾਰਮਿਕ ਨਹੀਂ ਹੋ ਸਕਦੇ ਜਾਂ ਪ੍ਰਭੂ ਵੱਲ ਦੀ ਯਾਤਰਾ ਨਹੀਂ ਕਰ ਸਕਦੇ। ਪਰ ਜਿਨ੍ਹਾਂ ਦੀ ਧਿਆਨ ਰਾਹੀਂ ਸੁਖਮਨਾ ਨਾੜੀ ਪ੍ਰਗਟਦੀ ਹੈ ਤਾਂ ਇਸ ਦੀ ਸ਼ਕਤੀ ਇੜਾ ਤੇ ਪਿੰਗੁਲਾ ਨੂੰ ਸਿਧੇ ਰਾਹ ਵੱਲ ਧਕੇਲ ਦਿੰਦੀ ਹੈ – ਯਾਨੀ ਇੱਡਾ ਤੇ ਪਿੰਗੁਲਾ ਮੁੜ ਖੱਬੇ ਤੇ ਸੱਜੇ ਪਾਸੇ

ਚਲਣ ਲਗਦੀਆਂ ਹਨ ਅਤੇ ਇਨ੍ਹਾਂ ਦੀ ਸ਼ਕਤੀ ਅਖੀਰਲੇ ਚੱਕਰ ਸਹਸਰਧਾਰ, ਜਿੱਥੇ ਪ੍ਰਮਾਤਮਾ ਦਾ ਟਿਕਾਣਾ ਮੰਨਿਆ ਜਾਂਦਾ ਹੈ, ਪਹੁੰਚ ਜਾਂਦੀ ਹੈ।

ਕਿਉਂਕਿ ਸ਼ਕਤੀ ਦੀਆਂ ਇਹ ਤਿੰਨੋ ਨਾੜੀਆਂ ਬਹੁਤਾ ਕਰਕੇ ਬੰਦ ਰਹਿੰਦੀਆਂ ਹਨ, ਇਸ ਲਈ ਸੱਤ ਚੱਕਰਾਂ ਦੀ ਸ਼ਕਤੀ ਦਾ ਪ੍ਰਭਾਵ ਨਾਮ ਮਾਤਰ ਹੀ ਹੁੰਦਾ ਹੈ। ਇਨ੍ਹਾਂ ਚੱਕਰਾਂ ਦੇ ਕਮਜ਼ੋਰ ਹੋਣ ਨਾਲ, ਇੱਥੋਂ ਸਾਡੇ ਸਰੀਰ ਵੱਲ ਜਾਂਦੀਆਂ ਦੂਸਰੀਆਂ ਨਾੜੀਆਂ ਵਿਚ ਵੀ ਸ਼ਕਤੀ ਦਾ ਬਹਾਉ ਘੱਟ ਜਾਂਦਾ ਹੈ। ਜਿੱਦਾਂ ਬੈਟਰੀ ਦੇ ਕਮਜ਼ੋਰ ਹੋਣ ਨਾਲ ਬਲਬ ਦੀ ਰੌਸ਼ਨੀ ਜਾਂ ਪੱਖੇ ਦੀ ਸਪੀਡ ਘੱਟ ਜਾਂਦੀ ਹੈ, ਇੱਦਾਂ ਹੀ ਸਾਡੇ ਸਰੀਰ ਦੀ ਗਤੀਵਿਧੀ ਵੀ ਕਮਜ਼ੋਰ ਪੈ ਜਾਂਦੀ ਹੈ।

ਸ) ਕੁੰਡਲੀ ਚੱਕਰ ਤੇ ਮੂਲ ਮੰਤਰ :

ਜਦੋਂ ਮੈਂ ਕੁੰਡਲੀ ਜਗਾਣ ਦਾ ਅਭਿਆਸ ਕਰ ਰਿਹਾ ਸਾਂ ਤਾਂ ਇਕ ਦਿਨ ਮੇਰਾ ਧਿਆਨ ਐਵੇਂ ਹੀ ਮੂਲ ਮੰਤਰ ਦੀ ਬਨਾਵਟ ਵੱਲ ਚਲਾ ਗਿਆ, ਕਿਉਂ ਗਿਆ ਪਤਾ ਨਹੀਂ। ਮਨ ਵਿਚ ਸਵਾਲ ਉਠਿਆ ਕਿ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੇ ਬੇਅੰਤ ਗੁਣਾਂ ਵਿਚੋਂ ਇਸ ਮੰਤਰ ਲਈ ਸਿਰਫ ਸਤ ਗੁਣ ਹੀ ਕਿਉਂ ਚੁਣੇ –

1) **ਸਤਿਨਾਮ** 2) **ਕਰਤਾ ਪੁਰਖ** 3) **ਨਿਰਭਉ**
4) **ਨਿਰਵੈਰ** 5) **ਅਕਾਲ ਮੂਰਤਿ** 6) **ਅਜੂਨੀ** 7) **ਸੈਭੰ**

ਫਿਰ ਅਗਲਾ ਸਵਾਲ ਉਠਿਆ ਕਿ ਸਤਿਨਾਮ ਦੇ ਬਾਅਦ ਕਰਤਾ ਪੁਰਖ ਜਾਂ ਨਿਰਭਉ ਦੇ ਬਾਅਦ ਹੀ ਨਿਰਵੈਰ ਕਿਉਂ ਆਇਆ? ਕੀ ਇੱਦਾਂ ਦੀ ਤਰਤੀਬ ਵਿਚ ਕੋਈ ਵਿਧੀ ਸੀ ਜਾਂ ਐਵੇਂ ਹੀ ਲਿਖ ਦਿਤੇ ਗਏ ਸਨ? ਅਤੇ ਜੇ ਇਸ ਮੰਤਰ ਵਿਚ ਕੋਈ ਵਿਸ਼ੇਸ਼ ਵਿਧੀ ਸੀ ਤਾਂ ਉਹ ਕੀ ਸੀ? ਅਚਾਨਕ ਮੇਰਾ ਧਿਆਨ ਕੁੰਡਲੀ ਦੇ ਸੱਤ ਚੱਕਰਾਂ ਵੱਲ ਗਿਆ ਅਤੇ ਮੈਨੂੰ ਮਹਿਸੂਸ ਹੋਇਆ ਕਿ ਇਹ ਗੁਣ ਕਿਤੇ ਕੁੰਡਲੀ ਸ਼ਕਤੀ ਦੇ ਸੱਤੇ ਗੁਣ ਤਾਂ ਨਹੀਂ ਦਰਸਾਂਦੇ, ਕੀ ਇਨ੍ਹਾਂ ਦੀ ਤਰਤੀਬ ਕੁੰਡਲੀ ਚੱਕਰਾਂ ਦੇ ਗੁਣਾਂ ਦੀ ਤਰਤੀਬ ਨਾਲ ਮੇਲ ਤਾਂ ਨਹੀਂ ਖਾਂਦੀ? ਹੋਰ ਸਮਝਣ ਲਈ ਮੈਂ ਮੂਲ ਮੰਤਰ ਦਾ ਅਭਿਆਸ ਕੁੰਡਲੀ ਜਗਾਣ ਵਿਚ ਕੀਤਾ ਅਤੇ ਮੇਰੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ ਜਦੋਂ ਇਸ ਰਾਹੀਂ ਕੁੰਡਲੀ ਸ਼ਕਤੀ ਉਪਰ ਉਠ ਕੇ ੴ ਵੱਲ ਜਾਣ ਲੱਗੀ। ਇਸ ਲਈ ਮੈਨੂੰ ਲੱਗਿਆ ਕਿ ਇਸ ਲੇਖ ਰਾਹੀਂ ਮੂਲ ਮੰਤਰ ਤੇ ਕੁੰਡਲੀ ਚੱਕਰਾਂ ਦੇ ਗੁਣਾਂ ਦੀ ਸਮਾਨਤਾ ਦੀ ਗੱਲ ਆਪ ਜੀ ਨਾਲ ਸਾਂਝੀ ਕੀਤੀ ਜਾਏ।

1) ਸਤਿਨਾਮ (ਮੂਲਾਧਾਰ) :

ਅਸੀਂ ੴ (ਪ੍ਰਭੂ) ਤੋਂ ਵਿਛੁੜੇ ਹੋਏ ਹਾਂ ਅਤੇ ਕੁੰਡਲੀ ਦੇ ਸਭ ਤੋਂ ਹੇਠਲੇ ਚੱਕਰ ਮੂਲਾਧਾਰ ਵਿਚ ਵਿਚਰਦੇ ਹਾਂ। ਇਸੇ ਲਈ ਸ਼ਾਇਦ 'ਮੂਲ' ਮੰਤਰ ਤੇ 'ਮੂਲਾਧਾਰ' ਵਿਚ 'ਮੂਲ' ਸਾਂਝਾ ਹੈ। ਇਸ ਦਾ ਸੂਖਮ ਸਥਾਨ ਰੀੜ ਦੇ ਸਭ ਤੋਂ ਹੇਠਲੇ ਭਾਗ ਤੇ ਹੈ। 'ਮੂਲ' ਦਾ ਅਰਥ ਹੈ ਜੜ੍ਹ ਤੇ ਅਧਾਰ ਦਾ ਅਰਥ ਹੈ 'ਸਥਾਨ'। ਸੋ ਮੂਲਾਧਾਰ ਸਤਿ ਦੇ ਵਸਣ ਦਾ ਆਰਜ਼ੀ ਸਥਾਨ ਹੈ। ਗੁਰੂ ਜੀ ਇਸ ਨੂੰ ਸਤਿਨਾਮ ਕਹਿੰਦੇ ਹਨ। ਇਸ ਰਾ ਰਾਹ ਬ੍ਰਹਮ ਗ੍ਰੰਥੀ ਕਾਰਣ ਬੰਦ ਰਹਿੰਦਾ ਹੈ। ਜੋਗ ਸ਼ਾਸਤਰਾਂ ਅਨੁਸਾਰ ਇਸ ਚੱਕਰ ਦੇ ਜਾਗਣ ਨਾਲ ਮਾਸੂਮੀਅਤ, ਬੱਚੇ ਵਰਗੀ ਸਾਦਗੀ, ਪਵਿੱਤਰਤਾ, ਮਮਤਾ ਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇੱਥੋਂ ਹੀ ਧਰਮ ਦੀ ਯਾਤਰਾ ਸ਼ੁਰੂ ਹੁੰਦੀ ਹੈ। ਇਸ ਦਾ ਗੁਰੂ ਗਨਪਤੀ ਹੈ। ਇਸੇ ਕਾਰਣ ਹਰ ਮੰਦਿਰ ਦੇ ਬੂਹੇ ਤੇ ਇਸ ਦਾ ਬੁਤ ਹੁੰਦਾ ਹੈ ਤਾਂਕਿ ਅੰਦਰ ਜਾਣ ਤੋਂ ਪਹਿਲਾਂ ਗਨਪਤੀ ਦੇ ਦਰਸ਼ਨ ਹੋ ਜਾਣ।

2) ਕਰਤਾ ਪੁਰਖ (ਸਵਾਧੀਸਥਾਨ) :

ਇਹ ਸੈਂਟਰ ਸਾਡੇ ਸੈਕਸ ਸੈਂਟਰ (Sex Organ) ਦੇ ਕੋਲ ਸਥਿਤ ਹੈ। ਕਿਉਂਕਿ ਪੁਰਖ ਦੀ ਹੋਂਦ ਇਸੇ ਸੈਂਟਰ ਤੇ ਰੱਖੀ ਹੁੰਦੀ ਹੈ ਇਸ ਲਈ ਗੁਰੂ ਜੀ ਨੇ ਇਸ ਦਾ ਨਾਂ 'ਕਰਤਾ ਪੁਰਖ' ਰੱਖਿਆ ਹੈ। 'ਸਵ' ਦਾ ਅਰਥ ਹੈ 'ਆਪਣਾ' ਅਤੇ 'ਅਧੀਸਥਾਨ' ਦਾ 'ਟਿਕਾਣਾ'। ਸੋ ਸਵਾਧੀਸਥਾਨ ਦਾ ਅਰਥ ਹੈ 'ਆਪਣਾ ਟਿਕਾਣਾ'। ਇਸ ਦਾ ਦੇਵਤਾ ਬ੍ਰਹਮਾ ਮੰਨਿਆ ਗਿਆ ਹੈ ਅਤੇ ਇਸੀ ਕਾਰਣ ਬ੍ਰਹਮਾ ਨੂੰ ਸੰਸਾਰ ਦੀ ਉਤਪਤੀ ਦਾ ਕੰਮ ਮਿਲਿਆ ਹੋਇਆ ਹੈ। ਜਪੁ ਜੀ ਸਾਹਿਬ ਵਿਚ ਇਸ ਨੂੰ 'ਇਕ ਸੰਸਾਰੀ' ਦੇ ਨਾਂ ਨਾਲ ਦਰਸਾਇਆ ਗਿਆ ਹੈ। ਇਸ ਚੱਕਰ ਦੇ ਜਾਗਣ ਨਾਲ ਸਾਡੇ ਪਿਛਲੇ ਜਨਮਾਂ ਦੇ ਛੁਪੇ ਹੋਏ ਸੰਸਕਾਰ ਉਭਰ ਹੋ ਕੇ ਬਾਹਰ ਆਣ ਲੱਗਦੇ ਹਨ ਅਤੇ ਉਹ ਹਮੇਸ਼ਾ ਲਈ ਨਾਸ਼ ਹੋ ਜਾਂਦੇ ਹਨ। ਇਹ ਵੀ ਲਿਖਿਆ ਮਿਲਦਾ ਹੈ ਕਿ ਇਹ ਚੱਕਰ ਲੋਭ, ਕਾਮ ਵਾਸ਼ਨਾ ਤੇ ਕਰੋਧ ਵਧਾਂਦਾ ਹੈ।

3) ਨਿਰਭਉ (ਮਨੀਪੁਰ) :

ਇਹ ਧੁਨੀ ਦੇ ਕੋਲ ਹੈ ਅਤੇ ਸਾਡੇ ਪੇਟ, ਆਂਤੜੀਆਂ ਤੇ ਮਿਹਦੇ ਨੂੰ ਕੰਟਰੋਲ ਕਰਦਾ ਹੈ। ਮਨੀ ਦਾ ਅਰਥ ਹੈ 'ਮਾਣਕ, ਮੋਤੀ' ਤੇ 'ਪੁਰ' ਦਾ 'ਸ਼ਹਿਰ'। ਸੋ ਮਨੀਪੁਰ ਮਾਣਕ-ਮੋਤੀ ਦੀ ਬਸਤੀ ਹੈ। ਤਿਬਤੀ ਇਸ ਨੂੰ 'ਮਨੀ ਪਦਮ' ਜਾਂ 'ਮੋਤੀਆਂ ਵਾਲਾ ਕਮਲ' ਕਹਿੰਦੇ ਹਨ। ਇਸ ਦਾ ਦੇਵਤਾ ਵਿਸ਼ਨੂੰ ਤੇ

ਦੇਵੀ ਲਖਮੀ ਹੈ। ਇਹ ਦੋਵੇਂ ਸਾਡੀ ਜੀਵਨ ਦੀ ਗੱਡੀ ਚਲਾਂਦੇ ਹਨ। ਗੁਰਬਾਣੀ ਵਿਚ ਵਿਸ਼ਨੂੰ 'ਇਕ ਭੰਡਾਰੀ' ਕਰਕੇ ਦਸਿਆ ਗਿਆ ਹੈ। ਇਸ ਚੱਕਰ ਦੀ ਕਮਜ਼ੋਰੀ ਕਾਰਣ ਸਾਨੂੰ ਭੈ ਲੱਗਣ ਲੱਗਦਾ ਹੈ ਕਿ ਸ਼ਾਇਦ ਸਾਡਾ ਧਨ ਜਾਏਗਾ, ਪਦ ਜਾਏਗਾ ਜਾਂ ਸਿਹਤ ਜਾਏਗੀ। ਸਭ ਪਾਸਿਓਂ ਭੈ ਸਤਾਣ ਲੱਗਦਾ ਹੈ। ਇੱਦਾਂ ਦਾ ਪ੍ਰਾਣੀ ਭਉਗ੍ਰਸਤ ਰਹਿੰਦਾ ਹੈ। ਇਸ ਦੇ ਸਕ੍ਰਿਅ ਹੋਣ ਨਾਲ ਮਨੁੱਖ ਭੈ-ਮੁਕਤ ਹੋ ਜਾਂਦਾ ਹੈ। ਇਸੇ ਲਈ ਗੁਰੂ ਜੀ ਨੇ ਇਸ ਚੱਕਰ ਨੂੰ ਨਿਰਭਉ ਦਾ ਨਾਂ ਦਿੱਤਾ ਹੈ।

ਯੋਗ ਸ਼ਾਸਤਰ ਵਿਚ ਲਿਖਿਆ ਹੈ,"ਧਰਮ ਤੇ ਪੇਟ ਇਕ ਦੂਸਰੇ ਨਾਲ ਜੁੜੇ ਹਨ। ਜਦੋਂ ਕੋਈ ਧਰਮ ਵਿਰੁੱਧ ਕਰਮ ਕਰਦਾ ਹੈ ਤਾਂ ਉਸ ਦਾ ਪੇਟ ਖਰਾਬ ਹੋ ਜਾਂਦਾ ਹੈ।" ਸਾਇੰਸ ਵੀ ਮੰਨਦੀ ਹੈ ਕਿ ਪੇਟ ਤੇ ਭਉ ਦਾ ਗਹਿਰਾ ਸਬੰਧ ਹੈ। ਇਸੇ ਲਈ ਭੈ ਦਾ ਅਸਰ ਪੇਟ ਤੇ ਹੁੰਦਾ ਹੈ ਜਿਸ ਦੇ ਕਾਰਣ ਟੱਟੀਆਂ ਲੱਗ ਜਾਂਦੀਆਂ ਹਨ, ਪਿਸ਼ਾਬ ਛੁਟ ਪੈਂਦਾ ਹੈ, ਉਲਟੀ ਆਣ ਲੱਗਦੀ ਹੈ। ਇਸੇ ਲਈ ਇਸ ਸੈਂਟਰ ਦੇ ਵਿਜੇਤਾ ਨੂੰ ਗੁਰੂ ਜੀ ਨੇ 'ਨਿਰਭਉ' ਕਿਹਾ ਹੈ।

4) ਨਿਰਵੈਰ (ਅਨਾਹਤ) :

ਇਹ ਚੱਕਰ ਹਿਰਦੇ ਦੇ ਲਾਗੇ ਹੈ। ਹਿਰਦਾ ਨਿਰਵੈਰਤਾ ਤੇ ਪਿਆਰ ਦਾ ਪ੍ਰਤੀਕ ਹੈ। ਇਸੇ ਲਈ ਗੁਰੂ ਜੀ ਨੇ ਇਸ ਚੱਕਰ ਦਾ ਨਾਂ 'ਨਿਰਵੈਰ' ਰੱਖਿਆ ਹੈ। ਇਸ ਚੱਕਰ ਦੇ ਜਾਗਣ ਨਾਲ ਅਭਿਆਸੀ ਨੂੰ ਟਕਰਾਉ ਰਹਿਤ ਨਾਦ ਸੁਣਦਾ ਹੈ। 'ਅਨ' ਦਾ ਅਰਥ ਹੈ ਬਿਨਾ ਤੇ 'ਹਤ' ਦਾ 'ਟਕਰਾਉ'। ਸੋ 'ਅਨਹਤ' ਉਹ ਨਾਦ ਹੈ ਜਿਹੜਾ ਦੋ ਵਸਤੂਆਂ ਦੇ ਟਕਰਾਉ ਦੇ ਬਿਨਾ ਪੈਦਾ ਹੁੰਦਾ ਹੈ। ਜੋਗੀਆਂ ਨੇ ਇਸ ਬ੍ਰਹਮ ਨਾਦ ਨੂੰ ਇਕ ਹੱਥ ਦੀ ਤਾਲੀ ਦੀ ਆਵਾਜ਼ ਕਿਹਾ ਹੈ। ਕਵੀਆਂ ਨੇ ਇਸ ਨੂੰ ਉਹ ਸਾਜ਼ ਕਿਹਾ ਹੈ ਜਿਹੜਾ ਵਜ ਰਿਹਾ ਹੈ ਪਰ ਬੇ-ਆਵਾਜ਼ ਹੈ। ਇਹ ਨਾਦ ਉਦੋਂ ਮਹਿਸੂਸ ਹੁੰਦਾ ਹੈ ਜਦੋਂ ਸਾਡੇ ਮਨ ਦਾ ਸ਼ੋਰੋ-ਗੁਲ ਬੰਦ ਹੋ ਜਾਂਦਾ ਹੈ ਅਤੇ ਗਿਆਨ ਇੰਦ੍ਰੀਆਂ ਆਪਣੇ ਸੁਨੇਹੇ ਭੇਜਣੇ ਬੰਦ ਕਰ ਦਿੰਦੀਆਂ ਹਨ ਜਾਂ ਮਨ ਇਸ ਨੂੰ ਸੁਨਣਾ ਬੰਦ ਕਰ ਦਿੰਦਾ ਹੈ। ਇੱਥੇ ਕਈਆਂ ਨੂੰ ਭੰਵਰੇ ਦੀ ਗੁਨਗੁਨ ਦੀ ਆਵਾਜ਼ ਸੁਣਦੀ ਹੈ। ਇਸ ਦਾ ਦੇਵਤਾ ਸ਼ਿਵ ਹੈ, ਜਿਸ ਨੂੰ ਜਪੁ ਜੀ ਸਾਹਿਬ ਵਿਚ 'ਇਕ ਲਾਇ ਦੀਬਾਣ' ਕਰਕੇ ਦਸਿਆ ਗਿਆ ਹੈ। ਇੱਥੇ ਪਹੁੰਚਣ ਨਾਲ ਸਰੀਰ ਤੇ ਸੰਸਾਰ ਦਾ ਮੋਹ ਖਤਮ ਹੋ ਜਾਂਦਾ ਹੈ ਅਤੇ ਸਹੀ ਅਰਥਾਂ ਵਿਚ ਬੰਧਨ ਰਹਿਤ ਪ੍ਰਭੂ ਵੱਲ ਦੀ ਯਾਤਰਾ ਸ਼ੁਰੂ ਹੁੰਦੀ ਹੈ। ਇੱਥੇ ਪਹੁੰਚ ਕੇ ਅਭਿਆਸੀ ਦੇ 'ਨਿਰਣੈ' ਵਿਚਾਰ ਜਾਂ ਭਾਵਨਾ ਅਧੀਨ ਨਹੀਂ ਹੁੰਦੇ ਬਲਕਿ ਪ੍ਰਮਾਤਮਾ ਅਧੀਨ ਹੋ ਜਾਂਦੇ ਹਨ। ਇੱਥੇ ਅਪੜਿਆਂ ਅਭਿਆਸੀ ਚੰਗੇ ਕਰਮ ਕਰਨ ਵਾਲਾ ਤੇ ਗਿਆਨ ਇੰਦ੍ਰੀਆਂ ਦੀ ਪਕੜ ਤੋਂ ਮੁਕਤ ਹੁੰਦਾ ਹੈ।

ਇਸ ਤੋਂ ਪਹਿਲਾਂ ਸਾਧਕ ਦੇ ਕਰਮ "ਪਿਛਲੇ ਸੰਸਕਾਰ' ਅਧੀਨ ਸਨ। ਹੁਣ ਉਸ ਦੀ ਆਤਮਾ ਉਡਣ ਲੱਗਦੀ ਹੈ ਅਤੇ ਉਸ ਦੇ ਕਰਮ ਸੰਸਕਾਰ ਅਧੀਨ ਨਹੀਂ ਬਲਕਿ ਪ੍ਰਭੂ ਦੇ ਹੁਕਮ ਅਧੀਨ ਹੋ ਜਾਂਦੇ ਹਨ। ਇਸ ਚੱਕਰ ਤੇ ਸਾਵਧਾਨੀ ਵਰਤਣ ਦੀ ਲੋੜ ਹੈ। ਜਿਹੜਾ ਇੱਥੇ ਅਪੜ ਕੇ ਮੁੜ ਹੇਠਲੇ ਚੱਕਰਾਂ ਵੱਲ ਚਲਾ ਜਾਏ ਤਾਂ ਉਹ ਪਾਗਲ ਹੋ ਸਕਦਾ ਹੈ। ਉਹ ਸੰਸਾਰ ਵਿਚ ਫਿਟ ਨਹੀਂ ਹੋ ਸਕਦਾ ਕਿਉਂਕਿ ਉਸ ਨੂੰ ਪ੍ਰਭੂ ਦੀ ਝਲਕ ਮਿਲ ਗਈ ਹੈ। ਅਤੇ ਉਹ ਠੀਕ ਨਹੀਂ ਹੋ ਸਕਦਾ ਕਿਉਂਕਿ ਹੁਣ ਉਸ ਨੂੰ ਪ੍ਰਭੂ ਦੀ ਝਲਕ ਮਿਲਣੀ ਬੰਦ ਹੋ ਗਈ। ਕਈ ਸਾਧਾ-ਸੰਤਾਂ ਦਾ ਪਾਗਲਾਂ ਵਰਗਾ ਬਿਉਹਾਰ ਇਸੇ ਚੱਕਰ ਤੋਂ ਗਿਰਨ ਕਾਰਣ ਹੁੰਦਾ ਹੈ। ਇਸ ਲਈ ਇੱਥੇ ਅਪੜ ਕੇ ਧਿਆਨੀ ਨੂੰ ਅੱਗੇ ਦਾ ਹੀ ਸੋਚਣਾ ਚਾਹੀਦਾ ਹੈ।

5) ਅਕਾਲ ਮੂਰਤ (ਵਿਸੁਧੀ) :

ਇਹ ਰੀੜ ਦੀ ਹੱਡੀ ਦੇ ਉਪਰਲੇ ਭਾਗ ਜਾਂ ਧੌਣ ਉਪਰ ਹੁੰਦਾ ਹੈ ਜਿਸ ਨੂੰ 'ਧੌਣ ਦਾ ਮਣਕਾ' ਕਹਿੰਦੇ ਹਨ। ਇੱਥ ਹੀ ਸਰਵੀਕਲ ਪਲੇਕਸ (Cervical Plexus) ਹੈ। ਇੱਥੇ ਸਟ ਵਜਣ ਨਾਲ ਮਨੁੱਖ ਦੀ ਮੌਤ ਹੋ ਜਾਂਦੀ ਹੈ ਅਤੇ ਇਸ ਦੇ ਜਾਗਣ ਨਾਲ ਮਨੁੱਖ ਨੂੰ ਆਪਣੇ ਕਾਲ ਰਹਿਤ ਰੂਪ ਦੀ ਸੋਝੀ ਹੋ ਜਾਂਦੀ ਹੈ। ਇਸੇ ਲਈ ਗੁਰੂ ਜੀ ਨੇ ਇਸ ਦਾ ਨਾਂ 'ਅਕਾਲ ਮੂਰਤ' ਰੱਖਿਆ ਹੈ। 'ਵਿਸੁਧ' 'ਸੁਧ' ਦਾ ਖਾਲਸ ਰੂਪ ਹੈ। ਸੋ 'ਵਿਸੁਧੀ' ਸਾਡਾ ਖਾਲਸ ਰੂਪ ਹੈ। ਇੱਥੇ ਅਭਿਆਸੀ ਨੂੰ ਜੀਵਨ-ਮੌਤ, ਦੁੱਖ-ਸੁੱਖ, ਮਾਨ-ਅਪਮਾਨ, ਵੈਰੀ-ਮੀਤ, ਡਰ-ਨਿਡਰ ਸਭ ਬਰਾਬਰ ਲੱਗਦੇ ਹਨ। ਉਹ ਭਉ, ਵੈਰ, ਕਾਮ ਤੋਂ ਪਰ੍ਹੇ ਚਲਾ ਗਿਆ ਹੈ। ਉਸ ਨੂੰ ਸਮਤਾ ਪ੍ਰਦਾਨ ਹੋ ਗਈ ਹੈ। ਉਸ ਲਈ ਗੁਰਬਾਣੀ ਕਹਿੰਦੀ ਹੈ -

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥
(ਅੰਗ ੨੧੯)

ਇਸ ਚੱਕਰ ਦਾ ਦੇਵਤਾ ਕ੍ਰਿਸ਼ਨ ਹੈ। ਇੱਥੇ ਪਹੁੰਚ ਕੇ

ਸਾਧਕ ਤ੍ਰੈ ਗੁਣ ਅਤੀਤ ਹੋ ਜਾਂਦਾ ਹੈ। ਤਮੋ, ਰਜੋ, ਸਤੋ ਗੁਣ ਉਸ ਨੂੰ ਪ੍ਰਭਾਵਿਤ ਨਹੀਂ ਕਰਦੇ। ਪ੍ਰਭੂ ਦੀ ਝਲਕ ਜਿਹੜੀ ਪਿਛਲੇ ਅਨਾਹਤ ਚੱਕਰ ਵਿਚ ਆਂਦੀ ਜਾਂਦੀ ਰਹਿੰਦੀ ਸੀ, ਸਥਿਰ ਹੋ ਜਾਂਦੀ ਹੈ। ਚੇਤਨਾ ਪੂਰੀ ਤਰ੍ਹਾਂ ਜਾਗ ਜਾਂਦੀ ਹੈ। ਉਸ ਨੂੰ ਸਦੀਵੀ ਅੰਮ੍ਰਿਤ ਵਰਖਾ ਮਹਿਸੂਸ ਹੁੰਦੀ ਰਹਿੰਦੀ ਹੈ ਜਿਸ ਨੂੰ ਗੁਰਬਾਣੀ ਕਹਿੰਦੀ ਹੈ –

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ॥

(ਅੰਗ ੧੦੨)

ਇਹ ਅੰਮ੍ਰਿਤ ਉਸ ਨੂੰ ਆਪਣੇ ਸਦੀਵੀ ਰਹਿਣ ਵਾਲੇ ਵਜੂਦ ਦੀ ਸੋਝੀ ਦੇਂਦਾ ਹੈ। ਇੱਥੇ ਪਹੁੰਚਿਆ ਮਨੁਖ ਹੱਸ ਹੱਸ ਕੇ ਮੌਤ ਨੂੰ ਗਲੇ ਲਾਂਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਉਸ ਦੀ ਕੋਈ ਮੌਤ ਨਹੀਂ। ਜੋ ਮਰਦਾ ਹੈ, ਕਟਿਆ, ਵਢਿਆ, ਚੀਰਿਆ, ਸਾੜਿਆ ਜਾ ਸਕਦਾ ਹੈ ਉਹ ਸਰੀਰ ਹੈ, ਅਤੇ ਉਹ ਸਰੀਰ ਨਹੀਂ। ਉਹ ਤਾਂ ਅਕਾਲ ਮੂਰਤ ਹੈ।

6) ਅਜੂਨੀ (ਅੰਜਨਾ) :

ਇਹ ਚੱਕਰ ਭਰਵਟਿਆਂ ਵਿਚਕਾਰ ਹੈ ਅਤੇ ਪੀਨੀਅਲ ਗਲੈਂਡ (Pineal Gland) ਨਾਲ ਜੁੜਿਆ ਹੈ। ਇਸ ਗਲੈਂਡ ਵਿਚ ਪਿਛਲੀਆਂ ਸਾਰੀਆਂ ਜੂਨਾਂ ਦੇ ਅਨੁਭਵ ਸੁਰੱਖਿਅਤ ਹੁੰਦੇ ਹਨ। ਇਸ ਨੂੰ ਸ਼ਿਵਜੀ ਦੀ ਤੀਸਰੀ ਅੱਖ, 'ਗੁਰੂ ਚੱਕਰ', ਜਾਂ 'ਆਗਿਆ ਚੱਕਰ' ਵੀ ਕਿਹਾ ਗਿਆ ਹੈ। ਇੜਾ-ਪਿੰਗੁਲਾ-ਸੁਖਮਨਾ, ਜਿਹੜੀਆਂ ਤਿੰਨ ਨਾੜੀਆਂ ਪਹਿਲਾਂ ਉਲਟੀਆਂ ਚਲ ਰਹੀਆਂ ਸਨ, ਮੁੜ ਸਿਧੀਆਂ ਹੋ ਜਾਂਦੀਆਂ ਹਨ। ਅਭਿਆਸੀ ਦੀ ਸੁਰਤ ਹਮੇਸ਼ਾ ਪ੍ਰਭੂ ਦੇ ਚਰਣਾਂ ਵਿਚ ਜੁੜੀ ਰਹਿੰਦੀ ਹੈ। ਇੱਥੋਂ ਅੱਗੇ ਜਾਣ ਦਾ ਰਾਹ ਸੁਖਾਲਾ ਹੋ ਜਾਂਦਾ ਹੈ। ਇਸ ਬਾਰੇ ਗੁਰਬਾਣੀ ਕਹਿੰਦੀ ਹੈ –

ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ॥

(ਅੰਗ ੬੨)

ਹਉਮੈ ਪੂਰੀ ਤਰ੍ਹਾਂ ਖਤਮ ਹੋ ਜਾਂਦੀ ਹੈ ਅਤੇ ਅਭਿਆਸੀ 'ਸੁੰਨ' ਅਵਸਥਾ ਵਿਚ ਪਹੁੰਚ ਜਾਂਦਾ ਹੈ। ਉਹ ਸਰੀਰ ਦੀ ਮੌਤ ਦੀ ਪ੍ਰਕ੍ਰਿਆ ਵਿਚੋਂ ਲੰਘ ਜਾਂਦਾ ਹੈ। ਇਸ ਨੂੰ ਧਰਮ ਗ੍ਰੰਥਾਂ ਵਿਚ 'ਦੂਸਰਾ ਜਨਮ' ਕਿਹਾ ਗਿਆ ਹੈ। ਸਰੀਰਕ ਤੌਰ ਤੇ ਸਭ ਦਾ ਪਹਿਲਾ ਜਨਮ ਹੁੰਦਾ ਹੈ ਪਰ ਆਤਮਕ ਤੋਰ ਤੇ ਦੂਸਰਾ ਜਨਮ ਕਿਸੇ ਕਿਸੇ ਦਾ ਹੀ ਹੁੰਦਾ ਹੈ। ਇੱਥੇ ਪਹੁੰਚੇ ਮਨੁੱਖ ਨੂੰ ਆਪਣੀਆਂ ਪਿਛਲੀਆਂ ਸਾਰੀਆਂ ਜੂਨਾਂ ਦਾ ਅਨੁਭਵ ਹੋ ਜਾਂਦਾ ਹੈ। ਆਪਣੀ ਸਾਰੀ ਲੰਬੀ ਯਾਤਰਾ ਦੀ ਸੋਝੀ ਪੈ ਜਾਂਦੀ ਹੈ। ਉਹ ਆਪਣੀ ਜੂਨਾਂ ਦੀ ਕੈਦ ਨੂੰ ਪਹਿਚਾਣ ਕੇ ਜੂਨਾਂ ਤੋਂ ਪਰ੍ਹੇ ਚਲਾ ਜਾਂਦਾ ਹੈ। ਇਸ ਲਈ ਗੁਰੂ ਜੀ ਨੇ ਇਸ ਚੱਕਰ ਨੂੰ 'ਅਜੂਨੀ' ਕਿਹਾ। ਇੱਥੇ ਤੀਸਰੀ 'ਰੁਦਰਾ ਗ੍ਰੰਥੀ (Rudra Granthi) ਫਟ ਜਾਂਦੀ ਹੈ ਅਤੇ ਪ੍ਰਭੂ ਵੱਲ ਦਾ ਰਾਹ ਸਾਫ ਦਿਸਣ ਲੱਗਦਾ ਹੈ।

6) ਸੈਭੰ (ਸਹਸਧਾਰ) :

ਇਹ ਚੱਕਰ ਤਾਲੂ ਤੇ ਮੰਨਿਆ ਜਾਂਦਾ ਹੈ। ਇਹ ਸਰੀਰ ਦੀਆਂ ਤੇ ਸੂਖਮ ਨਾੜੀਆਂ ਦਾ ਸੈਂਟਰ ਹੈ। ਇਸ ਲਈ ਇਸ ਨੂੰ ਹਜ਼ਾਰ (ਸਹਸ) ਧਾਰਾ (ਧਾਰ) ਜਾਂ ਬੇਅੰਤ ਧਾਰਾਂ ਦਾ ਸੈਂਟਰ ਕਿਹਾ ਗਿਆ ਹੈ। ਆਤਮਾ ਤੇ ਪ੍ਰਮਾਤਮਾ ਦੇ ਵਿਕਾਰ ਦੀ ਵਿਥ ਮਿਟ ਜਾਂਦੀ ਹੈ। ਅਭਿਆਸੀ ਨੂੰ ਆਪਣਾ ਸਵ-ਸਰੂਪ ਦਿਸਣ ਲੱਗਦਾ ਹੈ। ਗੁਰੂ ਜੀ ਨੇ ਇਸ ਚੱਕਰ ਨੂੰ 'ਸੈਭੰ' ਕਿਹਾ ਹੈ। 'ਸੈ' ਦਾ ਅਰਥ ਹੈ 'ਆਪਣੇ ਆਪ' ਤੇ 'ਭੰ' ਦਾ ਅਰਥ ਹੈ 'ਹੋਣਾ'। 'ਸੈਭੰ' ਦਾ ਅਰਥ ਹੈ 'ਆਪਣੇ ਆਪ ਤੋਂ ਹੋਣਾ'। ਆਤਮਾ ਦੀ ਹੋਂਦ ਪ੍ਰਮਾਤਮਾ ਦੀ ਹੋਂਦ ਹੀ ਹੈ। ਉਹ ਪ੍ਰਭੂ ਦਾ ਹੀ ਰੂਪ ਹੈ, ਉਹ ਉਸ ਨਾਲੋਂ ਅਲਗ ਨਹੀਂ। ਕਰਣ-ਕਾਰਣ ਜਾਂ ਕਰਤਾ-ਕਿਰਤ ਦਾ ਭਰਮ ਮਿਟ ਜਾਂਦਾ ਹੈ। ਸਭਨੀ ਥਾਈਂ ਉਹੀ ਦਿਸਦਾ ਹੈ, ਸਭਨਾਂ ਵਿਚ ਉਹੀ ਦਿਸਦਾ ਹੈ। ਇਸ ਅਵਸਥਾ ਨੂੰ ਗੁਰਬਾਣੀ ਕਹਿੰਦੀ ਹੈ –

ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ॥

(ਅੰਗ ੩੯)

ਇਹੀ ਤ੍ਰੈ ਗੁਣ ਅਤੀਤ ਜਾਂ ਤੁਰੀਆ ਅਵਸਥਾ ਹੈ। ਇਹੀ ਪ੍ਰਭੂ ਵੱਲ ਦੀ ਯਾਤਰਾ ਦਾ ਅੰਤ ਹੈ। ਇੱਥੇ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ, ਜੋਤ ਵਿਚ ਜੋਤ ਰਲ ਜਾਂਦੀ ਹੈ –

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ॥

(ਅੰਗ ੬੩੩)

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

(ਅੰਗ ੮੪੬)

ਇੱਥੇ ਸਾਧਕ ਤੇ ਸਾਧ, ਦ੍ਰਸ਼ਟਾ ਤੇ ਦ੍ਰਿਸ਼, ਪ੍ਰਾਣੀ ਤੇ ਪ੍ਰਭੂ ਇਕ-ਮਿਕ ਹੋ ਜਾਂਦੇ ਹਨ।

ਚੱਕਰਾਂ ਦੇ ਬਾਹਰਲੇ ਪ੍ਰਤੀਕ

ੳ) ਇੜਾ-ਪਿੰਗੁਲਾ-ਸੁਖਮਨਾ

ਸਾਡੇ ਦੇਸ਼ਵਾਸੀ ਕੁੰਡਲੀ ਜਾਂ ਚੱਕਰਾਂ ਦੀ ਗਹਿਰਾਈ ਨੂੰ ਨਾ ਸਮਝ ਸਕੇ ਅਤੇ ਪ੍ਰਤੀਕਾਂ ਨੂੰ ਪਕੜ ਕੇ ਬੈਠ ਗਏ। ਇਨ੍ਹਾਂ

ਨੇ ਇੜਾ ਨੂੰ ਜਮੁਨਾ, ਪਿੰਗੁਲਾ ਨੂੰ ਗੰਗਾ ਤੇ ਸੁਖਮਨਾ ਨੂੰ ਗੁਪਤ ਸਰਸਵਤੀ ਮੰਨ ਲਿਆ ਅਤੇ ਇਨ੍ਹਾਂ ਦੇ ਧਰਤੀ ਉਪਰ ਮਿਲਣ ਸਥਾਨ (ਸੰਗਮ) ਨੂੰ ਆਪਣੀ ਆਤਮਾ ਦੇ ਪ੍ਰਮਾਤਮਾ ਨਾਲ ਮਿਲਣ ਦਾ ਸਥਾਨ ਮੰਨ ਲਿਆ। ਅੰਦਰ ਸਿਮਰਨ-ਧਿਆਨ ਕੀਤਾ ਨਹੀਂ ਅਤੇ ਸਿਰਫ ਪ੍ਰਯਾਗ (ਅਲਾਹਬਾਦ, ਯੂ. ਪੀ.) ਦੇ ਇਸ਼ਨਾਨ ਨੂੰ ਮੁਕਤੀ ਮਾਰਗ ਮੰਨ ਲਿਆ –

ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥
ਪ੍ਰਾਗ ਇਸਨਾਨੇ॥ ਤਉ ਨ ਪੁਜਹਿ ਹਰਿ ਕੀਰਤਿ ਨਾਮਾ॥
(ਅੰਗ ੮੭੩)

ਅ) ਅਠਸਠਿ ਤੀਰਥ :

ਇੱਦਾਂ ਹੀ ਅੰਦਰ ਦੇ ਸੱਤ ਚੱਕਰ ਲੱਬਣ ਅਤੇ ਉਥੇ ਇਸ਼ਨਾਨ ਕਰਨ ਦੀ ਥਾਂ ਲੋਕਾਂ ਨੇ ਸੱਤ ਮੁੱਖ ਤੀਰਥ ਬਣਾ ਲਏ ਅਤੇ ਮੰਨ ਲਿਆ ਕਿ ਇਨ੍ਹਾਂ ਉਪਰ ਇਸ਼ਨਾਨ ਕਰਨ ਨਾਲ ਮਨੁੱਖ ਸਤੋ ਚੱਕਰ ਪਾਰ ਕਰ ਲੈਂਦਾ ਹੈ। ਇਹ ਸੱਤ ਮੁਕਤੀ ਦਾਇਕ ਨਦੀਆਂ ਹਨ – ਗੰਗਾ, ਜਮੁਨਾ, ਸਰਸਵਤੀ, ਸਤਲੁਜ, ਇਰਾਵਤੀ, ਮੁਰਦਵ੍ਰਿਧਾ ਤੇ ਬਿਆਸ। ਇੱਦਾਂ ਹੀ ਅਠਸਠਿ ਤੀਰਥ ਥਾਪ ਲਏ। ਸੱਤ ਚੱਕਰਾਂ ਤੋਂ ਸੂਖਮ ਸ਼ਕਤੀ ਜਿਹੜੇ 68 ਸੈਂਟਰਾਂ ਵੱਲ ਜਾਂਦੀ ਸੀ, ਉਨ੍ਹਾਂ ਨੂੰ ਟੋਲਣ ਦੀ ਥਾਂ ਅਸੀਂ ਬਾਹਰਲੇ ਤੀਰਥ ਸਥਾਨ ਬਣਾ ਲਏ। ਇੱਦਾਂ ਦੇ 68 ਸਥਾਨਾਂ ਵਿਚੋਂ ਕੁਝ ਐਸੇ ਹਨ ਜਿੱਥੇ ਸਾਡੇ ਗੁਰੂ ਸਾਹਿਬਾਨ ਗਏ ਅਤੇ ਲੋਕਾਂ ਨੂੰ ਅੰਦਰਲੇ ਇਸ਼ਨਾਨ ਕਰਨ ਲਈ ਸਮਝਾਇਆ – ਉਹ ਸਥਾਨ ਹਨ – ਕੁਰਕੁਸ਼ੇਤਰ, ਗਯਾ, ਓਂਕਾਰ, ਅਯੁਧਿਆ, ਹਰਿਦੁਆਰ, ਕਾਂਸ਼ੀ, ਜਗਨਨਾਥ ਪੁਰੀ, ਪ੍ਰਯਾਗ, ਗੰਗੇਸ਼ਵਰ। ਆਪ ਜੀ ਨੇ ਉਥੇ ਜਾ ਕੇ ਸਮਝਾਇਆ –

ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ॥
(੧੦੦੯)

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥
(ਅੰਗ ੪੭੩)

ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ॥
(੧੦੧੩)

ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ॥
ਅਠਸਠਿ ਮਜਨੁ ਹਰਿ ਰਸੁ ਰੇਦ॥
(ਅੰਗ ੩੫੩)

ੲ) ਕੁੰਡਲੀ ਦੀ ਨਿਖੇਧੀ :

ਆਪ ਜੀ ਨੂੰ ਹੈਰਾਨਗੀ ਹੋਏਗੀ ਕਿ ਯੋਗ ਸ਼ਾਸਤਰ ਦੇ ਕਰਤਾ ਪਤਾਂਜਲੀ ਨੇ ਕਿਧਰੇ ਵੀ ਕੁੰਡਲੀ ਦਾ ਜ਼ਿਕਰ ਨਹੀਂ ਕੀਤਾ। ਗੁਰਬਾਣੀ ਵਿਚ ਵੀ ਕੁੰਡਲੀ ਦਾ ਜ਼ਿਕਰ ਨਹੀਂ, ਨਾ ਹੀ ਗੁਰਮਤਿ ਇਸ ਦੇ ਅਭਿਆਸ ਦੀ ਸਿਫਾਰਸ਼ ਕਰਦੀ ਹੈ। ਕਿਉਂ? ਇਸ ਦਾ ਮੁੱਖ ਕਾਰਣ ਇਹੀ ਲੱਗਦਾ ਹੈ ਕਿ ਬਹੁਤੇ ਅਭਿਆਸੀਆਂ ਨੇ ਕੁੰਡਲੀ ਅਭਿਆਸ ਦੌਰਾਨ ਉਪਜੀ ਸ਼ਕਤੀ ਦੀ ਦੁਰਵਰਤੋਂ ਕਰਣੀ ਸ਼ੁਰੂ ਕਰ ਦਿੱਤੀ ਸੀ। ਉਹ ਪ੍ਰਭੂ ਵੱਲ ਦੇ ਰਾਹ ਤੋਂ ਹੱਟ ਕੇ ਰਿਧੀਆਂ-ਸਿਧੀਆਂ ਤੇ ਮੰਤਰ-ਤੰਤਰ ਵਿਚ ਪੈ ਗਏ ਸਨ। ਕਈਆਂ ਨੇ ਇਸ ਸੂਖਮ ਸ਼ਕਤੀ ਦੀ ਵਰਤੋਂ ਦੂਸਰਿਆਂ ਨੂੰ ਨੁਕਸਾਨ ਪਹੁੰਚਾਣ ਲਈ ਕਰਨੀ ਸ਼ੁਰੂ ਕਰ ਦਿੱਤੀ ਸੀ। ਇਹ ਗਲਤ ਵਰਤੋਂ ਐਨੀ ਵੱਧ ਗਈ ਸੀ ਕਿ ਕਈ ਧਰਮ ਵਾਲਿਆਂ ਨੇ ਸੱਚੇ ਸੰਤ ਦੀ ਪਹਿਚਾਣ ਇਸ ਸ਼ਕਤੀ ਦੀ ਨੁਮਾਇਸ਼ ਹੀ ਮੰਨ ਲਿਆ ਸੀ। ਸੱਚਾ ਪੀਰ ਉਹੀ ਜਿਹੜਾ ਕੋਈ ਕਰਾਮਾਤ ਦਿਖਾ ਸਕੇ। ਇਸੇ ਲਈ ਮੁਗਲ ਬਾਦਸ਼ਾਹ ਸਿੱਖ ਗੁਰੂਆਂ ਨੂੰ ਬਾਰ ਬਾਰ ਕੋਈ ਕਰਾਮਾਤ ਦਿਖਾਣ ਲਈ ਕਹੀ ਜਾਂਦੇ ਸਨ। ਇਹੀ ਕਾਰਣ ਹੈ ਕਿ ਈਸਾਈਅਤ ਵਿਚ ਕਿਸੇ ਨੂੰ ਸੰਤ (Saint) ਅਖਵਾਣ ਲਈ ਕੋਈ ਦੋ ਕਰਾਮਾਤਾਂ ਦਿਖਾਣੀਆਂ ਪੈਂਦੀਆਂ ਹਨ। ਮਦਰ ਟੈਰੇਸਾ ਨੂੰ ਮਰਣ ਉਪਰੰਤ ਸੇਟਹੁਡ ਦੀ ਪਦਵੀ ਦੇਣ ਤੋਂ ਪਹਿਲਾਂ ਉਸ ਵੱਲੋਂ ਦਿਖਾਈਆਂ ਦੋ ਕਰਾਮਾਤਾਂ ਦੀ ਜਾਂਚ-ਪੜਤਾਲ ਕੀਤੀ ਗਈ। ਪਰ ਸਾਡੇ ਗੁਰੂਆਂ ਨੇ ਕਰਾਮਾਤ ਦਿਖਾਣ ਨੂੰ ਪ੍ਰਭੂ ਦੇ ਹੁਕਮ ਵਿਚ ਦਖਲ ਮੰਨਿਆ ਹੈ ਅਤੇ ਇਸ ਦੀ ਨਿਖੇਧੀ ਕੀਤੀ ਹੈ। ਗੁਰਬਾਣੀ ਵਿਚ ਸਪਸ਼ਟ ਹੈ ਕਿ ਸਿੱਖੀ ਵਿਚ ਸੱਚੇ ਨਾਮ ਤੋਂ ਇਲਾਵਾ ਹੋਰ ਕੋਈ ਕਰਾਮਾਤ ਨਹੀਂ। ਪ੍ਰਭੂ ਦੇ ਹੁਕਮ ਵਿਚ ਜੋ ਮਿਲੇ ਉਸ ਨੂੰ ਖੁਸ਼ੀ ਖੁਸ਼ੀ ਸਵੀਕਾਰ ਕਰਨਾ ਹੀ ਕਰਾਮਾਤ ਹੈ –

ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥
(ਅੰਗ ੪੭੫)

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
(ਅੰਗ ੫੯੩)

ਇਸ ਸ਼ਬਦ ਵਿਚ ਗੁਰੂ ਜੀ ਬਾਹਰਲੇ ਇਸ਼ਨਾਨਾਂ ਨੂੰ ਛੱਡ ਕੇ (ਅਤੇ ਕੁੰਡਲੀ ਦੇ ਅਭਿਆਸ ਨੂੰ ਛੱਡ ਕੇ) ਮੂਲ ਮੰਤਰਾਂ ਵਿਚੋਂ ਦਰਸਾਏ ਪ੍ਰਭੂ ਦੇ ਗੁਣ ਅਪਨਾਣ ਲਈ ਕਹਿੰਦੇ ਹਨ।

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥
(ਅੰਗ ੧੧੦੯)

❋❋❋

– ਜੋਗਿੰਦਰ ਸਿੰਘ ਸੇਠੀ
ਮੋਬਾਇਲ : 9833393536

ਗੁਰਦੁਆਰਾ ਗੁਰੂ ਨਾਨਕ ਘਾਟ, ਉਜੈਨ

ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਿਆਂ ਦੀ ਖੋਜ ਜਾਰੀ ਰੱਖਣ ਬਾਰੇ ਯੋਜਨਾ ਬਣਾ ਲਈ ਜਿਸ ਅਨੁਸਾਰ ਪਹਿਲਾਂ ਉਜੈਨ, ਫਿਰ ਇੰਦੌਰ, ਓਅੰਕਾਰੇਸ਼ਵਰ, ਬੇਤਮਾ ਤੇ ਫਿਰ ਧਾਰ ਦੇ ਗੁਰੂ ਨਾਨਕ ਦੇਵ ਜੀ ਦੇ ਚਰਨ ਚਿਨ੍ਹਾਂ ਦੀ ਖੋਜ ਕਰਨੀ ਸੀ।ਮੱਧ ਪ੍ਰਦੇਸ਼ ਦਾ ਸ਼ਹਿਰ ਉਜੈਨ ਜਿੱਥੇ ਸ੍ਰੀਲੰਕਾ ਜਾਂਦੇ ਹੋਏ ਗੁਰੂ ਨਾਨਕ ਦੇਵ ਜੀ ਆਪਣੀ ਦੂਜੀ ਉਦਾਸੀ ਵੇਲੇ ਇਸ ਖੇਤਰ ਵਿੱਚ ਆਏ ਸਨ, ਮਹੂ ਤੋਂ ਲਗਭਗ ਦੋ ਢਾਈ ਘੰਟੇ ਦੀ ਦੂਰੀ 'ਤੇ ਸੀ ।

ਮੱਧ ਪ੍ਰਦੇਸ਼ ਭਾਰਤ ਦਾ ਕੇਂਦਰੀ ਰਾਜ ਹੈ ਜਿਸ ਦੇ ਉੱਤਰ ਵਿਚ ਉੱਤਰ-ਪ੍ਰਦੇਸ਼ ਅਤੇ ਰਾਜਸਥਾਨ, ਪੱਛਮ ਵਿਚ ਗੁਜਰਾਤ ਅਤੇ ਰਾਜਸਥਾਨ, ਦੱਖਣ ਵਿਚ ਮਹਾਰਾਸ਼ਟਰ ਅਤੇ ਪੂਰਬ ਵਿਚ ਬਿਹਾਰ ਸਥਿਤ ਹੈ। ਇਹ 4,43,446 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ। ਮੁੱਖ ਖੇਤਰ ਪਹਾੜੀ ਹੈ ਅਤੇ ਇਸਦਾ ਇੱਕ ਹਿੱਸਾ ਜੰਗਲੀ ਹੈ। ਇਸਦੀ ਅਬਾਦੀ 66,181,170 (1991 ਦੀ ਜਨਗਣਨਾ) ਹੈ। ਰਾਜ ਦੀ ਰਾਜਧਾਨੀ ਭੁਪਾਲ ਵਿੱਚ ਹੈ। ਗੁਰੂ ਨਾਨਕ ਦੇਵ ਜੀ ਦੀ ਯਾਤ੍ਰਾ ਸਮੇਂ ਇਸ ਇਲਾਕੇ ਉੱਤੇ ਮੁਸਲਮਾਨ ਸ਼ਾਸਕਾਂ ਦਾ ਸ਼ਾਸਨ ਸੀ। ਇਸ ਲੇਖਕ ਨੇ ਪਹਿਲਾਂ 1983-1985 ਵੇਲੇ ਇਸ ਰਾਜ ਵਿੱਚ ਸੇਵਾ ਨਿਭਾਈ ਸੀ। ਪ੍ਰਾਪਤ ਦਸਤਾਵੇਜ਼ਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੋ ਵਾਰ ਮੱਧ ਪ੍ਰਦੇਸ਼ ਵਿਚ ਦਾਖਲ ਹੋਏ; ਇਕ ਵਾਰ ਪਹਿਲੀ ਯਾਤਰਾ ਦੌਰਾਨ ਅਤੇ ਦੁਜੀ ਵਾਰ ਦੁਸਰੀ ਯਾਤਰਾ ਦੌਰਾਨ ਜਦੋਂ ਦੱਖਣ ਵੱਲ ਜਾਂਦੇ ਹੋਏ। ਪਹਿਲੀ ਯਾਤਰਾ ਵਿਚ ਉਹ ਉੜੀਸਾ ਦੇ ਪੁਰੀ, ਭੁਬਨੇਸ਼ਵਰ ਤੋਂ ਵਾਪਸ ਪਰਤੇ ਅਤੇ ਮੱਧ ਪ੍ਰਦੇਸ਼ ਦੇ ਸਰਨਗੜ ਪਹੁੰਚੇ। ਏਥੋਂ ਉਹ ਅਮਰਕੰਟਕ ਗਏ ਅਤੇ ਫਿਰ ਜਬਲਪੁਰ ਆ ਗਏ। ਮਨੀਪੁਰ ਨੇੜੇ ਚਿਤ੍ਰਕੁੱਟ ਦਾ ਦੌਰਾ ਕਰਨ ਤੋਂ ਬਾਅਦ ਉਹ ਮਹੀਅਰ ਨਗਰ ਗਏ। ਚੰਦੇਰੀ, ਝਾਂਸੀ, ਗਵਾਲੀਅਰ, ਕਰੌਲੀ, ਧੌਲਪੁਰ ਅਤੇ ਭਰਤਪੁਰ ਦਾ ਦੌਰਾ ਕਰਨ ਤੋਂ ਬਾਅਦ ਉਹ ਮਥੁਰਾ ਪਹੁੰਚੇ। ਅਮਰਕੰਟਕ, ਜਬਲਪੁਰ, ਗਵਾਲੀਅਰ ਅਤੇ ਮਥੁਰਾ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਯਾਤਰਾ ਦੀ ਯਾਦ ਦਿਵਾਉਂਦੇ ਹਨ।

ਆਪਣੀ ਦੂਸਰੀ ਯਾਤਰਾ ਦੌਰਾਨ ਉਹ ਰਾਜਸਥਾਨ ਦੇ ਬਾਂਸਵਾੜਾ ਤੋਂ ਮੱਧ ਪ੍ਰਦੇਸ਼ ਵਿਚ ਦੁਬਾਰਾ ਦਾਖਲ ਹੋਏ ਅਤੇ ਮੱਧ ਪ੍ਰਦੇਸ਼ ਦੇ ਜੌੜਾ ਨਗਰ ਪਹੁੰਚ ਗਏ। ਇਸ ਤੋਂ ਬਾਅਦ ਮੈਹਿਦਪੁਰ ਵਿਚੋਂ ਦੀ ਲੰਘਦਿਆਂ, ਉਨ੍ਹਾਂ ਨੇ ਉਜੈਨ ਵੇਖਿਆ ਜੋ ਪ੍ਰਾਚੀਨ ਸਮੇਂ ਵਿਚ ਅਵੰਤਕਾ ਵਜੋਂ ਜਾਣਿਆ ਜਾਂਦਾ ਸੀ। ਆਪਣੇ ਪਿਤਾ ਦੇ ਪਾਟਲੀਪੁੱਤਰ (ਪਟਨਾ) ਦੇ ਸ਼ਾਸਨਕਾਲ ਦੌਰਾਨ ਉਜੈਨ ਅਸ਼ੋਕ ਦਾ ਧਾਰਮਿਕ ਸਿਖਿਆ ਸਥਾਨ ਸੀ ਜੋ ਪ੍ਰਸਿੱਧ ਰਾਜਾ ਵਿਕਰਮਾਦਿੱਤਿਆ ਦੀ ਰਾਜਧਾਨੀ ਦੇ ਤੌਰ ਤੇ ਜਾਣਿਆ ਜਾਂਦਾ ਹੈ ਜਿਸ ਦੇ ਦਰਬਾਰ ਵਿੱਚ ਹਿੰਦੂ ਸਾਹਿਤ ਦੇ "ਨੌਂ ਜਵਾਹਰ" ਪ੍ਰਫੁੱਲਤ ਹੋਏ ਹਨ। ਇਹਨਾਂ ਵਿਚੋਂ ਕਵੀ ਕਾਲੀਦਾਸ ਸਭ ਤੋਂ ਮਸ਼ਹੂਰ ਸਨ। ਇਥੇ ਹੀ ਭਗਵਾਨ ਸ਼ਿਵ ਨੇ ਤ੍ਰਿਪੁਰਾ ਨਾਮ ਦੇ ਦੁਸ਼ਟ ਦੂਤ ਨੂੰ ਜਿੱਤਿਆ। ਇਥੇ ਦੇਸ਼ ਦੇ ਹਰ ਕੋਨੇ ਤੋਂ ਹਜ਼ਾਰਾਂ ਹਿੰਦੂ ਸ਼ਰਧਾਲੂ ਦਰਸ਼ਨਾਂ ਲਈ ਆਉਂਦੇ ਹਨ । ਉਜੈਨ ਹਰ 12 ਸਾਲਾਂ ਵਿਚ ਲਗਦੇ ਕੁੰਭ ਮੇਲੇ ਲਈ ਵੀ ਮਸ਼ਹੂਰ ਹੈ । ਪ੍ਰਸਿੱਧ ਹਿੰਦੂ ਮੰਦਰਾਂ ਵਿੱਚ ਸ੍ਰੀ ਮਹਾਕਲੇਸ਼ਵਰ ਮੰਦਰ ਜਯੋਤਰਲਿੰਗ ਅਤੇ ਸ਼ਿਵ ਸ਼ਕਤੀ ਪੀਠ ਲਈ ਜਾਣਿਆ ਜਾਂਦਾ ਹੈ।

ਮਿਹਰਬਾਨ ਦੀ ਜਨਮਸਾਖੀ ਵਿੱਚ ਗੁਰੂ ਜੀ ਦੀ ਉਜੈਨ ਫੇਰੀ ਦਾ ਵਰਨਣ ਮਿਲਦਾ ਹੈ । "ਤਬ ਦਖਣ ਦੀ ਧਰਤੀ ਠਗਹੁੰ ਸਾਥਿ ਗੋਸ਼ਟਿ ਕਰਿ ਕਰਿ ਗੁਰੂ ਬਾਬਾ ਨਾਨਕ

ਜੀ ਉਜੈਣ ਨਗਰੀ ਜਾਇ ਨਿਕਲਿਆ। ਤਬ ਉਹਾ ਭਰਥਰੀ ਕੀ ਗੁਫਾ ਕਉ, ਜਹਾਂ ਭਰਥਰੀ ਕਾ ਜਨਮ ਸਥਾਨ ਥਾ, ਗੋਰਖੁ ਕੀ ਗੁਫਾ ਥੀ, ਲੋਕ ਦੇਖਣੁ ਕੰਉ ਬਹੁਤ ਜੋਗੀ, ਸੰਨਿਆਸੀ,ਬ੍ਰਹਮਚਾਰੀ, ਬੈਰਾਗੀ, ਉਦਾਸੀ,, ਗ੍ਰਸਤੀ, ਸੈਂਸਾਰੀ ਜਾਤਰਾ ਕੰਉ ਜੁੜਿਆ ਹਉ,ਬੈਸਾਖੀ ਕੇ ਨਾਵਣੁ ਕੰਉ ਅਵੰਤਿਕਾ..ਉਹੁ ਗੁਸਾਈਂ ਗੋਰਖ ਭਰਥਰੀ ਕੀ ਭੀ ਗੁਫਾ ਹੈ। ਉਹਾਂ ਲੋਕ ਇਸਨਾਨੁ ਕਰਿ ਕਰਿ ਅਵੰਤਕਾ ਪੁਰੀ ਅਰੁ ਭਰਥਰੀ ਕੀ ਗੁਫਾ ਕੀ ਜਾਤ੍ਰਾ ਕੁਂ ਆਵਤੇ ਹੈਂ ਊਹਾਂ ਹੀ ਗੁਰੂ ਬਾਬਾ ਨਾਨਕੁ ਜੀ ਭੀ ਜਾਇ ਨਿਕਲਾ। ਤਬ ਭਰਥਰੀ ਕਹਿਆ ਜਿ "ਈਹਾਂ ਬਡਾ ਮਹਾਂ ਪੁਰਖੁਆਇਆ ਹੈਹਮਿ ਉਨ ਕਾ ਦਰਸਨੁ ਲੇਹਿਂ ਬੀ ਅਰੁ ਦੇਹਿਂ ਭੀ"।

ਗੁਫਾ ਕੇ ਨਜੀਕਿ ਮਸੀਤਿ ਹੈ ਦਰਵਾਜੇ ਤੇ ਵੜਦਿਆ ਸਾਮਣੀ, ਤਿਸਿ ਕੈ ਅਗੇ ਚਉਤੜਾ ਹੈ ਉਪਰਿ ਅੰਬੁਲੀ ਬਿਰਛੁ ਹੈ, ਅੰਬੁਲੀ ਕੈ ਦਾਹਿਨੈ ਗੁਫਾ ਕਾ ਦਰੁ ਹੈ ਅੰਬੁਲੀ ਕੈ ਅਗੇ ਮਸੀਤਿ ਕਾ ਚੌਤੜਾ ਹੈ, ਊਹਾ ਹੀ ਗੁਰੂ ਬਾਬਾ ਬੈਠਾ ਹੈ।

ਤਬ ਊਹਾਂ ਤੇ ਅੰਤਰਿ ਗੁਫਾ ਕੰਉ ਦੇਖਿ ਦੇਖਿ ਲੋਕ ਨੀਸਰਤੇ ਹੈ ।ਤਬ ਗੁਰੂ ਬਾਬੇ ਸਾਥਿ ਲੰਗੋਟਿਬੰਦ ਥੇ । ਤਿਨਹੇ ਕਹਿਆ ਜਿ, 'ਬਾਬਾ ਜੀ ਜਿਤਨੇ ਲੋਕ ਤੀਰਥੁ ਜਾਤ੍ਰਾ ਕੰਉ ਆਏ ਹੈਂ ਦਿਖਾ, ਇਤਨੇ ਮੁਕਤਿ ਪਾਵਹਿੰਗੇ? ਇਤਨੇ ਜੋਗੀ, ਸੰਨਿਆਸੀ, ਉਦਾਸੀ, ਬੈਰਾਗੀਗ੍ਰਸਤੀ ਜਿ ਲੋਕ ਚਲਿ ਆਏ ਹੈਂ ਤੇ ਮੁਕਤਿ ਜਾਹਿੰਗੇ?' ਤਬ ਬਾਬੇ ਨਾਨਕ ਜੀ ਗਵੜੀ ਰਾਗ ਮਹਿ ਬਾਣੀ ਬੋਲਿ ਉਠਾ, ਸਰੀਅਤਿ ਕੈ ਘਰਿ ਮਹਿ ਉਪਦੇਸ ਬਾਣੀ :

ਅਧਿਆਤਮ ਕਰਮ ਕਰੇ ਤਾ ਸਾਚਾ ॥
ਮੁਕਤਿ ਭੇਦੁ ਕਿਆ ਜਾਣੈ ਕਾਚਾ ॥ ੧ ॥
ਐਸਾ ਜੋਗੀ ਜੁਗਤਿ ਬੀਚਾਰੈ ॥
ਪੰਚ ਮਾਰਿ ਸਾਚੁ ਉਰਿ ਧਾਰੈ ॥ ੧ ॥ ਰਹਾਉ ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥
ਜੋਗ ਜੁਗਤਿ ਕੀ ਕੀਮਤਿ ਪਾਵੈ ॥ ੨ ॥

(ਗਉੜੀ ਮਹਲਾ ੧, ਅੰਗ ੨੨੩)

ਭਾਵ ਜੇ ਕੋਈ ਅਧਿਆਤਮ ਕਰਮ ਕਰੇ ਤਾਂ ਉਹ ਸੱਚਾ ਹੈ ।ਇਕ ਝੂਠਾ ਇਨਸਾਨ ਕਿਸ ਤਰ੍ਹਾ ਮੁਕਤੀ ਦੇ ਭੇਦ ਨੂੰ ਸਮਝ ਸਕਦਾ ਹੈ? ਜੋਗੀ ਉਹ ਹੈ ਜੋ ਪ੍ਰਮਾਤਮਾ ਨੂੰ ਮਿਲਣ ਦੀ ਜੁਗਤ ਬਾਰੇ ਵੀਚਾਰ ਕਰਦਾ ਹੈ, ਪ੍ਰਮਾਤਮਾ ਨੂੰ ਮਿਲਣ ਦਾ ਰਸਤਾ ਜਾਣਦਾ ਹੈ ।ਉਹ ਪੰਜਾ ਵਿਕਾਰਾ ਨੂੰ ਮਾਰ ਲੈਂਦਾ ਹੈ ਅਤੇ ਪ੍ਰਮਾਤਮਾ ਦਾ ਨਾਮ ਅਪਣੇ ਦਿਲ ਵਿਚ ਵਸਾਉਦਾ ਹੈ । ਪ੍ਰਮਾਤਮਾ ਜਿਸ ਦੇ ਦਿਲ ਵਿਚ ਸੱਚ ਦਾ ਚਾਨਣ ਪਾਉਂਦਾ ਹੈ ਕੇਵਲ ਉਹੀ ਉਸ ਦੇ ਮਿਲਣਾ ਦਾ ਰਸਤਾ ਜਾਣਦਾ ਹੈ ਤੇ ਅਸਲੀ ਯੋਗੀ ਹੈ'।" (ਕਿਰਪਾਲ ਸਿੰਘ, ਨਵੰਬਰ 1989, ਜਨਮਸਾਖੀ ਪਰੰਪਰਾ, ਅੰਤਿਕਾ,ਮਿਹਰਬਾਨ ਵਾਲੀ ਜਨਮ ਸਾਖੀ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪੰਨਾ 129-130)

ਉਹ ਸਿਧਾਂ ਦੇ ਇਲਾਕੇ ਵਿਖੇ ਪਹੁੰਚੇ (ਜੋ ਕਿ ਸਿਧਾਂ ਦੇ ਦੱਤ ਅਖਾੜੇ ਦੇ ਨੇੜੇ ਪੈਂਦਾ ਸੀ) ਜਿਸ ਵਿਚ ਸਨਾਤਨੀ ਵਿਚਾਰਧਾਰਾ ਦਾ ਪ੍ਰਭਾਵ ਸੀ । ਸੰਨ 1511 ਈਸਵੀ ਨੂੰ ਮਹਾਸ਼ਿਵਰਾਤਰੀ ਦੇ ਮੌਕੇ ਭਾਰੀ ਮਾਤਰਾ ਵਿਚ ਲੋਕ ਮਹਾਂਕਾਲੇਸਵਰ ਮੰਦਿਰ ਵਿਚ ਜਯੋਤਿਰਲਿੰਗ ਅਤੇ ਸ਼ਕਤੀਪੀਠ ਨੂੰ ਅਪਣੀ ਸਰਧਾ ਭਾਵਨਾ ਅਰਪਣ ਕਰਣ ਲਈ ਸ਼ਰਧਾਲੂ ਇਕਠੇ ਹੋਏ ਸਨ। ਗੁਰੂ ਜੀ ਦੀ ਭਰਥਰੀ ਹਰੀ ਅਤੇ ਉਸ ਦੇ ਚੇਲਿਆਂ ਨਾਲ ਧਰਮ ਚਰਚਾ, ਸਿਧਾਂਤਕ ਵਿਚਾਰ ਅਤੇ ਪ੍ਰਮਾਤਮਾ ਨਾਲ ਮਿਲਾਪ ਬਾਰੇ ਗੋਸ਼ਠਾਂ ਹੋਈਆਂ ਜਿਨ੍ਹਾਂ ਦਾ ਉਲੇਖ ਸ੍ਰੀ ਗੁਰੂ ਗੰਥ ਸਾਹਿਬ ਵਿਚ ਵੀ ਮਿਲਦਾ ਹੈ । ਉਥੇ ਭਰਥਰੀ ਦੀ ਗੁਫਾ ਸੀ । ਉਹ ਸਥਾਨ ਜਿਥੇ ਭਰਥਰੀ ਕਰਨ ਦਾ ਜਨਮ ਹੋਇਆ ਅਤੇ ਗੋਰਖ ਦੀ ਗੁਫਾ ਸੀ। ਕਈ ਸੰਤ, ਬੈਰਾਗੀ ਅਤੇ ਵੈਸਾਖੀ ਵਾਲੇ ਦਿਨ ਇਸ਼ਨਾਨ ਲਈ ਅਵੰਤਿਕਾ ਵਿਚ ਇਕਠੇ ਹੋਏ ਹੋਏ ਸਨ। ਗੁਰੂ ਨਾਨਕ ਦੇਵ ਸਾਹਿਬ ਵੀ ਇਥੇ ਪਹੁੰਚੇ ਅਤੇ ਭਰਥਰੀ ਦੇ ਭਗਤਾਂ ਨਾਲ ਵਿਚਾਰ ਚਰਚਾ ਲਈ ਗਏ । ਗੁਫਾ ਦੇ ਨਾਲ ਇਕ ਇਮਲੀ ਦੇ ਦਰਖਤ ਥੱਲੇ ਇਕ ਥੜਾ ਸੀ ਜਿਸ ਉਤੇ ਗੁਰੂ ਨਾਨਕ ਦੇਵ ਸਾਹਿਬ ਨੇ ਅਪਣਾ ਆਸਣ ਲਾ ਲਿਆ । ਇਥੇ ਹੀ ਯੋਗੀਆਂ ਨਾਲ ਸਵਾਲ-ਜਵਾਬ ਹੋਏ।

ਸਾਰੇ ਹਾਜ਼ਰ ਸ਼ਰਧਾਲੂ ਇਹ ਸੁਣ ਕੇ ਬੜੇ ਖੁਸ਼ ਹੋਏ । ਗੁਰੂ ਨਾਨਕ ਦੇਵ ਸਾਹਿਬ ਗੁਫਾ ਵਿਚ ਗਏ ਅਤੇ ਭਰਥਰੀ ਦੇ ਅਨੁਯਾਯੀਆਂ ਜਿਨ੍ਹਾਂ ਨੂੰ ਵੀ ਭਰਥਰੀ ਹਰੀ ਕਿਹਾ ਜਾਂਦਾ ਸੀ ਨਾਲ ਵਿਚਾਰ ਚਰਚਾ ਕੀਤੀ ।

ਇਸ ਵਿਚਾਰ ਚਰਚਾ ਬਾਰੇ ਮਿਹਰਬਾਨ ਵਾਲੀ ਜਨਮਸਾਖੀ (ਪੰਨਾ 120) ਵਿੱਚ ਵਰਨਣ ਮਿਲਦਾ ਹੈ: "ਤਬ ਗੁਰੂ ਬਾਬਾ ਨਾਨਕੁ ਭਰਥਰੀ ਸਾਥਿ ਮਿਲਿਆ, ਗੁਫਾ ਕੇ ਬੀਚ ਬੈਠੇ, ਗੋਸਟਿ ਹੋਈ, ਭਰਥਰੀ ਗੁਰੂ ਬਾਬੇ ਨਾਨਕ ਜੀ ਕੀਤੀ। ਤਬ ਫਿਰ ਭਰਥਰੀ ਮਨਿ ਵੀਚਾਰੁ ਕੀਆ ਅਰੁ ਕਹਿਆ ਜਿ, "ਬਡਾ ਪੁਰਖੁ ਆਇਆ ਹੈਅਰੁ ਈਹਾਂਨਾਮੁ ਸ੍ਰ ਗੋਰਖੁ ਕਾ ਪੜਿਆ ਹੈ, ਆਏ ਕਾ ਦਰਸਨੁ ਕੀਜੀਐ ਮਤਿ ਭ੍ਰਿਸਟਿ ਜਾਤਾ ਹੈ ਧਰਤੀ ਕੰਉ। ..ਭਰਥਰੀ ਗਰੀਬੀ ਕਰਤਾ ਹੈ; ਕਿਆਂ?

ਗਿਆਨੁ ਬਖਿਆਨੁ ਕਰਤਾ ਹੈ । ਤਬ ਭਰਥਰੀ ਕਹਿਆ ਜਿ, "ਜੀ ਹਮ ਡਰਤੇ ਹੈਂ, ਤੁਮ ਮਹਾਂਪੁਰਖੁ ਇਸ ਨਗਰੀ ਮਹਿ ਆਏ ਅਰੁ ਹਮ ਥੀਂ ਕਿਛੁ ਭਾਉ ਨਾਹੀਂ ਹੋਇ ਆਵਤਾ। ਹਮਰਾ ਜੋਗੀ ਕਾ ਰੂਪੁ ਹੈ । ਸੈਂਸਾਰੀ ਭੁਗਤਿ ਕੇ ਤੁਮਿ ਆਹਾਰੀ ਨਾਹੀਂ, ਹਮਿ ਡਰਤੇ, ਕਿਉਂ ਕਰਿ ਰਹਿ ਆਵੈ। ਹਮਾਰਾ ਬਾਸਾ ਰੁਖਿ ਬਿਰਖੁ ਮਹਿ ਹੈ ਸਿ ਕਿਆ ਕਰਹਿਂ। ਰਿਧਿ ਸਿਧਿ ਤੁਮ ਚਾਹਤੇ ਨਾਹੀਂ" ਤਬ ਗੁਰੂ ਬਾਬੇ ਬੋਲਿ ਉਠਾ ਉਦੇਸਿ ਸਰੀਅਤਿ ਕਰ ਘਰ ਮਾਹਿ :...

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥
ਰੋਗੁ ਨ ਬਿਆਪੈ ਨਾ ਜਮ ਦੋਖੰ ॥
ਮੁਕਤ ਭਏ ਪ੍ਰਭ ਰੂਪ ਨ ਰੇਖੰ ॥ ੧ ॥
ਜੋਗੀ ਕਉ ਕੈਸਾ ਡਰੁ ਹੋਇ ॥
ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥ ੧ ॥ਰਹਾਉ॥
ਨਿਰਭਉ ਜੋਗੀ ਨਿਰੰਜਨੁ ਧਿਆਵੈ ॥
ਅਨਦਿਨੁ ਜਾਗੈ ਸਚਿ ਲਿਵ ਲਾਵੈ ॥
ਸੋ ਜੋਗੀ ਮੇਰੈ ਮਨਿ ਭਾਵੈ ॥ ੨ ॥
ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥
ਜਰਾ ਮਰਣ ਗਤੁ ਗਰਬੁ ਨਿਵਾਰੇ ॥
ਆਪਿ ਤਰੈ ਪਿਤਰੀ ਨਿਸਤਾਰੇ ॥ ੩ ॥
ਸਤਿਗੁਰੁ ਸੇਵੇ ਸੋ ਜੋਗੀ ਹੋਇ ॥
ਭੈ ਰਚਿ ਰਹੈ ਸੁ ਨਿਰਭਉ ਹੋਇ ॥
ਜੈਸਾ ਸੇਵੈ ਤੈਸੋ ਹੋਇ ॥ ੪ ॥
ਨਰ ਨਿਹਕੇਵਲ ਨਿਰਭਉ ਨਾਉ ॥
ਅਨਾਥਹ ਨਾਥ ਕਰੇ ਬਲਿ ਜਾਉ ॥
ਪੁਨਰਪਿ ਜਨਮੁ ਨਾਹੀ ਗੁਣ ਗਾਉ ॥ ੫ ॥
ਅੰਤਰਿ ਬਾਹਰਿ ਏਕੋ ਜਾਣੈ ॥
ਗੁਰ ਕੈ ਸਬਦੇ ਆਪੁ ਪਛਾਣੈ ॥
ਸਾਚੈ ਸਬਦਿ ਦਰਿ ਨੀਸਾਣੈ ॥ ੬ ॥
ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥
ਆਵੈ ਨ ਜਾਵੈ ਚੂਕੈ ਆਸਾ ॥
ਗੁਰ ਕੈ ਸਬਦਿ ਕਮਲੁ ਪਰਗਾਸਾ ॥ ੨ ॥
ਜੋ ਦੀਸੈ ਸੋ ਆਸ ਨਿਰਾਸਾ ॥
ਕਾਮ ਕਰੋਧ ਬਿਖੁ ਭੂਖ ਪਿਆਸਾ ॥
ਨਾਨਕ ਬਿਰਲੇ ਮਿਲਹਿ ਉਦਾਸਾ ॥ ੮ ॥ ੭ ॥

(ਗਉੜੀ ਮਹਲਾ ੧, ਅੰਗ ੨੨੩-੨੨੪)

ਭਰਥਰੀ ਨੇ ਕਿਹਾ,"ਤੁਸੀਂ ਸੰਸਾਰਿਕ ਬੰਦੇ ਹੋ ਜਦ ਕਿ ਅਸੀਂ ਲੋਕਾਂ ਤੋਂ ਦੂਰ ਜੰਗਲ ਅਤੇ ਗੁਫਾਫਾਂ ਵਿਚ ਰਹਿੰਦੇ ਹਾਂ । ਅਸੀ ਮਿਥਿਹਾਸ ਵਿਚ ਯਕੀਨ ਰਖਦੇ ਹਾਂ ਜਿਸ ਨੂੰ ਤੁਸੀਂ ਨਾਪਸੰਦ ਕਰਦੇ ਹੋ। ਸਾਨੂੰ ਡਰ ਹੈ ਕਿ ਅਸੀਂ ਤੁਹਾਡੀ ਸੇਵਾ ਨਹੀਂ ਕਰ ਸਕਦੇ"। ਗੁਰੂ ਨਾਨਕ ਜੀ ਨੇ ਕਿਹਾ,"ਇਕ ਯੋਗੀ ਵਿਚ ਕੀ ਡਰ ਹੋ ਸਕਦਾ ਹੈ ਜਦ ਕਿ ਪ੍ਰਮਾਤਮਾ ਪੇੜਾਂ, ਪੌਦਿਆਂ ਵਿੱਚ ਸਭ ਵਸਦੇ ਘਰਾਂ ਅਤੇ ਸਾਰੇ ਖਾਲੀ ਸਥਾਨਾਂ ਵਿੱਚ ਵਿਆਪਕ ਹੈ । ਪ੍ਰਮਾਤਮਾ ਨਿਰਭਉ ਹੈ, ਨਿਰਵੈਰ ਹੈ, ਸਾਰੇ ਜੀਆਂ ਦਾ ਇਕੋ ਦਾਤਾ ਹੈ। ਉਹ ਅਸਲੀ ਯੋਗੀ ਹਨ ਜੋ ਨਿਰਭੈ ਅਤੇ ਪਵਿਤਰ ਪ੍ਰਮਾਤਮਾ ਦੀ ਭਗਤੀ ਕਰਦੇ ਹਨ। ਰਾਤ ਅਤੇ ਦਿਨ ਉਹ ਜਾਗਦੇ ਰਹਿੰਦੇ ਹਨ ਅਤੇ ਸੱਚੇ ਪ੍ਰਮਾਤਮਾ ਲਈ ਸ਼ਰਧਾ ਰਖਦੇ ਹਨ । ਐਸਾ ਜੋਗੀ ਮੇਰੇ ਮਨ ਨੂੰ ਚੰਗਾ ਲਗਦਾ ਹੈ । ਉਹ ਪ੍ਰਮਾਤਮਾ ਦੇ ਡਰ ਰੂਪੀ ਅੱਗ ਨਾਲ ਮੌਤ ਰੂਪੀ ਡਰ ਨੂੰ ਜਲਾ ਦੇਦਾ ਹੈ । ਉਹ ਅਪਣੇ ਮਨ ਵਿਚ ਵੱਡੀ ਉਮਰ, ਮੌਤ ਅਤੇ ਅਪਣੇ ਅਹਿੰਕਾਰ ਦਾ ਡਰ ਮਿਟਾ ਲੈਂਦੇ ਹੈ । ਉਹ ਆਪ ਤਾ ਅਪਣੇ ਆਪ ਨੂੰ ਭਵ ਸਾਗਰ ਤੋਂ ਪਾਰ ਕਰ ਲੈਂਦੇ ਹਨ ਨਾਲ ਅਪਣੇ ਚੇਲਿਆ ਦਾ ਵੀ ਪਾਰ ਉਤਾਰਾ ਕਰਵਾ ਲੈਂਦੇ ਹੈ । ਪ੍ਰਮਾਤਮਾ ਦਾ ਨਾਮ ਇਨਸਾਨ ਨੂੰ ਨਿਰਭੈ ਅਤੇ ਪਵਿਤਰ ਬਣਾ ਦੇਂਦਾ ਹੈ ।ਸਾਰੇ ਹਾਜ਼ਰ ਲੋਕ ਗੁਰੂ ਸਾਹਿਬ ਅੱਗੇ ਨਤ-ਮਸਤਕ ਹੋ ਗਏ । ਉਨ੍ਹਾਂ ਦੀ ਸੱਚੇ ਗਿਆਨ ਦੀ ਭੁੱਖ ਗੁਰੂ ਸਾਹਿਬ ਦੇ ਸ਼ਬਦਾਂ ਨਾਲ ਸ਼ਾਂਤ ਹੋ ਗਈ ।

ਗੁਰਦੁਆਰਾ ਗੁਰੂ ਨਾਨਕ ਘਾਟ ਗੁਰੂ ਸਾਹਿਬ ਦੀ ਏਥੇ ਦੀ ਫੇਰੀ ਦੀ ਯਾਦ ਦਿਵਾਉਂਦਾ ਹੈ । ਇਹ ਸਿਪਰਾ ਨਦੀ ਦੇ ਦੱਖਣੀ ਕਿਨਾਰੇ ਤੇ ਹੈ ਜੋ ਕਿ ਪ੍ਰਸਿਧ ਮਹਾਕਾਲ ਮੰਦਿਰ ਦੇ ਸਾਹਮਣੇ ਹੈ ਅਤੇ ਦੱਤ ਅਖਾੜੇ ਦੇ ਨੇੜੇ ਹੈ । ਇਸ ਤਕ ਪਹੁੰਚਣ ਲਈ ਰਸਤਾ ਨਰ ਸਿੰਘ ਘਾਟ ਪੁਲ ਵਾਲਾ ਹੈ ਜਿਸ ਤੋਂ ਅਗਲਾ ਪੁਲ ਮਹਾਂਕਾਲ ਮੰਦਿਰ ਨੂੰ ਜਾਂਦਾ ਹੈ । ਗੁਰਦੁਆਰੇ ਦੀ ਮੁਰੰਮਤ ਭੂਰੀ ਵਾਲੇ ਸੰਤਾਂ ਦੁਆਰਾ ਕਰਵਾਈ ਜਾ ਰਹੀ ਸੀ। ਇਮਲੀ ਦਾ ਰੁਖ ਹੁਣ ਇਕ ਵੱਡਾ ਰੁੱਖ ਬਣ ਗਿਆ ਹੈ।

ਏਥੋਂ ਅਸੀ ਮਹਾਂਕਾਲ ਮੰਦਿਰ ਤੇ ਹੋਰ ਮੰਦਿਰਾਂ ਦੇ ਵੀ ਦਰਸ਼ਨਾਂ ਲਈ ਗਏ। ਜਿਸ ਪਿਛੋਂ ਅਸੀਂ ਅਗਲੇ ਪੜਾਅ ਇੰਦੌਰ ਦੇ ਰਾਹ ਪੈ ਗਏ।

❋❋❋

- ਕਰਨਲ ਡਾਕਟਰ ਦਲਵਿੰਦਰ ਸਿੰਘ ਗਰੇਵਾਲ
ਮੋਬਾਇਲ : 9815366726

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲਕ ਸੰਕਲਪ

ਸ਼ਬਦ, ਨਾਮ, ਸਤ-ਚਿਤ-ਅਨੰਦ ਅਤੇ ਮੁਕਤੀ

ਸ਼ਬਦ

ਸਿੱਖ ਧਰਮ ਦਾ ਸਭ ਤੋਂ ਬੁਨਿਆਦੀ ਸੰਕਲਪ 'ਸ਼ਬਦ' ਦਾ ਹੈ। ਇਸ ਸੰਕਲਪ ਦਾ ਸੰਬੰਧ ਪਰਮਾਤਮਾ, ਬ੍ਰਹਿਮੰਡ, ਮਨੁੱਖ ਅਤੇ ਇਸ ਦੇ ਜੀਵਨ ਸਭ ਨਾਲ ਹੈ। ਬਾਕੀ ਸਭ ਸੰਕਲਪਾਂ ਦਾ ਠੀਕ ਭਾਵ-ਅਰਥ ਇਸ ਰਾਹੀਂ ਨਿਕਲਦਾ ਹੈ। ਸਭ ਸੰਕਲਪਾਂ ਨੂੰ ਸਮਝਣ ਲਈ 'ਸ਼ਬਦ' ਦੀ ਸਮਝ ਜ਼ਰੂਰੀ ਹੈ।

ਅੱਜ ਦੀ ਸਾਇੰਸ ਇਸ ਬ੍ਰਹਿਮੰਡ ਦੇ ਮੁੱਢ ਬਾਰੇ ਆਪਣਾ ਵਿਕਾਸ ਦਾ ਸਿਧਾਂਤ ਪੇਸ਼ ਕਰਦੀ ਹੈ। ਇਸ ਅਨੁਸਾਰ ਇਹ ਬ੍ਰਹਿਮੰਡ ਅਤੇ ਇਸ ਵਿੱਚ ਪਾਈ ਜਾਂਦੀ ਜ਼ਿੰਦਗੀ ਇਕ ਦਰਜੇਵਾਰ ਵਿਕਾਸ ਦਾ ਸਿੱਟਾ ਹੈ। ਇਹ ਬ੍ਰਹਿਮੰਡ ਕਿਸੇ ਨੇ ਵਿਸ਼ੇਸ਼ ਸਮੇਂ ਨਹੀਂ ਸਾਜਿਆ, ਭਾਵ ਇਹ ਕਿਸੇ ਦੀ ਰਚਨਾ ਨਹੀਂ। ਭੌਤਿਕਵਾਦੀ ਇਸ ਸਿਧਾਂਤ ਦੇ ਕਾਇਲ ਹਨ। ਉਹ ਕਹਿੰਦੇ ਹਨ ਕਿ ਪਹਿਲਾਂ ਸਭ ਜਗ੍ਹਾ ਖਾਲੀ ਪਈ ਹੋਈ ਸੀ, ਨਾ ਚੰਦ ਸੀ, ਨਾ ਸੂਰਜ, ਨਾ ਗ੍ਰਹਿ, ਨਾ ਉਪਗ੍ਰਹਿ, ਨਾ ਤਾਰੇ ਤੇ ਨਾ ਗਲੈਕਸੀ ਤੇ ਹਰ ਪਾਸੇ ਅੰਨ੍ਹੇਰ ਘੁੱਪ ਸੀ। ਸਾਰੇ ਪੁਲਾੜ ਵਿੱਚ ਕੇਵਲ ਇੱਕ ਪ੍ਰਕਾਰ ਦੀ ਕੋਈ ਗੈਸ ਜਿਹੀ ਸੀ ਜਿਸ ਨੂੰ ਨੈਬੂਲਾ (Nebul) ਕਹਿੰਦੇ ਸਨ। ਇਸ ਨੈਬੂਲਾ ਤੋਂ ਸਾਰੇ ਗ੍ਰਹਿ ਆਦਿ ਬਣੇ। ਇਹ ਸਾਰਾ ਬ੍ਰਹਿਮੰਡ ਕਿਸ ਤਰ੍ਹਾਂ ਹੋਂਦ ਵਿੱਚ ਆਇਆ, ਇੱਕ ਲੰਮੀ ਪ੍ਰਕ੍ਰਿਆ ਹੈ। ਉਹ ਕਹਿੰਦੇ ਹਨ ਕਿ ਪਹਿਲਾਂ ਇਸ ਨੈਬੂਲਾ ਵਿਚ ਚੱਕਰ ਪੈਦਾ ਹੋਏ ਅਤੇ ਤੇਜ਼ ਰਫ਼ਤਾਰ ਦੀ ਹਿਲਜੁਲ ਹੋਈ। ਇਨ੍ਹਾਂ ਚੱਕਰਾਂ ਨਾਲ ਗਰਮੀ ਪੈਦਾ ਹੋਈ ਜਿਸ ਨਾਲ ਅਨੇਕਾਂ ਸੂਰਜ ਬਣੇ; ਫਿਰ ਠੰਡੇ ਹੋਣ ਨਾਲ ਤਾਰੇ ਬਣੇ। ਕੋਈ ਤਾਰਾ ਸੂਰਜ ਦੇ ਨਜ਼ਦੀਕ ਆਇਆ ਤਾਂ ਸੂਰਜ ਵਿੱਚ ਜੁਆਰ ਭਾਟਾ ਪੈਦਾ ਹੋਇਆ। ਤਾਰਾ ਪਿੱਛੇ ਹਟਣ ਨਾਲ ਠੰਡ ਪੈਦਾ ਹੋਈ। ਗ੍ਰਹਿ ਸੂਰਜ ਨਾਲੋਂ ਟੁੱਟ ਕੇ ਭੌਣ ਲੱਗ ਪਏ। ਇਸੇ ਤਰ੍ਹਾਂ ਗ੍ਰਹਿਆਂ ਤੋਂ ਅੱਗੇ ਉਪਗ੍ਰਹਿ ਬਣੇ। ਇਸ ਸਿਧਾਂਤ ਨੂੰ ਟਾਈਡਲ ਸਿਧਾਂਤ (Tidal Theory) ਕਿਹਾ ਜਾਂਦਾ ਹੈ।

ਇਹ ਸਭ ਕੁਝ ਕਈ ਕਰੋੜਾਂ ਵਰ੍ਹਿਆਂ ਵਿੱਚ ਹੋਇਆ।

ਸਾਇੰਸਦਾਨ ਅੱਗੇ ਇਹ ਕਹਿੰਦੇ ਹਨ ਕਿ ਕਿਸੇ ਗ੍ਰਹਿ ਉੱਤੇ ਪਾਇਆ ਜਾਂਦਾ ਮਾਦਾ ਅੱਗੇ ਹੋਰ ਵਿਕਾਸ ਕਰਦਾ ਹੈ ਅਤੇ ਇਸ ਵਿੱਚੋਂ ਅੱਗੇ ਬਨਸਪਤੀ ਤੇ ਜੀਵ ਪੈਦਾ ਹੋ ਜਾਂਦੇ ਹਨ। ਬਾਕੀ ਗ੍ਰਹਿਆਂ ਦਾ ਤਾਂ ਅਜੇ ਪਤਾ ਨਹੀਂ ਲੱਗ ਸਕਿਆ ਪਰ ਇਸ ਧਰਤੀ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਵਿੱਚ ਪਹਿਲਾਂ ਮਾਦਾ ਹੀ ਮਾਦਾ ਸੀ। ਹਵਾ, ਪਾਣੀ ਆਦਿ ਸਭ ਮਾਦੇ ਦਾ ਹੀ ਹਿੱਸਾ ਹਨ। ਵਿਕਾਸ ਕਰਕੇ ਪਹਿਲਾਂ ਆਰਗੈਨਿਕ ਮਾਦਾ ਪੈਦਾ ਹੋਇਆ। ਇਹ ਵਿਕਾਸ ਅੱਗੇ ਹੋਰ ਹੁੰਦਾ ਚਲਾ ਗਿਆ। ਪਹਿਲਾਂ ਇਸ ਤੋਂ ਸਿਰਫ਼ ਮਾਦਾ ਜੀਵ ਬਣੇ ਜਿਵੇਂ ਅਮੀਬਾ। ਫਿਰ ਇਨ੍ਹਾਂ ਦੇ ਵਿਭਾਜਣ ਅਤੇ ਵਿਕਾਸ ਰਾਹੀਂ ਜਟਿਲ ਜੀਵ ਬਣੇ। ਵਿਕਾਸ ਕਰਦੇ-ਕਰਦੇ ਕਰੋੜਾਂ ਵਰ੍ਹਿਆਂ ਵਿੱਚ ਅੱਗੇ ਕਈ ਜਿਣਸਾਂ ਤੇ ਜਾਤੀਆਂ ਪੈਦਾ ਹੋ ਗਈਆਂ ਜਿਵੇਂ ਕਿ ਕੀੜੇ-ਮਕੌੜੇ, ਕਿਰਲੀ, ਸੱਪ, ਮਛਲੀਆਂ ਆਦਿ। ਮਨੁੱਖ ਸਭ ਨਾਲੋਂ ਵਧੇਰੇ ਵਿਕਸਿਤ ਜਾਤੀ ਹੈ। ਬਾਂਦਰ ਇਸ ਤੋਂ ਇੱਕ ਕਦਮ ਪਿੱਛੇ ਹੈ।

ਇਸ ਵਿਕਾਸ ਦਾ ਸਬੂਤ ਉਹ ਮਾਦੇ ਦੀ ਬਣਤਰ ਤੋਂ ਦਿੰਦੇ ਹਨ। ਇਹ ਮਾਦਾ ਪਹਿਲਾਂ ਕੁੱਝ ਤੱਤਾਂ ਦਾ ਬਣਿਆ ਹੋਇਆ ਹੈ ਜਿਨ੍ਹਾਂ ਦੀ ਗਿਣਤੀ 108 ਦੇ ਕਰੀਬ ਲੱਭੀ ਗਈ ਤੇ ਸ਼ਾਇਦ ਇਸ ਵਿੱਚ ਕੁੱਝ ਹੋਰ ਵਾਧਾ ਹੋ ਜਾਏ। ਹਰ ਤੱਤ ਅੱਗੇ ਮਹੀਨ ਐਟਮਾਂ ਦਾ ਬਣਿਆ ਹੋਇਆ ਹੈ। ਹਰ ਐਟਮ ਅੱਗੇ ਪ੍ਰੋਟਾਨਜ਼ ਅਤੇ ਇਲੈਕਟ੍ਰਾਨਜ਼ ਦਾ ਬਣਿਆ ਹੋਇਆ ਹੈ ਜਿਨ੍ਹਾਂ ਦੀਆਂ ਵਾਈਬਰੇਸ਼ਨ (Vibrations) ਵਿਭਿੰਨ ਹੁੰਦੀਆਂ ਹਨ। ਇਸ ਤਰ੍ਹਾਂ ਇਹ ਪਤਾ ਲੱਗਦਾ ਹੈ ਕਿ ਹਰ ਐਟਮ ਵਿੱਚ ਬਿਜਲੀ ਹੈ ਜੋ ਇਕ ਪ੍ਰਕਾਰ ਦੀ ਊਰਜਾ ਹੈ। ਸੋ ਇਹ ਸਾਰਾ ਬ੍ਰਹਿਮੰਡ ਊਰਜਾ ਦਾ ਬਣਿਆ ਹੋਇਆ ਹੈ।

ਇਹ ਊਰਜਾ ਕਈ ਪ੍ਰਕਾਰ ਦੀ ਹੋ ਸਕਦੀ ਹੈ ਜਿਵੇਂ ਕਿ ਰੌਸ਼ਨੀ, ਹਰਾਰਤ (Heat), ਆਵਾਜ਼ ਅਤੇ ਵਿਭਿੰਨ ਰਿਸ਼ਮਾਂ (Rays) ਆਦਿ। ਇਹ ਊਰਜਾ ਆਪਣੀ ਸ਼ਕਲ ਬਦਲਦੀ ਰਹਿੰਦੀ ਹੈ। ਇਹ ਰੌਸ਼ਨੀ ਬਣ ਸਕਦੀ ਹੈ, ਹਰਾਰਤ ਬਣ ਸਕਦੀ ਹੈ, ਆਵਾਜ਼ ਬਣ ਸਕਦੀ ਹੈ। ਸਿਨੇਮੇ ਦੀਆਂ ਟਾਕੀਜ਼ ਅਤੇ ਟੈਲੀਵਿਜ਼ਨ ਇਸੇ ਅਸੂਲ 'ਤੇ ਬਣੇ ਹਨ। ਇਸੇ ਤਰ੍ਹਾਂ ਸਾਇੰਸਦਾਨਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਸਾਰਾ ਬ੍ਰਹਿਮੰਡ ਹੀ ਇੱਕ ਊਰਜਾ ਦਾ ਬਣਿਆ ਹੋਇਆ ਹੈ। ਇਹ ਊਰਜਾ ਹੀ ਸਾਰੇ ਬ੍ਰਹਿਮੰਡ ਦਾ ਪਹਿਲਾ ਕਾਰਨ ਹੈ। ਇਹ ਊਰਜਾ ਕਿੱਥੋਂ ਪੈਦਾ ਹੋਈ, ਇਸ ਦਾ ਇਸ ਵਿਕਾਸ ਦੇ ਸਿਧਾਂਤ ਪਾਸ ਕੋਈ ਜੁਆਬ ਨਹੀਂ।

ਸਭ ਧਰਮ ਇਸ ਸਿਧਾਂਤ ਵਿੱਚ ਯਕੀਨ ਰੱਖਦੇ ਹਨ ਕਿ ਇਹ ਬ੍ਰਹਿਮੰਡ ਸਮੇਤ ਇਸ ਵਿੱਚ ਪਾਈ ਜਾਂਦੀ ਜ਼ਿੰਦਗੀ ਦੇ, ਇੱਕ ਸਿਰਜੀ ਹੋਈ ਵਸਤ ਹੈ ਅਤੇ ਇਸ ਦੀ ਸਿਰਜਣਾ ਕਰਨ ਵਾਲੀ ਸ਼ਕਤੀ ਉਹ ਅਕਾਲ ਪੁਰਖ ਆਪ ਹੈ। ਉਹ ਆਪ ਹੀ ਪਹਿਲਾ ਕਾਰਨ ਹੈ। ਸਿੱਖ ਧਰਮ ਵੀ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੈ। ਇਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਇਸ ਬ੍ਰਹਿਮੰਡ ਦੇ ਬਣਨ ਤੋਂ ਪਹਿਲਾਂ ਸਾਰੇ ਪੁਲਾੜ ਵਿੱਚ ਧੁੰਧੂਕਾਰ ਸੀ। ਕੋਈ ਚੰਦ, ਤਾਰਾ, ਗ੍ਰਹਿ, ਸੂਰਜ ਆਦਿ ਨਹੀਂ ਸੀ, ਕੇਵਲ ਇੱਕ ਪਰਮਾਤਮਾ ਹੀ ਸਾਰੇ ਪੁਲਾੜ ਵਿੱਚ ਨਿਰਗੁਣ ਸਰੂਪ ਵਿੱਚ ਵਿਚਰ ਰਿਹਾ ਸੀ। ਇਸ ਦਾ ਭਾਵ ਇਹ ਹੈ ਕਿ ਕੋਈ ਮਾਦਾ ਨਹੀਂ ਸੀ ਅਤੇ ਕੋਈ ਭੌਤਿਕ ਵਸਤੂ ਨਹੀਂ ਸੀ। ਅਸੀਮਿਤ ਸਮੇਂ ਤੋਂ ਇਹ ਹਾਲਤ ਸੀ। ਪਰਮਾਤਮਾ ਅਫੁਰ ਅਵਸਥਾ ਵਿੱਚ ਸੀ, ਕੋਈ ਚੇਤੰਨਤਾ ਨਹੀਂ ਸੀ ਪਰ ਇਹ ਬਿਲਕੁਲ ਅਣਹੋਂਦ ਦਾ ਸਮਾਂ ਨਹੀਂ ਸੀ। ਇਸ ਬਾਰੇ ਅਕਾਲ ਪੁਰਖ ਦੀ ਹੋਂਦ ਸੀ, ਉਹ ਹਾਜ਼ਰ ਸੀ ਪਰ ਨਿਰਗੁਣ ਸਰੂਪ ਵਿੱਚ ਸੀ। ਇਸ ਅਵਸਥਾ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ ॥੨॥

(ਅੰਗ ੧੦੩੫)

ਸੁੰਨ-ਸਮਾਧੀ ਦੀ ਅਫੁਰ ਅਵਸਥਾ ਵਿੱਚ ਬਿਰਾਜ ਰਹੇ ਰੱਬ ਨੂੰ ਇੱਕ ਫ਼ੁਰਨਾ ਹੋਇਆ ਕਿ ਉਹ ਏਕ ਤੋਂ ਅਨੇਕ ਹੋਵੇ। ਇਹ ਫ਼ੁਰਨਾ ਹੋਣ ਸਾਰ ਇੱਕ ਗੜ੍ਹੂੰਜ ਜਿਹੀ ਪੈਦਾ ਹੋਈ ਅਤੇ ਪ੍ਰਕਾਸ਼ ਹੋਇਆ। ਇਹ ਆਵਾਜ਼ ਤੇ ਰੌਸ਼ਨੀ ਦਾ ਮੇਲ ਸੀ। ਇਸ ਆਵਾਜ਼ ਨੂੰ 'ਅਨਹਦ ਸ਼ਬਦ' ਕਹਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਕੋਈ ਟਕਰਾਉਣ ਵਾਲੀਆਂ ਭੌਤਿਕ ਵਸਤਾਂ ਨਹੀਂ ਸਨ ਜਿਨ੍ਹਾਂ ਨਾਲ ਇਸ ਵੇਲੇ ਕੋਈ ਆਵਾਜ਼ ਪੈਦਾ ਹੁੰਦੀ ਹੈ। ਇਸ ਅਨਹਦ ਸ਼ਬਦ ਨੂੰ ਅਨਾਦੀ ਅਵਾਜ਼ (Primordial Sound)

ਕਿਹਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥

(ਅੰਗ ੩)

ਜ਼ਿੰਦਗੀ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥

(ਅੰਗ ੧੯)

ਸੋ ਇਹ ਰੱਬੀ ਤੇ ਮੁੱਢਲੀ ਆਵਾਜ਼ ਸਾਰੀ ਸ੍ਰਿਸ਼ਟੀ ਤੇ ਜੀਆਂ ਦਾ ਆਧਾਰ ਹੈ ਅਤੇ ਇਸ ਦੇ ਆਸਰੇ ਹੀ ਸਭ ਗ੍ਰਹਿ, ਤਾਰੇ, ਉਪਗ੍ਰਹਿ, ਸੂਰਜ ਆਦਿ ਖੜੋਤੇ ਜਾਂ ਚੱਲ ਰਹੇ ਹਨ। ਸ੍ਰੀ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ :

ਉਤਪਤਿ ਪਰਲਉ ਸਬਦੇ ਹੋਵੈ॥
ਸਬਦੇ ਹੀ ਫਿਰਿ ਓਪਤਿ ਹੋਵੈ॥

(ਅੰਗ ੧੧੭)

ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :

ਕਈ ਬਾਰ ਪਸਰਿਓ ਪਾਸਾਰ ॥
ਸਦਾ ਸਦਾ ਇਕੁ ਏਕੰਕਾਰ॥

(ਅੰਗ ੨੭੬)

ਸੋ ਸਿੱਖ ਸਿਧਾਂਤ ਇਹ ਹੈ ਕਿ ਜਦੋਂ ਬ੍ਰਹਿਮੰਡ ਨਹੀਂ ਹੁੰਦਾ ਤਦੋਂ ਅਕਾਲ ਪੁਰਖ ਆਪ ਅਫੁਰ ਅਵਸਥਾ ਵਿੱਚ ਹੁੰਦਾ ਹੈ। ਆਪ ਹੀ ਅਕਾਲ ਪੁਰਖ ਇਸ ਬ੍ਰਹਿਮੰਡ ਨੂੰ ਸਿਰਜਦਾ ਹੈ ਅਤੇ ਫਿਰ ਆਪ ਹੀ ਵਲ੍ਹੇਟ ਲੈਂਦਾ ਹੈ ਅਤੇ ਫਿਰ ਅਫੁਰ ਅਵਸਥਾ ਵਿੱਚ ਚਲਾ ਜਾਂਦਾ ਹੈ। ਅਜਿਹਾ ਕਈ ਵਾਰ ਹੋਇਆ ਹੈ ਅਤੇ ਹੋਵੇਗਾ, ਪਰ ਇਹ ਸਮੇਂ ਇਤਨੇ ਲੰਮੇ ਹਨ ਜੋ ਮਨੁੱਖ ਦੀ ਸਮਝ ਵਿੱਚ ਨਹੀਂ ਆ ਸਕਦੇ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਅੰਗ ੪)

ਅਕਾਲ ਪੁਰਖ ਪਰਮਾਤਮਾ ਆਪ ਹੀ ਪਹਿਲਾਂ ਨਿਰਗੁਣ ਸਰੂਪ ਵਿੱਚ ਬੈਠਾ ਸੀ। ਸ਼ਬਦ ਰਾਹੀਂ ਆਪ ਹੀ ਏਕ ਤੋਂ ਅਨੇਕ ਹੋਇਆ, ਆਪ ਹੀ ਨਿਰਗੁਣ ਤੋਂ ਸਰਗੁਣ ਬਣਿਆ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਆਪੇ ਸਬਦੁ ਆਪੇ ਨੀਸਾਨੁ॥
ਆਪੇ ਸੁਰਤਾ ਆਪੇ ਜਾਨੁ॥

(ਅੰਗ ੭੯੫)

ਸ੍ਰੀ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ :

ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ॥

(ਅੰਗ ੧੬੨)

ਸ੍ਰੀ ਗੁਰੂ ਨਾਨਕ ਦੇਵ ਜੀ ਸ਼ਬਦ ਨੂੰ ਬ੍ਰਹਿਮੰਡ ਦਾ ਸਾਰ ਮੰਨਦੇ ਹਨ। ਇਸ ਆਵਾਜ਼ ਨੂੰ ਉਨ੍ਹਾਂ ਓਅੰਕਾਰ ਦਾ ਨਾਮ ਦਿੱਤਾ। ਉਹ ਫ਼ਰਮਾਉਂਦੇ ਹਨ :

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥
ਓਅੰਕਾਰਿ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥
ਓਨਮ ਅਖਰ ਸੁਣਹੁ ਬੀਚਾਰੁ॥
ਓਨਮ ਅਖਰੁ ਤ੍ਰਿਭਵਣ ਸਾਰੁ॥੧॥

(ਅੰਗ ੯੨੯)

ਦਾਰਸ਼ਨਿਕ ਖੋਜ ਨੇ ਇਸ ਭੌਤਿਕ ਬ੍ਰਹਿਮੰਡ ਦਾ ਸਾਰ 'ਸ਼ਬਦ' ਦੱਸਿਆ ਹੈ। ਇਸ ਵਿੱਚ ਅਕਾਸ਼ ਤੇ ਪ੍ਰਾਣ ਵੀ ਸ਼ਾਮਲ ਹਨ। ਇਸ ਸਾਰੇ ਬ੍ਰਹਿਮੰਡ ਨੂੰ ਆਵਾਜ਼ ਵਿੱਚ ਵਟਾਇਆ ਜਾ ਸਕਦਾ ਹੈ ਜਿਸ ਦੇ ਦੋ ਰੂਪ ਹੋ ਸਕਦੇ ਹਨ, ਇੱਕ ਵਿਦਮਾਨ ਅਤੇ ਦੂਸਰਾ ਅ-ਵਿਦਮਾਨ। ਇਹ ਆਦਿ ਅਨਾਦੀ ਆਵਾਜ਼ ਸ਼ਬਦ ਹੈ ਜੋ ਇਸ ਬ੍ਰਹਿਮੰਡ ਦਾ ਮੁੱਢ ਹੈ। ਪੁਰਾਣੇ ਰਿਸ਼ੀਆਂ ਨੇ ਇਸ ਨੂੰ 'ਨਾਦ ਬ੍ਰਹਮ', 'ਸ਼ਬਦ ਬ੍ਰਹਮ' ਜਾਂ ਸ਼ਬਦ ਰੂਪ ਬ੍ਰਹਮ ਆਖਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਆਵਾਜ਼ ਦਾ ਨਾਮ ਓਅੰਕਾਰ (ੴ) ਰੱਖਿਆ ਹੈ। ਇਹ ਪਰਮੇਸ਼ਵਰ ਦਾ ਲਖਾਇਕ ਅੱਖਰ ਹੈ। ਇਹ ਅੱਖਰ ਵਾਹਿਗੁਰੂ ਦੇ ਸਮੁੱਚੇ ਸਰੂਪ ਦਾ ਸੰਕੇਤ ਹੈ ਜਿਸ ਵਿੱਚ ਉਸ ਦੀ ਨਿਰਗੁਣਤਾ ਤੇ ਸਰਗੁਣਤਾ ਅਭੇਦ ਰੂਪ ਵਿੱਚ ਵਿਦਮਾਨ ਹੈ 'ਓ' ਸਰਗੁਣਤਾ ਭਾਵ ਸਰਬ-ਵਿਆਪਕਤਾ ਦਾ ਚਿੰਨ੍ਹ ਹੈ ਅਤੇ ੍ਹ ਨਿਰਗੁਣਤਾ ਤੇ ਅਗੰਮਤਾ ਦਾ ਚਿੰਨ੍ਹ ਹੈ।

ਸਿਰਜਣਾ ਦਾ ਸਿਧਾਂਤ ਵਿਕਾਸ ਦੇ ਸਿਧਾਂਤ ਨਾਲੋਂ ਵਧੀਆ ਹੈ। ਵਿਕਾਸ ਦੇ ਸਿਧਾਂਤ ਅਨੁਸਾਰ ਸਾਰੇ ਬ੍ਰਹਿਮੰਡ ਦਾ ਸਾਰ ਇੱਕ ਊਰਜਾ ਹੈ ਜਿਸ ਦੇ ਕਈ ਰੂਪ ਹੋ ਸਕਦੇ ਹਨ ਜਿਵੇਂ ਕਿ ਰੌਸ਼ਨੀ, ਹਰਾਰਤ, ਆਵਾਜ਼, ਰਿਸ਼ਮਾਂ, ਬਿਜਲੀ ਆਦਿ।

ਇਹ ਸਭ ਇੱਕ ਦੂਸਰੇ ਵਿੱਚ ਬਦਲੀਆਂ ਜਾ ਸਕਦੀਆਂ ਹਨ।

ਸਿੱਖ ਧਰਮ ਅਨੁਸਾਰ ਅਨਾਦੀ ਆਵਾਜ਼ ਸ਼ਬਦ (Primordial Sound) ਸਾਰੇ ਬ੍ਰਹਿਮੰਡ ਦਾ ਸਾਰ ਹੈ ਜੋ ਇੱਕ ਪ੍ਰਕਾਰ ਦੀ ਊਰਜਾ ਹੈ। ਫ਼ਰਕ ਕੇਵਲ ਇਤਨਾ ਹੈ ਕਿ ਸਿੱਖ ਧਰਮ ਨੇ ਇਸ ਨੂੰ ਪਹਿਲੀ ਥਾਂ ਦਿੱਤੀ ਹੈ, ਬਾਕੀ ਸਭ ਊਰਜਾਵਾਂ ਤੇ ਵਸਤਾਂ ਇਸ ਤੋਂ ਬਣੀਆਂ ਹਨ। ਵਿਗਿਆਨਕ ਤੌਰ 'ਤੇ ਅਜਿਹਾ ਹੋ ਸਕਦਾ ਹੈ। ਇਸ ਲਈ ਸਿਰਜਣਾ ਦਾ ਸਿਧਾਂਤ ਵਿਗਿਆਨਕ ਹੈ। ਇਹ ਨਿਰਾ ਨਿਸ਼ਚਾ ਨਹੀਂ ਹੈ। ਵਿਕਾਸ ਦੇ ਸਿਧਾਂਤ ਵਿੱਚ ਵੱਡਾ ਨੁਕਸ ਇਹ ਹੈ ਕਿ ਇਹ ਨਹੀਂ ਦੱਸਦਾ ਕਿ ਇਸ ਮੁੱਢਲੀ ਊਰਜਾ ਨੂੰ ਪੈਦਾ ਕਰਨ ਵਾਲਾ ਕੌਣ ਹੈ, ਭਾਵੇਂ ਉਸ ਦੀ ਕੋਈ ਵੀ ਸ਼ਕਲ ਹੈ। ਇਹ ਮੁੱਢਲੇ ਕਾਰਨ (First Cause) ਬਾਰੇ ਚੁੱਪ ਹੈ। ਸਿੱਖ ਧਰਮ ਇਸ ਮੁੱਢਲੇ ਕਾਰਨ ਨੂੰ ਮੰਨਦਾ ਹੈ ਤੇ ਇਸ ਨੂੰ ਪਰਮਾਤਮਾ ਦਾ ਨਾਮ ਦਿੰਦਾ ਹੈ। ਇਸ ਲਈ ਸਿਰਜਣਾ ਦਾ ਸਿਧਾਂਤ, ਵਿਕਾਸ ਦੇ ਸਿਧਾਂਤ ਨਾਲੋਂ ਵਧੀਆ ਹੈ, ਵਿਗਿਆਨਕ ਹੈ ਅਤੇ ਉਸ ਨਾਲੋਂ ਅੱਗੇ ਚਲਾ ਜਾਂਦਾ ਹੈ।

ਸਿੱਖ ਧਰਮ ਅਨੁਸਾਰ ਪਹਿਲੋਂ Involution ਦਾ ਅਮਲ ਹੁੰਦਾ ਹੈ, ਜਦੋਂ ਪਰਮਾਤਮਾ ਏਕ ਤੋਂ ਅਨੇਕ ਹੁੰਦਾ ਹੈ ਅਤੇ ਨਿਰਗੁਣ ਤੋਂ ਸਰਗੁਣ ਹੁੰਦਾ ਹੈ। ਇਸ ਦੇ ਬਾਅਦ ਵਿਕਾਸ ਅਰੰਭ ਹੁੰਦਾ ਹੈ ਜਦੋਂ ਜ਼ਿੰਦਗੀ ਵਧ ਕੇ ਸੰਪੂਰਨਤਾ ਵੱਲ ਉੱਨਤੀ ਕਰਦੀ ਹੈ ਅਤੇ ਹਰ ਜਾਤੀ ਅਗਾਂਹ ਨੂੰ ਵਧਦੀ ਹੈ ਅਤੇ ਉਸ ਮੁੱਢ ਨਾਲ ਇਕਮਿਕ ਹੋਣ ਦੀ ਰੁਚੀ ਰੱਖਦੀ ਹੈ। ਇਸ ਤਰ੍ਹਾਂ ਇਹ ਜੀਵਨ ਫਿਰ ਅਨੇਕਤਾ ਤੋਂ ਏਕਤਾ ਵੱਲ ਚੱਲਦਾ ਹੈ। ਇਸ ਵਿੱਚ ਮਨੁੱਖ ਸਭ ਤੋਂ ਅੱਗੇ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੌਪਈ ਸਾਹਿਬ ਵਿੱਚ ਫ਼ਰਮਾਉਂਦੇ ਹਨ :

ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈ ਮਿਲਤ ਦੇਹ ਧਰ ਸਭਹੂੰ॥

ਸਿੱਖ ਧਰਮ ਪਹਿਲੇ ਕਾਰਨ (First Cause) ਦੱਸਣ ਕਰਕੇ ਵਿਕਾਸ ਸਿਧਾਂਤ ਨਾਲੋਂ ਅੱਗੇ ਹੈ।

ਸੋ ਸ਼ਬਦ ਸਰਗੁਣ ਸਰੂਪ ਪਰਮਾਤਮਾ ਹੈ, ਇਹ ਉਸ ਦਾ ਜ਼ਹੂਰ ਹੈ, ਉਸ ਦਾ ਹੁਕਮ ਹੈ, ਇਹ ਬ੍ਰਹਿਮੰਡ ਦਾ ਸਾਰ ਹੈ ਅਤੇ ਇਹ ਮਨੁੱਖ ਦੇ ਹਿਰਦੇ ਵਿੱਚ ਅਨਾਦੀ ਆਵਾਜ਼ ਤੇ ਜੋਤ ਦੇ ਰੂਪ ਵਿੱਚ ਵੱਸਦਾ ਹੈ ਜੋ ਮਨੁੱਖ ਦੀ ਅਗਵਾਈ ਕਰਦਾ ਹੈ। ਇਸ ਤਰ੍ਹਾਂ ਇਹ ਪਰਮਾਤਮਾ ਹੀ ਮਨੁੱਖ ਦੀ ਅਗਵਾਈ ਕਰਦਾ ਹੈ। ਇਸ ਤਰ੍ਹਾਂ ਇਹ ਪਰਮਾਤਮਾ ਹੀ ਮਨੁੱਖ ਦਾ ਗੁਰੂ ਹੈ। ਦੂਸਰੇ ਪਾਸੇ ਇਹ ਅਗੰਮੀ ਤੇ ਅਨਾਦੀ ਆਵਾਜ਼ ਨੂੰ ਸੁਣਨ ਵਾਲੀ ਮਨੁੱਖ ਦੀ ਸੁਰਤ ਹੈ ਜੋ ਇਸ ਗੁਰੂ ਦਾ ਚੇਲਾ ਹੈ। ਜਦੋਂ ਜੋਗੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ, 'ਤੁਹਾਡਾ ਗੁਰੂ ਕੌਣ ਹੈ?' ਤਾਂ ਉਨ੍ਹਾਂ ਫ਼ਰਮਾਇਆ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

(ਅੰਗ ੯੪੩)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ :

ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥

(ਚੌਪਈ)

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸ਼ਬਦ' ਨੂੰ ਆਪਣਾ ਗੁਰੂ ਸਮਝਿਆ। ਸਿੱਖ ਧਰਮ ਵਿੱਚ ਗੁਰਬਾਣੀ ਨੂੰ 'ਸ਼ਬਦ' ਕਿਹਾ ਗਿਆ ਹੈ। ਸ਼ਬਦ ਕੀ ਹੈ; ਇਸ ਦਾ ਕੀ ਭਾਵ ਹੈ, ਜੋ ਕਿਸੇ ਮਹਾਂਪੁਰਖ ਵੱਲੋਂ ਉਚਾਰਨ ਕੀਤਾ ਗਿਆ ਹੋਵੇ, ਬਾਣੀ ਅਖਵਾਉਂਦਾ ਹੈ। ਅਜਿਹੇ ਮਹਾਂਪੁਰਖ ਦੀ ਖੂਬੀ ਇਹ ਹੁੰਦੀ ਹੈ ਕਿ ਉਹ ਬ੍ਰਹਮ ਨਾਲ ਇਕਮਿਕ ਹੋਇਆ ਹੁੰਦਾ ਹੈ। ਉਸ ਦੀ ਆਤਮਾ ਬ੍ਰਹਮ ਨਾਲ ਮਿਲੀ ਹੋਈ ਹੁੰਦੀ ਹੈ। ਉਹ ਅਕਾਲ ਪੁਰਖ ਨੂੰ ਹਮੇਸ਼ਾਂ ਆਪਣੇ ਮਨ ਵਿੱਚ ਰੱਖਦਾ ਹੈ। ਉਹ ਹਮੇਸ਼ਾਂ ਰੱਬ ਦੇ ਪਿਆਰ ਵਿੱਚ ਰੰਗਿਆ ਹੁੰਦਾ ਹੈ। ਉਸ ਨੂੰ ਪਰਾਭੌਤਿਕ ਦਾ ਗਿਆਨ ਕਿਤਾਬਾਂ ਪੜ੍ਹ ਕੇ ਨਹੀਂ ਹੋਇਆ ਹੁੰਦਾ ਬਲਕਿ ਅਨੁਭਵ (Intuition) ਰਾਹੀਂ ਹੋਇਆ ਹੁੰਦਾ ਹੈ। ਉਸ ਨੂੰ ਅਨਾਦੀ ਤੇ ਅਗੰਮੀ ਸ਼ਬਦ ਹਰ ਵੇਲੇ ਸੁਣਾਈ ਦੇ ਰਿਹਾ ਹੁੰਦਾ ਹੈ ਜੋ ਆਦਿ-ਜੁਗਾਦਿ ਤੋਂ ਸਾਰੇ ਬ੍ਰਹਿਮੰਡ ਵਿੱਚ ਗੂੰਜ ਰਿਹਾ ਹੈ, ਪਰ ਸੁਣਦਾ ਉਨ੍ਹਾਂ ਨੂੰ ਹੈ ਜੋ ਆਪਣੇ ਇੰਦਰਿਆਂ 'ਤੇ ਪੂਰਾ ਕਾਬੂ ਪਾ ਚੁੱਕੇ ਹੁੰਦੇ ਹਨ, ਆਪਣੀ ਹਉਮੈ ਨੂੰ ਖਤਮ ਕਰਕੇ ਆਪਣੀ ਆਤਮਾ ਨੂੰ ਪਰਮਾਤਮਾ ਨਾਲ ਅਭੇਦ ਕਰ ਚੁੱਕੇ ਹੁੰਦੇ ਹਨ। ਇਸ ਅਨੁਭਵ ਰਾਹੀਂ ਪ੍ਰਾਪਤ ਕੀਤਾ ਹੋਇਆ ਪਰਾਭੌਤਿਕ ਦਾ ਗਿਆਨ ਜੋ ਉਹ ਮਹਾਂਪੁਰਖ ਬਿਆਨ ਕਰਦਾ ਹੈ, ਬਾਣੀ ਅਖਵਾਉਂਦਾ ਹੈ। ਇਹ ਜੋ ਬਾਣੀ ਪਰਮਾਤਮਾ ਅਤੇ ਸ਼ਬਦ ਬਾਰੇ ਹੁੰਦੀ ਹੈ, ਇਸ ਲਈ ਇਸ ਨੂੰ 'ਧੁਰ ਕੀ ਬਾਣੀ' ਕਹਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਭ ਬਾਣੀ ਇਸ ਪ੍ਰਕਾਰ ਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਸੁੰਨਹੁ ਖਾਣੀ ਸੁੰਨਹੁ ਬਾਣੀ॥

ਸੁੰਨਹੁ ਉਪਜੀ ਸੁੰਨਿ ਸਮਾਣੀ॥

(ਅੰਗ ੧੦੩੭)

ਸਾਰੇ ਸੰਸਾਰ ਦਾ ਅਨਹਦ ਸ਼ਬਦ ਇੱਕ ਹੈ, ਸਤਿ ਇੱਕ ਹੈ, ਇਸ ਲਈ ਬਾਣੀ ਇੱਕ ਹੈ। ਸਾਰੇ ਸੰਸਾਰ ਦਾ ਰੱਬ ਇੱਕ ਹੈ ਅਤੇ ਇਸ ਲਈ ਗੁਰੂ ਇੱਕ ਹੈ। ਇਹ ਇੱਕੋ ਵਸਤ ਦੇ ਤਿੰਨ ਨਾਮ ਹਨ। ਬਾਣੀ ਅਤੇ ਸ਼ਬਦ ਪਰਮਾਤਮਾ ਦੇ ਸੂਖ਼ਮ ਰੂਪ ਹਨ।

ਸਿੱਖ ਧਰਮ ਵਿੱਚ ਗੁਰਬਾਣੀ ਨੂੰ ਗੁਰੂ ਦਾ ਰੁੱਤਬਾ ਦਿੱਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਲੱਗਿਆਂ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਖਸ਼ੀ :

ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ।
ਸਭ ਸਿਖਨ ਕਉ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।

ਇਸ ਦਾ ਭਾਵ ਇਹ ਹੈ ਕਿ ਸਿੱਖਾਂ ਨੇ ਰੌਸ਼ਨੀ ਤੇ ਅਗਵਾਈ ਹਮੇਸ਼ਾਂ 'ਸ਼ਬਦ' ਤੋਂ ਲੈਣੀ ਹੈ, ਸਮਾਜਿਕ ਤੇ ਰਾਜਸੀ ਕੰਮਾਂ ਵਿੱਚ ਹਮੇਸ਼ਾਂ ਇਕੋ ਅਕਾਲ ਪੁਰਖ ਨੂੰ ਯਾਦ ਰੱਖਣਾ ਹੈ ਅਤੇ ਇਨਸਾਫ਼ ਤੋਂ ਕੰਮ ਲੈਣਾ ਹੈ। 'ਸ਼ਬਦ' ਰਾਜ ਅਤੇ ਸਮਾਜ ਦਾ ਆਧਾਰ ਹੈ:

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥

(ਅੰਗ ੧੨੪੦)

ਇਸ ਗੁਰੂ ਲਈ ਸਿੱਖਾਂ ਨੇ ਬੜੀਆਂ ਭਾਰੀਆਂ ਕੁਰਬਾਨੀਆਂ ਦਿੱਤੀਆਂ ਹਨ। ਸਾਡਾ ਗੁਰੂ 'ਸ਼ਬਦ' ਹੈ, ਬਾਣੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਸਿੱਖਾਂ ਨੂੰ ਇਸ ਤੋਂ ਹਮੇਸ਼ਾਂ ਚੰਗੇ ਕੰਮ ਕਰਨ ਲਈ ਪ੍ਰੇਰਨਾ ਮਿਲਦੀ ਹੈ। ਇਹ ਸਾਡੇ ਜੀਵਨ ਦਾ ਕੇਂਦਰ ਤੇ ਧੁਰਾ ਹੈ। ਸਿੱਖ ਇਤਿਹਾਸ 'ਸ਼ਬਦ' ਦੇ ਗਿਰਦ ਭੌਂਦਾ ਹੈ। ਅਠਾਰ੍ਹਵੀਂ ਸਦੀ ਵਿੱਚ ਮੁਗਲ ਹਾਕਮਾਂ ਨੇ ਸਾਡੇ ਗੁਰਦੁਆਰਾ ਸਾਹਿਬਾਨ ਨੂੰ ਖ਼ਤਮ ਕਰਨ ਦਾ ਪੂਰਾ ਜਤਨ ਕੀਤਾ, ਪਰ ਸਿੱਖ ਆਪਣਾ ਖ਼ੂਨ ਡੋਲ੍ਹ ਕੇ ਇਨ੍ਹਾਂ ਦੀ ਰੱਖਿਆ ਕਰਦੇ ਰਹੇ। ਬਰਤਾਨਵੀ ਸਰਕਾਰ ਨੇ ਗੁਰਦੁਆਰਾ ਸਾਹਿਬਾਨ ਸਾਡੇ ਪਾਸੋਂ ਖੋਹਣੇ ਚਾਹੇ, ਪਰ ਗੋਲੀਆਂ ਖਾ ਕੇ ਅਸੀਂ 'ਸ਼ਬਦ' ਨਾਲ ਸੰਬੰਧ ਰੱਖਿਆ।

'ਸ਼ਬਦ' ਸਾਡਾ ਸਾਂਝਾ ਬੰਧਨ ਹੈ। ਇਹ ਸਾਡੇ ਸਦਾਚਾਰ, ਸਮਾਜ ਤੇ ਰਾਜ ਦਾ ਆਧਾਰ ਹੈ। ਇਹ ਸਾਡੇ ਜੀਵਨ ਦਾ ਸੋਮਾ ਹੈ ਅਤੇ ਇਤਿਹਾਸ ਦੇ ਬਣਾਉਣ ਵਾਲਾ ਹੈ। ਇਹ ਸਾਡੀ ਜਿੰਦ ਹੈ, ਜਾਨ ਹੈ। ਇਹ ਸਿੱਖ ਨਾਲੋਂ ਵਿਛੋੜਿਆ ਨਹੀਂ ਜਾ ਸਕਦਾ। ਅਸੀਂ ਹਮੇਸ਼ਾਂ ਇਸ ਅੱਗੇ ਸਿਰ ਝੁਕਾਉਂਦੇ ਹਾਂ। ਸ੍ਰੀ ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ :

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥

(ਅੰਗ ੬੪੬)

ਨਾਮ

'ਸ਼ਬਦ' ਇੱਕ ਅਨਾਦੀ ਤੇ ਅਗੰਮੀ ਆਵਾਜ਼ ਹੈ ਜਿਸ ਰਾਹੀਂ ਇਹ ਬ੍ਰਹਿਮੰਡ ਹੋਂਦ ਵਿੱਚ ਆਇਆ। ਇਸ ਨੂੰ ਕੁੱਝ ਉੱਚ ਹਸਤੀਆਂ ਸੁਣ ਲੈਂਦੀਆਂ ਹਨ। ਇਸ ਨੂੰ ਸੁਣਨ ਦੇ ਬਾਅਦ ਇਹ ਲੋੜ ਮਹਿਸੂਸ ਕੀਤੀ ਜਾਂਦੀ ਹੈ ਕਿ ਇਸ ਆਵਾਜ਼ ਦਾ ਵਰਣਨ ਕੀਤਾ ਜਾਏ ਕਿ ਇਹ ਕੈਸੀ ਹੈ ਤੇ ਇਸ ਦੇ ਕੀ ਗੁਣ ਹਨ ਤਾਂ ਜੋ ਇਹ ਸਭ ਨੂੰ ਦੱਸੇ ਜਾ ਸਕਣ। ਇਸ ਲਈ ਇਸ ਆਵਾਜ਼ ਦਾ ਅੱਗੇ ਜੀਭ ਰਾਹੀਂ ਕੋਈ ਉਚਾਰਨ ਕਰਨਾ ਪੈਂਦਾ ਹੈ ਤਾਂ ਜੋ ਇਹ ਆਵਾਜ਼ ਆਮ ਆਦਮੀ ਤੱਕ ਪਹੁੰਚਾਈ ਜਾ ਸਕੇ। ਸੋ ਜੀਭ ਨਾਲ ਇਸ ਮੁੱਢਲੀ, ਅਗੰਮੀ ਤੇ ਨਾਦੀ ਆਵਾਜ਼ ਦੇ ਗੁਣਾਂ ਦਾ ਉਚਾਰਨ ਕਰਨਾ 'ਨਾਮ' ਹੈ। ਸੋ ਜਿਸ ਤਰ੍ਹਾਂ ਇਹ ਜੀਭ ਇੱਕ ਅਨਹਦ ਸ਼ਬਦ ਦੀ ਤਰਜਮਾਨੀ ਕਰਦੀ ਹੈ, ਉਸ ਨੂੰ 'ਨਾਮ' ਕਹਿੰਦੇ ਹਨ। ਸੋ ਨਾਮ ਦਾ ਭਾਵ ਹੈ ਰੱਬ ਦੇ ਗੁਣਾਂ ਦਾ ਜੀਭ ਰਾਹੀਂ ਬਿਆਨ ਕਰਨਾ।

ਭਾਰਤੀ ਰਿਸ਼ੀਆਂ ਤੇ ਮਹਾਂਪੁਰਖਾਂ ਨੇ ਇਹ ਜਤਨ ਕੀਤਾ ਕਿ ਇਸ ਅਨਹਦ ਸ਼ਬਦ ਦਾ ਕੋਈ ਨਾਮ ਰੱਖਿਆ ਜਾਏ। ਬਹੁਤ ਸਾਰੇ ਲੋਕਾਂ ਨੇ ਇਸ ਆਵਾਜ਼ ਨੂੰ ਕਿਸੇ ਦੇਵਤੇ ਦੀ ਸ਼ਕਲ ਵਿੱਚ ਸਾਕਾਰ ਕੀਤਾ। ਕਿਸੇ ਨੇ ਇੱਕ ਦੇਵਤੇ ਦੀ ਸ਼ਕਲ ਵਿੱਚ ਅਤੇ ਕਿਸੇ ਨੇ ਕਿਸੇ ਹੋਰ ਦੇਵਤੇ ਦੀ ਸ਼ਕਲ ਵਿੱਚ ਸਾਕਾਰ ਕੀਤਾ। ਕਿਸੇ ਨੇ ਕਿਸੇ ਗੁਣ ਨੂੰ ਸਾਕਾਰ ਕੀਤਾ ਤੇ ਕਿਸੇ ਨੇ ਕਿਸੇ ਗੁਣ ਨੂੰ। ਇਸ ਤਰ੍ਹਾਂ ਰੱਬ ਦੇ ਬੜੇ ਨਾਮ ਬਣ ਗਏ ਜਿਵੇਂ ਕਿ ਈਸ਼੍ਵਰ, ਅੱਲਾ, ਰਾਮ, ਨਾਰਾਇਣ, ਭਗਵਾਨ, ਹਰੀ ਆਦਿ। ਭਾਰਤੀ ਰਿਸ਼ੀਆਂ ਨੇ ਰੱਬ ਨੂੰ ਸਰਗੁਣ ਰੂਪ ਵਿੱਚ ਬਿਆਨ ਕਰਨ ਲਈ 'ਓਮ' ਦਾ ਪਦ ਵਰਤਿਆ। ਇਹ ਰੱਬ ਦਾ ਇੱਕ ਅਜਿਹਾ ਨਾਮ ਹੈ ਜੋ ਉਸ ਦੇ ਜ਼ਰੂਰੀ ਗੁਣਾਂ ਦੀ ਪ੍ਰਤੀਨਿਧਤਾ ਕਰਦਾ ਹੈ ਜਿਵੇਂ ਕਿ ਰੱਬ ਦਾ ਸਰਬ-ਵਿਆਪਕ ਹੋਣਾ ਅਤੇ ਅਗੰਮ ਅਤੇ ਅਗੋਚਰ ਹੋਣਾ। ਇਹ ਸ਼ਬਦ 'ਓਮ' ਸੰਸਕ੍ਰਿਤ ਦਾ ਸ਼ਬਦ ਹੈ। ਇਸ ਨੂੰ ਤਿੰਨ ਅੱਖਰਾਂ - ਓ, ਅ, ਮ - ਤੋਂ ਬਣਿਆ ਦੱਸਿਆ ਗਿਆ ਹੈ। 'ਓ' ਪਹਿਲੀ ਆਵਾਜ਼ ਹੈ ਜੋ ਮਨੁੱਖੀ ਜ਼ਬਾਨ ਕੱਢ ਸਕਦੀ ਹੈ। 'ਅ' ਦੀ ਆਵਾਜ਼ ਹੈ ਜੋ ਸਾਹ ਨੂੰ ਸਾਰੀ ਜ਼ਬਾਨ 'ਤੇ ਫੇਰ ਕੇ ਕੱਢੀ ਜਾਂਦੀ ਹੈ। 'ਮ' ਦੀ ਆਵਾਜ਼ ਬੁੱਲ੍ਹ ਮੀਟਣ ਨਾਲ ਪੈਦਾ ਹੁੰਦੀ ਹੈ। ਇਨ੍ਹਾਂ ਤਿੰਨਾਂ ਆਵਾਜ਼ਾਂ ਦਾ ਮੇਲ 'ਓਮ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੀ ਪ੍ਰਚੱਲਤ ਜ਼ਬਾਨ

ਵਿੱਚ ਇਸ ਦਾ ਨਾਮ ਓਅੰਕਾਰ (ੳ) ਰੱਖਿਆ ਜਿਸ ਦਾ ਭਾਵ ਹੈ ਸਰਬ-ਵਿਆਪਕ ਤੇ ਅਗੰਮ ਤੇ ਅਗਾਧ ਪਰਮਾਤਮਾ। ਸੋ 'ਓਅੰਕਾਰ' ਦਾ ਪਦ ਅਤੇ ਸ਼ਬਦ ਤੇ ਨਾਮ ਰੱਬ ਦੇ ਪ੍ਰਗਟ ਰੂਪ ਹਨ।

ਜਿਤਨੇ ਪਦ ਵੀ ਰੱਬ ਲਈ ਵਰਤੇ ਗਏ ਹਨ, ਉਹ ਰੱਬ ਦੇ ਖਾਸ-ਖਾਸ ਗੁਣ ਵਿਸ਼ੇਸ਼ਤਾ ਦੱਸਦੇ ਹਨ, ਸਾਰਿਆਂ ਦੀ ਨਹੀਂ। ਇਨ੍ਹਾਂ ਨਾਵਾਂ ਦਾ ਨਿਰਭਰ ਦੇਸ਼ ਦੀ ਭਾਸ਼ਾ ਉੱਤੇ ਹੁੰਦਾ ਹੈ ਜੋ ਬਿਆਨ ਕਰਨ ਵਾਲਾ ਵਰਤਦਾ ਹੈ। ਇਸ ਤਰ੍ਹਾਂ ਰੱਬ ਦੇ ਪ੍ਰਚੱਲਤ ਨਾਮ ਰੱਬ ਦੇ ਗੁਣਾਂ ਬਾਰੇ ਵਿਭਿੰਨ ਖਿਆਲ ਬਣ ਜਾਂਦੇ ਹਨ ਅਤੇ ਰੱਬ ਦਾ ਅਸਲੀ ਨਾਮ ਦੱਸਣਾ ਔਖਾ ਹੋ ਜਾਂਦਾ ਹੈ। ਮਿਸਾਲ ਵਜੋਂ ਵੇਦਾਂਤ ਵਿੱਚ 'ਈਸ਼੍ਵਰ' ਰੱਬ ਦਾ ਕੇਵਲ ਸਰਗੁਣ ਸਰੂਪ ਹੈ। ਇਸ ਲਈ 'ਈਸ਼੍ਵਰ' ਦਾ ਸ਼ਬਦ ਉਸ ਦੇ ਮੁੱਖ ਸੰਕਲਪ ਨੂੰ ਪੂਰਾ ਨਹੀਂ ਦਰਸਾਉਂਦਾ। ਜਿਸ ਅਨੁਸਾਰ ਰੱਬ ਆਪ ਹੀ ਨਿਰਗੁਣ ਹੈ ਅਤੇ ਆਪ ਹੀ ਸਰਗੁਣ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਮੁਸ਼ਕਲ ਨੂੰ ਹੱਲ ਕਰਨ ਲਈ ਸ਼ਬਦ ਦੇ ਸਾਰ ਦਾ ਨਾਉਂ ਹੀ 'ਨਾਮ' ਰੱਖ ਦਿੱਤਾ ਹੈ। ਸੋ 'ਸ਼ਬਦ' ਤੇ 'ਨਾਮ' ਸਮਾਨਾਰਥਕ ਹਨ। ਇਸ ਲਈ ਰੱਬ ਦੀ ਸਰਗੁਣਤਾ ਸ਼ਬਦ ਤੇ ਨਾਮ ਇੱਕੋ ਮੰਡਲ ਦੀਆਂ ਵਸਤਾਂ ਹਨ :

ਨਾਨਕ ਨਿਰਮਲ ਨਾਦੁ ਸਬਦ ਧੁਨਿ
ਸਚੁ ਰਾਮੈ ਨਾਮਿ ਸਮਾਇਦਾ॥

(ਅੰਗ ੧੦੩੮)

ਹਿਰਦੈ ਸਾਚੁ ਵਸੈ ਹਰਿ ਨਾਇ॥
ਕਾਲੁ ਨ ਜੋਹਿ ਸਕੈ ਗੁਣ ਗਾਇ॥
ਨਾਨਕ ਗੁਰਮੁਖਿ ਸਬਦਿ ਸਮਾਇ॥

(ਅੰਗ ੨੨੭)

ਨਾਮ ਲੈਣ ਦਾ ਭਾਵ ਹੈ ਨਾਮ ਦੀ ਸੋਝੀ ਪ੍ਰਾਪਤ ਕਰਨਾ। ਉਹ ਕਿਹੜਾ ਪਦ ਜਾਂ ਵਾਕ ਹੈ ਜਿਸ ਨਾਲ ਅਨਹਦ ਸ਼ਬਦ ਜਾਂ ਰੱਬ ਨੂੰ ਬਿਆਨਿਆ ਜਾਏ ਅਤੇ ਉਸ ਦੀ ਮਹਿਮਾ ਕੀਤੀ ਜਾਏ। ਸੱਚਾ ਗੁਰੂ ਆਪਣੇ ਸਿੱਖ ਨੂੰ ਰੱਬ ਦੀ ਪ੍ਰਸ਼ੰਸਾ ਵਿੱਚ ਕੋਈ ਸ਼ਬਦ ਦੱਸਦਾ ਹੈ ਜਿਸ ਨੂੰ ਧਿਆਨ ਵਿੱਚ ਰੱਖਣ ਨਾਲ ਹਰ ਵੇਲੇ ਰੱਬ ਯਾਦ ਰਹਿੰਦਾ ਹੈ। ਇਹ ਪਦ ਬੇਅੰਤ ਹੋ ਸਕਦੇ ਹਨ, ਜਿਵੇਂ ਕਿ 'ਵਾਹਿਗੁਰੂ', 'ਸਤਿ ਨਾਮੁ', 'ਓਅੰਕਾਰ' ਆਦਿ। ਇਨ੍ਹਾਂ ਸ਼ਬਦਾਂ ਦਾ ਭਾਵ-ਅਰਥ ਸਮਝ ਕੇ ਰੱਬ ਨੂੰ ਹਰ ਵੇਲੇ ਧਿਆਨ ਵਿੱਚ ਰੱਖੀਦਾ ਹੈ :

ਪੂਰੇ ਗੁਰ ਤੇ ਨਾਮੁ ਪਾਇਆ ਜਾਇ॥
ਸਚੈ ਸਬਦਿ ਸਚਿ ਸਮਾਇ॥

(ਅੰਗ ੫੬੦)

ਨਾਮ ਦੇਣ ਦਾ ਭਾਵ ਇਹ ਹੈ ਕਿ ਗੁਰੂ ਆਪਣੇ ਸਿੱਖ ਨੂੰ ਕੁੱਝ ਪਦ ਦੱਸਦੇ ਹਨ, ਜਿਨ੍ਹਾਂ ਨੂੰ ਧਿਆਨ ਵਿੱਚ ਰੱਖ ਕੇ ਰੱਬ ਦੀ ਪ੍ਰਸ਼ੰਸਾ ਕਰਨੀ ਹੈ :

ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ॥
ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ॥

(ਅੰਗ ੭੨੯)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਡੇ ਲਈ ਇਹ ਪਦ ਨੀਯਤ ਕਰ ਦਿੱਤੇ ਹਨ ਜਿਵੇਂ ਕਿ '੧ ਓਅੰਕਾਰ', 'ਸਤਿ ਨਾਮੁ', ਵਾਹਿਗੁਰੂ। ਓਅੰਕਾਰ ਦਾ ਭਾਵ ਹੈ ਸਰਬਵਿਆਪਕ ਅਤੇ ਅਗੰਮ ਪਰਮਾਤਮਾ। ਸਤਿ ਨਾਮੁ ਦਾ ਭਾਵ ਹੈ ਉਹ ਪਰਮਾਤਮਾ ਜੋ ਸਾਰੇ ਬ੍ਰਹਿਮੰਡ ਦਾ ਸਾਰ ਹੈ ਅਤੇ ਅਨਾਦੀ ਹੈ। ਵਾਹਿਗੁਰੂ ਦਾ ਭਾਵ ਹੈ ਉਹ ਸ਼ਬਦ ਜੋ ਪਰਮਾਤਮਾ ਦਾ ਸਰਗੁਣ ਸਰੂਪ ਹੈ ਅਤੇ ਉਹ ਸਰਗੁਣ ਰੂਪ ਜਿਸ ਨੂੰ ਵੇਖ ਕੇ ਮਨੁੱਖ ਵਿਸਮਾਦ ਵਿੱਚ ਆ ਜਾਂਦਾ ਹੈ। ਇਨ੍ਹਾਂ ਸਭ ਦੇ ਭਾਵ-ਅਰਥ ਹੋਰ ਅੱਗੇ ਬਹੁਤ ਹਨ ਪਰ ਇਹ ਸਾਰ ਰੂਪ ਵਿੱਚ ਦਿੱਤੇ ਗਏ ਹਨ।

ਸਿੱਖ ਧਰਮ ਵਿੱਚ ਨਾਮ ਜਪਣ ਦਾ ਭਾਵ ਹਰ ਵੇਲੇ ਪਰਮਾਤਮਾ ਲਈ ਚੇਤੰਨ ਰਹਿਣਾ ਅਤੇ ਉਸ ਨੂੰ ਧਿਆਨ ਵਿੱਚ ਰੱਖਣਾ ਹੈ, ਉਸ ਨੂੰ ਹਾਜ਼ਰ-ਨਾਜ਼ਰ ਸਮਝਣਾ ਹੈ, ਉਸ ਨੂੰ ਸਰਬ-ਵਿਆਪਕ, ਅਗਮ, ਅਗੋਚਰ, ਸਰਬ-ਸ਼ਕਤੀਮਾਨ, ਕਾਦਰ, ਕਰੀਮ, ਰਹੀਮ-ਪਿਆਰ ਤੇ ਨਦਰ ਸਮਝਣਾ ਹੈ ਅਤੇ ਉਸ ਦੀ ਰਜ਼ਾ ਵਿੱਚ ਚੱਲਣਾ ਹੈ। ਨਾਮ ਜਪਣ ਦਾ ਭਾਵ ਇਹ ਨਹੀਂ ਕਿ ਦੁਨੀਆਂ ਦਾ ਕਾਰ-ਵਿਹਾਰ ਛੱਡ ਕੇ, ਕਿਸੇ ਨੁੱਕਰੇ ਬੈਠ ਕੇ ਨਾਮ ਦਾ ਰਟਣ ਕੀਤਾ ਜਾਏ ਅਤੇ ਸਰੀਰ ਨੂੰ ਤਸੀਹੇ ਦਿੱਤੇ ਜਾਣ।

ਨਾਮ-ਸਿਮਰਨ ਦਾ ਮਨੁੱਖ ਦੇ ਅਰਧ-ਚੇਤ ਮਨ ਉੱਤੇ ਡੂੰਘਾ ਅਸਰ ਪੈਂਦਾ ਹੈ। ਮਨੁੱਖ ਸੁਆਰਥਹੀਣ ਬਣ ਜਾਂਦਾ ਹੈ। ਸ਼ਬਦ ਦਾ ਭਾਵ ਆਤਮਾ ਵਿੱਚ ਵੱਸ ਜਾਂਦਾ ਹੈ। ਇਸ ਤਰ੍ਹਾਂ ਨਾਮ ਜਪਣ ਵਾਲੇ ਦੀ ਆਤਮਾ ਸਤਿ ਨਾਲ ਇਕਮਿਕ ਹੋ ਜਾਂਦੀ ਹੈ :

ਨਾਮੇ ਰਾਤੇ ਹਉਮੈ ਜਾਇ॥
ਨਾਮਿ ਰਤੇ ਸਚਿ ਰਹੇ ਸਮਾਇ॥
ਨਾਮਿ ਰਤੇ ਜੋਗ ਜੁਗਤਿ ਬੀਚਾਰੁ॥
ਨਾਮਿ ਰਤੇ ਪਾਵਹਿ ਮੋਖ ਦੁਆਰੁ॥

(ਅੰਗ ੯੪੧)

ਨਾਮ ਜਪਣ ਦਾ ਅਸਲੀ ਭਾਵ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਧਾਂ ਨਾਲ ਕੀਤੀ ਗੋਸ਼ਟੀ ਤੋਂ ਸਮਝ ਆਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਹਠ-ਜੋਗ ਦੇ ਸਖ਼ਤ ਵਿਰੋਧੀ ਸਨ। ਹਠ ਜੋਗ ਘਰ-ਬਾਰ ਛੱਡਣ ਦਾ ਤੇ ਮੰਗ ਕੇ ਖਾਣ ਦਾ ਸਮਰਥਨ ਕਰਦਾ ਸੀ। ਇਹ ਮਨੁੱਖੀ ਖਾਹਿਸ਼ਾਂ ਨੂੰ ਬਿਲਕੁਲ ਮਾਰ ਦੇਣ ਦੇ ਹੱਕ ਵਿੱਚ ਸੀ। ਉਨ੍ਹਾਂ ਦਾ ਮਨੋਰਥ ਡੂੰਘੀ ਤਪੱਸਿਆ ਨਾਲ ਸੁੰਨ ਅਵਸਥਾ ਵਿੱਚ ਜਾਣ ਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖਿਆਲ ਵਿੱਚ ਇਹ ਸਾਰੇ ਤਰੀਕੇ ਮਨੁੱਖ ਨੂੰ ਮੁਕਤੀ ਵੱਲ ਨਹੀਂ ਲੈ ਜਾਂਦੇ। ਜੋਗੀ ਦਾ ਮਨੋਰਥ ਸੰਜੋਗ ਨਹੀਂ ਬਲਕਿ ਵਿਜੋਗ ਹੈ। ਉਹ ਪ੍ਰਕਿਰਤੀ ਤੇ ਪੁਰਸ਼ ਨੂੰ ਵੱਖਰਾ ਕਰਕੇ ਰਿਧੀਆਂ-ਸਿਧੀਆਂ ਪ੍ਰਾਪਤ ਕਰਨਾ ਚਾਹੁੰਦਾ ਹੈ ਜਿਸ ਨਾਲ ਹਉਮੈ ਵਧਦੀ ਹੈ ਜੋ ਮਨੁੱਖ ਨੂੰ ਰੱਬ ਪਾਸੋਂ ਦੂਰ ਲੈ ਜਾਂਦੀ ਹੈ। ਕੋਈ ਸਧਾਰਨ ਜੀਵਨ ਬਤੀਤ ਕਰਨ ਵਾਲਾ ਮਨੁੱਖ ਹਠ ਜੋਗ ਦੇ ਤਰੀਕੇ ਨਹੀਂ ਅਪਣਾ ਸਕਦਾ। ਨਾਮ ਜਪਣ ਨਾਲ ਹਉਮੈ ਘਟਦੀ ਹੈ, ਮਨੁੱਖ ਰੱਬ ਦੇ ਹੁਕਮ ਅਨੁਸਾਰ ਚੱਲਦਾ ਹੈ ਅਤੇ ਉਸ ਦੇ ਨਜ਼ਦੀਕ ਹੁੰਦਾ ਚਲਾ ਜਾਂਦਾ ਹੈ। ਸੋ ਜੋਗ ਮੁਕਤੀ ਦਾ ਸਾਧਨ ਨਹੀਂ। ਨਾਮ ਜਪਣਾ ਹੀ ਮੁਕਤੀ ਦਾ ਅਸਲੀ ਸਾਧਨ ਹੈ :

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ
ਬਿਨੁ ਨਾਵੈ ਜੋਗੁ ਨ ਹੋਈ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ॥
ਸਤਿਗੁਰ ਤੇ ਨਾਮੁ ਪਾਈਐ
ਅਉਧੂ ਜੋਗ ਜੁਗਤਿ ਤਾ ਹੋਈ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ
ਬਿਨੁ ਨਾਵੈ ਮੁਕਤਿ ਨ ਹੋਈ॥

(ਅੰਗ ੯੪੬)

ਸਤ-ਚਿਤ-ਅਨੰਦ

ਇਹ ਦ੍ਰਿਸ਼ਟਮਾਨ ਬ੍ਰਹਿਮੰਡ ਅਸਲੀਅਤ ਨਹੀਂ। ਇਸ ਦੇ ਪਿੱਛੇ ਕੋਈ ਅਦ੍ਰਿਸ਼ਟ ਹੈ ਜੋ ਇਸ ਬ੍ਰਹਿਮੰਡ ਦਾ ਸਾਰ ਹੈ ਪਰ ਦਿੱਸਦਾ ਨਹੀਂ। ਸਾਰਾ ਬ੍ਰਹਿਮੰਡ ਉਸ ਦਾ ਬਣਿਆ ਹੋਇਆ ਹੈ, ਇਸ ਨੂੰ ਬ੍ਰਹਮ ਕਹਿੰਦੇ ਹਨ। ਇਸੇ ਹੀ ਤਰ੍ਹਾਂ ਇਸ ਮਨੁੱਖ ਦਾ ਸਾਰ ਆਤਮਾ ਹੈ। ਇਹ ਆਤਮਾ ਤੇ ਬ੍ਰਹਮ ਇੱਕ ਹਨ। ਇਹ ਬ੍ਰਹਮ-ਆਤਮ ਬ੍ਰਹਿਮੰਡ ਦਾ ਸਾਰ ਹੈ। ਇਹੋ ਪਰਮ-ਆਤਮਾ ਹੈ। ਇਹੋ ਰੱਬ ਹੈ, ਇਸ ਲਈ ਰੱਬ ਸਤਿ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ
ਘਟ ਭੀਤਰਿ ਦੇਖੁ ਮੁਰਾਰੀ ਜੀਉ॥

(ਅੰਗ ੫੯੭-੯੮)

ਆਤਮ ਮਹਿ ਰਾਮੁ ਰਾਮ ਮਹਿ ਆਤਮੁ
ਚੀਨਸਿ ਗੁਰ ਬੀਚਾਰਾ॥

(ਅੰਗ ੧੧੫੩)

ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :

ਸਤਿ ਸਤਿ ਸਤਿ ਪ੍ਰਭੁ ਸੁਆਮੀ॥
ਗੁਰ ਪਰਸਾਦਿ ਕਿਨੈ ਵਖਿਆਨੀ॥

(ਅੰਗ ੨੭੯)

ਜੀਵ (ਮਨੁੱਖ) ਚੇਤੰਨਤਾ ਰੱਖਦਾ ਹੈ। ਇਸ ਨੂੰ ਆਪਣੇ ਆਲੇ-ਦੁਆਲੇ ਦਾ ਗਿਆਨ ਹੁੰਦਾ ਹੈ ਜੋ ਪੱਥਰਾਂ ਨੂੰ ਨਹੀਂ ਹੁੰਦਾ। ਇਹ ਤਦ ਹੁੰਦਾ ਹੈ ਕਿ ਇਸ ਵਿੱਚ ਜ਼ਿੰਦਗੀ ਤਾਂ ਆਉਂਦੀ ਹੈ ਜਦੋਂ ਇਸ ਵਿੱਚ ਆਤਮਾ ਪ੍ਰਵੇਸ਼ ਕਰਦੀ ਹੈ। ਆਤਮਾ ਤੇ ਚੇਤੰਨਤਾ ਇਕੱਠੀਆਂ ਆਉਂਦੀਆਂ ਹਨ। ਇਹੋ ਜੀਵ ਦੀ ਨਿਸ਼ਾਨੀ ਹੈ। ਆਤਮਾ ਪਰਮ-ਆਤਮਾ ਦਾ ਅੰਗ ਹੈ ਤਾਂ ਫਿਰ ਇਹ ਚੇਤੰਨਤਾ ਭੀ ਉਸ ਰੱਬ ਦਾ ਅੰਗ ਹੈ। ਸੋ ਰੱਬ ਜਿੱਥੇ ਪਰਮ ਆਤਮਾ ਹੈ, ਉਥੇ ਰੱਬ ਪਰਮ-ਚਿੱਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥

(ਅੰਗ ੯੨੯)

ਉਪਨਿਸ਼ਦਾਂ ਅੰਦਰ ਰਿਸ਼ੀ ਭ੍ਰਿਗੂ ਤੇ ਉਸ ਦੇ ਪਿਤਾ ਵਰਨ ਵਿਚਕਾਰ ਹੋਇਆ ਵਾਰਤਾਲਾਪ ਇਸ ਤਰ੍ਹਾਂ ਦੱਸਿਆ ਹੈ :

ਭ੍ਰਿਗੂ : ਬ੍ਰਹਮ ਦੀ ਕੀ ਵਿਸ਼ੇਸ਼ਤਾ ਹੈ? ਉਸ ਦੇ ਕੀ ਗੁਣ ਹਨ?

ਵਰਨ : ਬ੍ਰਹਮ ਉਹ ਹੈ ਜਿਸ ਵਿੱਚੋਂ ਸਾਰੇ ਬ੍ਰਹਿਮੰਡ ਦੀਆਂ ਵਸਤਾਂ ਪੈਦਾ ਹੁੰਦੀਆਂ ਹਨ, ਜਿਸ ਦੇ ਸਹਾਰੇ ਉਹ ਜੀਊਂਦੀਆਂ ਹਨ ਅਤੇ ਜਿਸ ਵਿੱਚ ਮਰਨ ਦੇ ਬਾਅਦ ਉਹ ਸਮਾ ਜਾਂਦੀਆਂ ਹਨ।

ਸਤਿ ਦੀ ਖੋਜ ਕਰਦਿਆਂ ਰਿਸ਼ੀ ਭ੍ਰਿਗੂ ਨੇ ਬ੍ਰਹਮ ਬਾਰੇ ਇਹ ਚੀਜ਼ਾਂ ਲੱਭੀਆਂ :

(ੳ) ਖੁਰਾਕ, ਅੰਨ, ਭਾਵ ਮਾਦਾ –

ਇਹ ਭੌਤਿਕ ਹੋਂਦ ਲਈ ਜ਼ਰੂਰੀ ਹੈ, ਪਰ ਇਹ ਮਾਦਾ ਤਾਂ

ਬਾਹਰਲਾ ਖੋਲ ਹੈ, ਜਿਸ ਦੇ ਅੰਦਰ ਪ੍ਰਾਣ ਭਾਵ ਜ਼ਿੰਦਗੀ ਹੈ।

(ਅ) ਮਨ –

ਇਹ ਪ੍ਰਾਣਾਂ ਜਾਂ ਜ਼ਿੰਦਗੀ ਦਾ ਆਧਾਰ ਹੈ ਪਰ ਇਹ ਵੀ ਅੱਗੇ ਉਪਜ ਜਾਂ ਗੁਣਨਫਲ ਹੈ ਅਤੇ ਬ੍ਰਹਮ ਜਾਂ ਮੂਲ ਨਹੀਂ।

(ੲ) ਬੌਧਿਕ ਚੇਤੰਨਤਾ –

ਫਿਰ ਉਹ ਸੋਚਦਾ ਹੈ ਕਿ ਸ਼ਾਇਦ ਬੌਧਿਕ ਚੇਤੰਨਤਾ ਅੰਤਮ ਸਤਿ ਹੋਵੇ ਪਰ ਇਹ ਵੀ ਉਸ ਨੇ ਅਧੂਰਾ ਅਤੇ ਅਪੂਰਨ ਸਮਝਿਆ।

(ਸ) ਅਨੰਦ –

ਅਖੀਰ ਉਹ ਇਸ ਅੰਤਮ ਸਤਿ ਉੱਤੇ ਪੁੱਜਾ ਕਿ ਬ੍ਰਹਮ ਅਨੰਦ ਹੈ। ਉਹ ਆਪ ਪਰਮ ਚੇਤੰਨਤਾ ਅਤੇ ਚੇਤੰਨ ਰੂਪ ਵਿੱਚ ਆਪ ਅਨੰਦ ਮਾਣ ਰਿਹਾ ਹੈ। ਤੈਤੀਰੀਆ ਉਪਨਿਸ਼ਦ ਵਿੱਚ ਲਿਖਿਆ ਹੈ। "ਬ੍ਰਹਮ ਆਪ ਅਨੰਦ ਸਰੂਪ ਹੈ ਅਤੇ ਇਹ ਛੋਟੀਆਂ-ਛੋਟੀਆਂ ਖੁਸ਼ੀਆਂ ਜੋ ਮਨੁੱਖ ਆਪਣੇ ਜੀਵਨ ਵਿੱਚ ਮਾਣਦਾ ਹੈ, ਰੱਬ ਦੇ ਉਸ ਅਸੀਮਿਤ ਤੇ ਮਹਾਨ ਅਨੰਦ ਦਾ ਇੱਕ ਮਾਮੂਲੀ ਜਿਹਾ ਅੰਸ਼ ਹਨ।"

ਇਸ ਬ੍ਰਹਿਮੰਡ ਵਿੱਚ ਪਾਈ ਜਾਂਦੀ ਖੁਸ਼ੀ ਜਾਂ ਅਨੰਦ ਦੀ ਇਕਾਈ ਇੱਕ ਅਜਿਹਾ ਮਨੁੱਖ ਹੈ ਜੋ ਚੰਗਾ ਆਚਾਰ ਤੇ ਚੰਗੀ ਸੁਚੱਜਤਾ ਰੱਖਦਾ ਹੋਵੇ, ਚੰਗਾ ਵਿਦਵਾਨ ਹੋਵੇ, ਚੰਗਾ ਉਪਜਾਊ ਸੂਝ ਰੱਖਦਾ ਹੋਵੇ, ਆਸ਼ਾਵਾਦੀ ਹੋਵੇ, ਇਰਾਦੇ ਦਾ ਪੱਕਾ ਹੋਵੇ ਅਤੇ ਚੰਗੀ ਸਿਹਤ ਤੇ ਕੇਵਲ ਲੋੜੀਂਦੀ ਦੌਲਤ ਰੱਖਦਾ ਹੋਵੇ। ਮਨੁੱਖੀ ਅਤੇ ਦੈਵੀ ਖੁਸ਼ੀ ਇਸ ਇਕਾਈ ਦਾ ਗੁਣਨਫਲ ਹੁੰਦੀ ਹੈ। ਫਰਿਸ਼ਤੇ, ਦੇਵਤੇ ਤੇ ਉਚੇਰੇ ਦੇਵ ਸਮੇਤ ਪਰਜਾ ਪਤੀ, ਖੁਸ਼ੀ ਇਸ ਇਕਾਈ ਦੇ ਕਿਸੇ ਗੁਣਨਫਲ ਦੇ ਬਰਾਬਰ ਮਾਣਦੇ ਹਨ। ਇੱਕ ਯੁਵਕ ਤੋਂ ਲੈ ਕੇ, ਪਰਜਾ ਪਤੀ ਤੱਕ ਹਰ ਇੱਕ ਦੇ ਸਮਾਨੰਤਰ ਉਸ ਮਨੁੱਖ ਦੀ ਖੁਸ਼ੀ ਹੈ ਜੋ ਬ੍ਰਹਮ (ਪਰਮਾਤਮਾ) ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਆਪਣੀਆਂ ਇੰਦ੍ਰਿਆਵੀ ਖਾਹਿਸ਼ਾਂ ਦਾ ਗੁਲਾਮ ਨਹੀਂ ਰਹਿੰਦਾ। ਰੂਹਾਨੀ ਪ੍ਰਾਪਤੀ ਮਨੁੱਖ ਨੂੰ ਅਸੀਮਿਤ ਖੁਸ਼ੀ ਦਿੰਦੀ ਹੈ ਕਿਉਂਕਿ ਉਹ ਮਨੁੱਖ ਨੂੰ ਰੱਬ (ਬ੍ਰਹਮ) ਨਾਲ ਇਕਮਿਕ ਕਰ ਦਿੰਦੀ ਹੈ ਜਿਹੜਾ ਕਿ ਆਪ ਸਾਰੇ ਅਨੰਦ ਦਾ ਇਕ ਅਥਾਹ ਸਾਗਰ ਹੈ ਅਤੇ ਬਾਕੀ ਸਾਰੇ ਮਨੁੱਖ ਜਾਂ ਦੇਵ ਉਸ ਦੇ ਮਾਮੂਲੀ ਕਿਣਕੇ ਹਨ। ਇਹੀ ਮਨੁੱਖ ਦਾ ਸਭ ਤੋਂ ਵੱਡਾ ਕਮਾਲ ਹੈ। ਅਜਿਹਾ ਆਦਮੀ ਮਨੁੱਖਾਂ ਵਿੱਚ ਇੱਕ ਸਭ ਤੋਂ ਵੱਡਾ ਦੇਵ ਹੈ। ਬ੍ਰਹਮ ਦਾ ਗਿਆਨ ਰੱਖਣ ਵਾਲੇ ਦਾ ਇਹ ਅਨਾਦੀ ਤੇਜ-ਪ੍ਰਤਾਪ ਹੈ। ਮਨੁੱਖ ਲਈ ਇਹ ਖੁਸ਼ੀ ਅਨੰਦ ਦੀ ਟੀਸੀ ਹੈ।

ਸਿੱਖ ਧਰਮ ਅੰਦਰ ਸਤ-ਚਿਤ-ਅਨੰਦ

ਸਿੱਖ ਧਰਮ ਪਾਰਬ੍ਰਹਮ ਦੇ ਇਹ ਤਿੰਨੇ ਰੂਪ ਮੰਨਦਾ ਹੈ: ਰੱਬ ਸਤਿ ਹੈ, ਚਿਤ ਹੈ ਅਤੇ ਅਨੰਦ ਹੈ।

(ੳ) ਪਾਰਬ੍ਰਹਮ ਸਤਿ ਹੈ –

ਇਹ ਸਾਰੇ ਬ੍ਰਹਿਮੰਡ ਦਾ ਸਾਰ ਹੈ। ਮੂਲਮੰਤਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

ੴ ਸਤਿ ਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ॥

(ਅ) ਪਾਰਬ੍ਰਹਮ ਚਿਤ ਸਰੂਪ ਹੈ –

ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥

(ਅੰਗ ੯੨੯-੩੦)

ਸ਼ਬਦ ਤੋਂ ਹੀ ਬ੍ਰਹਿਮੰਡ ਦੀ ਉਤਪਤੀ ਹੋਈ। ਓਅੰਕਾਰ ਤੋਂ ਹੀ ਚੇਤੰਨਤਾ ਪੈਦਾ ਹੋਈ। ਓਅੰਕਾਰ ਤੋਂ ਹੀ ਦੇਸ਼ ਤੇ ਕਾਲ ਰਚੇ ਗਏ। ਓਅੰਕਾਰ ਤੋਂ ਹੀ ਗਿਆਨ ਪੈਦਾ ਹੋਇਆ। ਸੋ ਪਰਮਾਤਮਾ ਪਰਮਸਤਿ ਹੈ ਅਤੇ ਪਰਮ-ਚਿਤ ਭੀ ਹੈ।

(ੲ) ਬ੍ਰਹਮ ਆਪ ਅਨੰਦ ਸਰੂਪ ਹੈ –

ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ॥

(ਅੰਗ ੧੦੪੧)

ਆਨਦ ਰੂਪ ਅਨੂਪ ਅਗੋਚਰ
ਗੁਰ ਮਿਲਿਐ ਭਰਮੁ ਜਾਇਆ॥

(ਅੰਗ ੧੦੪੨)

ਸੋ ਪਰਮਾਤਮਾ ਸਤ-ਚਿਤ-ਅਨੰਦ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਸਤਿ ਸੁਹਾਣੁ ਸਦਾ ਮਨਿ ਚਾਉ॥

(ਅੰਗ ੪)

ਇਸ ਪ੍ਰਥਾਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ 'ਜਾਪੁ ਸਾਹਿਬ' ਅੰਦਰ ਫ਼ਰਮਾਉਂਦੇ ਹਨ :

ਸਦਾ ਸੱਚਦਾਨੰਦ ਸਰਬੰ ਪ੍ਰਣਾਸੀ॥

ਹੇ ਵਾਹਿਗੁਰੂ। ਤੂੰ ਸਦਾ ਸੱਚਮੁਚ ਮੌਜੂਦ ਹੈਂ; ਤੂੰ ਚੇਤੰਨ ਹੈਂ (ਸਭ ਕੁੱਝ ਜਾਣਨ ਵਾਲਾ ਹੈਂ), ਤੂੰ ਅਨੰਦ ਜਾਂ ਖੁਸ਼ੀ ਦਾ ਘਰ ਹੈਂ।

ਮੁਕਤੀ

ਇਹ ਮਨੁੱਖ ਆਤਮਾ ਅਤੇ ਸਰੀਰ ਦਾ ਮੇਲ ਹੈ। ਇਹ ਭੌਤਿਕ ਸਰੀਰ ਇੰਦ੍ਰਿਆਵਾਂ ਤੇ ਤ੍ਰਿਸ਼ਨਾਵਾਂ ਦਾ ਬਣਿਆ ਹੋਇਆ ਹੈ। ਇਹ ਤ੍ਰਿਸ਼ਨਾਵਾਂ ਬੜੀਆਂ ਪ੍ਰਬਲ ਹਨ। ਇਨ੍ਹਾਂ ਦੀ ਪੂਰਨ ਸੰਤੁਸ਼ਟੀ ਕਦੀ ਨਹੀਂ ਹੁੰਦੀ ਜਿਸ ਕਾਰਨ ਮਨੁੱਖ ਹਮੇਸ਼ਾਂ ਦੁਖੀ ਰਹਿੰਦਾ ਹੈ। ਸੋ ਇਹ ਮਨੁੱਖ ਇਨ੍ਹਾਂ ਤ੍ਰਿਸ਼ਨਾਵਾਂ ਦਾ ਗੁਲਾਮ ਭੀ ਹੈ ਅਤੇ ਇਸੇ ਕਾਰਨ ਦੁਖੀ ਭੀ ਹੈ। ਕਿਹਾ ਜਾਂਦਾ ਹੈ ਕਿ ਮਨੁੱਖ ਪਾਸ ਬੁੱਧੀ ਹੈ ਅਤੇ ਇਹ ਤਰਕ-ਯੁਕਤ ਹੈ। ਅਸਲੀਅਤ ਇਹ ਹੈ ਕਿ ਸਧਾਰਨ ਇਨਸਾਨ ਆਪਣੀਆਂ ਭੌਤਿਕ ਤ੍ਰਿਸ਼ਨਾਵਾਂ ਅਤੇ ਜਜ਼ਬਿਆਂ ਦੇ ਆਸਰੇ ਬਹੁਤਾ ਤੁਰਦਾ ਹੈ ਅਤੇ ਤਰਕ ਦੇ ਆਸਰੇ ਘੱਟ। ਇਸ ਨੂੰ ਜਰਮਨ ਫ਼ਿਲਾਸਫ਼ਰ ਸ਼ਾਪਨਹਰ 'Will to live' ਦਾ ਨਾਂ ਦੇਂਦਾ ਹੈ। ਸੋ ਮਨੁੱਖ ਹਰ ਵੇਲੇ ਆਪਣੀਆਂ ਤ੍ਰਿਸ਼ਨਾਵਾਂ ਦਾ ਗੁਲਾਮ ਰਹਿੰਦਾ ਹੈ। ਮੁਕਤੀ ਸ਼ਬਦ ਦਾ ਭਾਵ ਇੰਦ੍ਰਿਆਵੀ ਖਾਹਿਸ਼ਾਂ ਉੱਤੇ ਕਾਬੂ ਪਾ ਕੇ ਇਸ ਦੁਖੀ ਜੀਵਨ ਤੋਂ ਛੁਟਕਾਰਾ ਪਾਉਣਾ ਜਾਂ ਮੁਕਤ ਹੋਣਾ ਹੈ। ਇਹ ਓਦੋਂ ਹੁੰਦਾ ਹੈ ਜਦੋਂ ਮਨੁੱਖ ਦਾ ਦੂਸਰਾ ਅੰਗ ਆਤਮਾ, ਸਰੀਰ 'ਤੇ ਕਾਬੂ ਪਾ ਕੇ ਆਪਣੇ ਆਪ ਨੂੰ ਵਸੀਕਾਰ ਕਰ ਲੈਂਦਾ ਹੈ ਅਤੇ ਮਨ ਨੂੰ ਆਪਣੇ ਕੰਟਰੋਲ ਵਿੱਚ ਲੈ ਆਉਂਦਾ ਹੈ। ਇਹ ਆਤਮਾ ਪਰਮਾਤਮਾ ਦਾ ਅੰਗ ਹੈ।

ਸੋ ਇਸ ਤਰ੍ਹਾਂ ਸਰੀਰ ਤੇ ਮਨ ਨੂੰ ਆਤਮਾ ਦੇ ਵਸੀਕਾਰ ਵਿੱਚ ਕਰਨ ਨਾਲ ਮਨੁੱਖ ਪਰਮਾਤਮਾ ਨਾਲ ਇਕਸੁਰ ਹੋ ਜਾਂਦਾ ਹੈ। ਇਸ ਨੂੰ ਹੀ ਮੁਕਤੀ ਜਾਂ Liberation ਕਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਮੂੜੇ ਰਾਮੁ ਜਪਹੁ ਗੁਣ ਸਾਰਿ॥
ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥੧॥ ਰਹਾਉ ॥
ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ॥

(ਪੰਨਾ ੧੯)

ਜੇ ਮਨੁੱਖ ਆਪਣੀਆਂ ਤ੍ਰਿਸ਼ਨਾਵਾਂ ਦੇ ਅਧੀਨ ਅਤੇ ਇਸ ਦਾ ਗੁਲਾਮ ਬਣਿਆ ਰਹੇ ਤਾਂ ਉਹ ਜੰਮਣ-ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ ਅਤੇ ਇਸ ਵਿੱਚੋਂ ਨਿਕਲ ਨਹੀਂ ਸਕਦਾ। ਇਸ ਚੱਕਰ ਵਿੱਚੋਂ ਤਦ ਹੀ ਨਿਕਲ ਸਕਦਾ ਹੈ ਜੇ ਉਹ ਜੰਮਣ-ਮਰਨ ਤੋਂ ਰਹਿਤ ਹੋ ਜਾਵੇ। ਮਨੁੱਖ ਇਸ ਦੁਨੀਆਂ ਵਿੱਚ ਉਦੋਂ ਆਉਂਦਾ ਹੈ ਜਦੋਂ ਆਤਮਾ ਇਸ ਸਰੀਰ ਵਿੱਚ ਆ ਕੇ ਇਸ ਨੂੰ ਜ਼ਿੰਦਗੀ ਦਿੰਦੀ ਹੈ। ਇਹ ਆਤਮਾ ਪਰਮਾਤਮਾ ਦਾ ਅੰਗ ਹੈ। ਮਨੁੱਖ ਇਸ ਜੀਵਨ ਦੇ ਚੱਕਰ ਨੂੰ ਉਦੋਂ ਕੱਟਦਾ ਹੈ ਜਦੋਂ ਇਹ ਆਤਮਾ ਵਾਪਸ ਪਰਮਾਤਮਾ ਵਿੱਚ ਜਾ ਰਲੇ। ਇਹ ਉਦੋਂ ਹੀ ਹੁੰਦਾ ਹੈ ਜਦੋਂ ਮਨੁੱਖ ਭੌਤਿਕ ਪੱਧਰ ਤੋਂ ਉੱਠ ਕੇ ਆਤਮਿਕ ਪੱਧਰ 'ਤੇ ਚਲਾ ਜਾਵੇ ਅਤੇ ਪਰਮਾਤਮਾ ਵਿੱਚ ਲੀਨ ਹੋ ਜਾਵੇ। ਇਹ ਸਟੇਜ ਨਾਮ ਜਪਣ ਨਾਲ ਅਤੇ ਪਰਮਾਤਮਾ ਦੀ ਬਖਸ਼ਿਸ਼ ਨਾਲ ਆਉਂਦੀ ਹੈ।

ਸੋ ਸਿੱਖ ਦਾ ਜੀਵਨ-ਆਦਰਸ਼ ਮੁਕਤੀ ਪ੍ਰਾਪਤ ਕਰਨਾ ਹੈ ਜੋ ਇਸ ਜੀਵਨ ਵਿੱਚ ਵੀ ਪ੍ਰਾਪਤ ਹੋ ਸਕਦੀ ਹੈ ਅਤੇ ਅਗਲੇ ਜੀਵਨ ਵਿੱਚ ਮਰਨ ਦੇ ਬਾਅਦ ਵੀ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥

(ਅੰਗ ੧੦੦੯-੧੦)

ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥

(ਅੰਗ ੧੬੪)

ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ :

ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ॥
ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ॥

(ਅੰਗ ੧੦੦੯)

ਸਿੱਖ ਧਰਮ ਇੰਦਰਿਆਂ ਨੂੰ ਵਸੀਕਰਨ ਕਰਨਾ ਮੰਗਦਾ ਹੈ, ਇਨ੍ਹਾਂ ਨੂੰ ਖ਼ਤਮ ਕਰਨਾ ਨਹੀਂ ਮੰਗਦਾ। ਸਿੱਖ ਧਰਮ ਇਸ ਦੁਨੀਆਂ ਦਾ ਆਰੰਭ ਹਉਂ ਤੋਂ ਮੰਨਦਾ ਹੈ। ਜਿੱਥੇ ਹਉਂ ਬੀਮਾਰੀ ਹੈ ਉੱਥੇ ਇਹ ਜੀਵਨ-ਪ੍ਰੇਰਨਾ ਵੀ ਹੈ। ਇਸ ਲਈ ਇਹ ਇਨਸਾਨ ਇੱਕ ਨਿੱਗਰ ਸਮਾਜ ਦੀ ਇਕਾਈ ਬਣਦਾ ਹੈ :

ਹਉ ਵਿਚਿ ਆਇਆ ਹਉ ਵਿਚਿ ਗਇਆ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ॥
ਹਉ ਵਿਚਿ ਦਿਤਾ ਹਉ ਵਿਚਿ ਲਇਆ॥
ਹਉ ਵਿਚਿ ਖਟਿਆ ਹਉ ਵਿਚਿ ਗਇਆ॥

ਹਉ ਵਿਚਿ ਸਚਿਆਰੁ ਕੂੜਿਆਰੁ॥
ਹਉ ਵਿਚਿ ਪਾਪ ਪੁੰਨ ਵੀਚਾਰੁ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ॥
ਹਉ ਵਿਚਿ ਹਸੈ ਹਉ ਵਿਚਿ ਰੋਵੈ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ॥
ਹਉ ਵਿਚਿ ਜਾਤੀ ਜਿਨਸੀ ਖੋਵੈ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥
ਮੋਖ ਮੁਕਤਿ ਕੀ ਸਾਰ ਨ ਜਾਣਾ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ॥
ਹਉਮੈ ਕਰਿ ਕਰਿ ਜੰਤ ਉਪਾਇਆ॥

(ਅੰਗ ੪੬੬)

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ
ਵਿਚੇ ਹੋਵੈ ਮੁਕਤਿ॥

(ਪੰਨਾ ੫੨੨)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਮਨੁੱਖੀ ਜੀਵਨ ਨੂੰ ਇੱਕ ਸੰਤੁਲਿਤ ਜੀਵਨ ਬਣਾਉਂਦੀ ਹੈ। ਇਹ ਇੰਦ੍ਰਿਆਵੀ ਜੀਵਨ, ਪਿਆਰ, ਤਰਕ ਅਤੇ ਆਤਮਿਕ ਖੁਸ਼ੀ ਦਾ ਸਹੀ ਮੇਲ ਕਰਦੀ ਹੈ। ਇਹ ਇੰਦਰੇ ਭੌਤਿਕ ਜੀਵਨ ਨੂੰ ਚਲਾਉਣ ਦੀ ਸ਼ਕਤੀ ਰੱਖਦੇ ਹਨ। ਆਤਮਾ ਦਾ ਵਾਸਾ ਹੀ ਸਰੀਰ ਵਿੱਚ ਤਦ ਰਹਿ ਸਕਦਾ ਹੈ ਜੇ ਇਹ ਸਰੀਰ ਅਰੋਗ ਹੋ ਕੇ ਚੱਲਦਾ ਰਹੇ। ਆਤਮਾ ਤਦ ਹੀ ਚਮਕ ਸਕਦੀ ਹੈ ਜੇਕਰ ਸਰੀਰ ਸਾਫ਼ ਤੇ ਸੁਥਰਾ ਹੋਵੇ। ਸੋ ਇਨ੍ਹਾਂ ਇੰਦਰਿਆਂ ਨੂੰ ਵਰਤਣਾ ਜ਼ਰੂਰੀ ਹੈ ਪਰ ਇਨ੍ਹਾਂ ਦੀ ਵਰਤੋਂ ਨੂੰ ਉਸ ਹੱਦ ਤੱਕ ਨਹੀਂ ਜਾਣ ਦੇਣਾ ਜਿੱਥੇ ਉਹ ਵਿਕਾਰ ਬਣ ਜਾਣ। ਇਸੇ ਤਰ੍ਹਾਂ ਜੀਵਨ ਵਿੱਚ ਤਰਕ ਅਤੇ ਜਜ਼ਬੇ ਦੀ ਸਹੀ ਲੋੜ ਹੈ।

ਸੋ ਸਿੱਖੀ ਦਾ ਮੁਕਤੀ ਦਾ ਸੰਕਲਪ ਵਿਅਕਤਿਤ੍ਵ ਨੂੰ ਖ਼ਤਮ ਕਰਨਾ ਨਹੀਂ, ਇਸ ਨੂੰ ਵਿਕਾਸ ਦੇਣਾ ਹੈ, ਜੀਵਨ ਨੂੰ ਸੰਤੁਲਿਤ ਬਣਾਉਣਾ ਹੈ, ਹਰ ਪੱਖ ਤੋਂ ਵਾਜ਼ਬ ਜ਼ੋਰ ਦੇਣਾ ਹੈ। ਆਤਮਾ ਨੂੰ ਇਸ ਜੀਵਨ ਵਿੱਚ ਪੂਰਨ ਜੀਵਨ ਬਤੀਤ ਕਰਦਿਆਂ ਉਸ ਆਤਮਾ ਨਾਲ ਇਕ-ਸੁਰ ਕਰਨਾ ਹੈ ਅਤੇ ਇਸ ਦੁਨੀਆਂ ਨੂੰ ਛੱਡ ਕੇ ਪਰਮ-ਆਤਮਾ ਵਿੱਚ ਲੀਨ ਹੋਣ ਦਾ ਆਦਰਸ਼ ਰੱਖਣਾ ਹੈ।

—●-●—

– ਪ੍ਰਿੰਸੀਪਲ ਪ੍ਰੀਤਮ ਸਿੰਘ ਜਲੰਧਰ
(ਗੁਰਮਤਿ ਦਰਸ਼ਨ ਤੇ ਸਿੱਖ ਸਭਿਆਚਾਰ ਵਿਚੋਂ)

ਵਿਗੜਦਾ ਕਿਰਦਾਰ ਪੰਜਾਬੀ

ਪੱਗਾਂ ਲਾਹੀਆਂ ਰੱਖ ਲਏ ਬੋਦੇ
ਕੱਟ ਲਏ ਕੇਸ ਸੁਣ ਦਸਮ ਪਿਤਾ
ਜ਼ੈੱਲਾਂ ਲਾਈਆਂ, ਰੂਪ ਵਿਗਾੜਿਆ
ਸਾਂਭਿਆ ਨਾ, ਸਭਾ ਗਵਾ ਦਿੱਤਾ।

ਪਾ ਲਈਆਂ ਕੰਨਾਂ 'ਚ ਮੁੰਦਰਾਂ
ਨੱਕ ਵਿੱਚ ਵਾਲ਼ੀ ਵੀ ਪਾ ਲੈਣਗੇ
ਮੱਥੇ ਇਨ੍ਹਾਂ ਦੇ ਚਮਕੂ ਟਿੱਕਾ
ਬਾਹਾਂ 'ਚ ਵੰਗਾਂ ਛਣਕਾ ਲੈਣਗੇ.....

ਦਿੱਖ ਲੂੰਬੜ ਦੀ, ਚਾਲ ਨਸ਼ੀਲੀ
ਟੀਕਿਆਂ ਦੇ ਸੰਗ ਜਿਊਂਦੇ ਨੇ
ਕਦੇ ਰੂਹਾਨੀ ਚਿਹਰੇ ਸੀ ਜੋ
ਅੱਜ ਵੀ ਚੇਤੇ ਆਉਂਦੇ ਨੇ.....

ਗੀਤਾਂ ਦੀਆਂ ਗਾਲ਼ਾ ਤੇ ਨੱਚਦਾ
ਬੇਸਮਝ ਨਹੀਂ, ਮੂਰਖ ਹੁੰਦਾ ਏ
ਮਾਂ ਬੋਲੀ ਵਿੱਚ ਸਮਝੇ ਬੇਇਜ਼ਤੀ
ਬੇਚਾਰਾ ਨਹੀਂ, ਬਦਸੂਰਤ ਹੁੰਦਾ ਏ।

ਕਪੜਿਆਂ-ਕਾਰਾਂ ਦੀ ਭੁੱਖ ਹੈ
ਹਵਸ ਵੀ ਮਨ ਤੋਂ ਬਾਹਰ ਨਹੀਂ
ਨਾ ਸਮਝੇ ਕਿਰਦਾਰ ਪੰਜਾਬੀ
ਦਿਲ ਦਾ ਕੋਈ ਸਰਦਾਰ ਨਹੀਂ।

– ਡਾ. ਅਮਨਪ੍ਰੀਤ ਸਿੰਘ ਲੁਧਿਆਣਾ

ਸ਼ਹੀਦ ਭਾਈ ਬਚਿੱਤਰ ਸਿੰਘ ਜੀ

ਭਾਈ ਮਨੀ ਸਿੰਘ ਜੀ ਦਾ ਨਾਮ ਆਪਣੇ ਸਮੇਂ ਤੇ ਆਉਣ ਵਾਲੇ ਵਕਤਾਂ ਵਿਚ ਵਿਚਰੇ ਅਨੇਕਾਂ ਯੋਧਿਆਂ ਦੇ ਇਤਿਹਾਸ ਵਿਚ ਮਹਾਨਤਮ ਮੰਨਿਆ ਜਾਂਦਾ ਹੈ। ਭਾਈ ਮਨੀ ਸਿੰਘ ਜੀ ਇੱਕੋ ਸਮੇਂ ਇਕ ਮਹਾਨ ਯੋਧਾ, ਰਾਜਨੀਤਕ, ਫ਼ਿਲਾਸਫ਼ਰ ਅਤੇ ਸਾਹਿਤ ਦਾ ਗਿਆਤਾ ਹੋ ਕੇ ਵਿਚਰਦੇ ਹਨ। ਸਿੱਖ ਇਤਿਹਾਸ ਨੂੰ ਭਾਈ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਵਰਗੀ ਅਨੂਠੀ ਦੇਣ ਦੀ ਮਿਸਾਲ, ਹੋਰ ਕਿਸੇ ਕੌਮ ਅਤੇ ਦੇਸ਼ ਦੇ ਇਤਿਹਾਸ ਵਿਚ ਸ਼ਾਇਦ ਹੀ ਕਿਤੇ ਅਗੋਚਰ ਹੋਏ।

ਭਾਈ ਮਨੀ ਸਿੰਘ ਜੀ ਦੇ ਪਿਛੋਕੜ ਬਾਰੇ ਅਨੇਕ ਇਤਿਹਾਸਕਾਰਾਂ ਨੇ ਜੁਦਾ ਜੁਦਾ ਅਟਕਲ-ਪੱਚੂਆਂ (Wild Guess) ਦੁਆਰਾ, ਮੁਲਤਾਨ ਦੀ ਅਲੀਪੁਰ ਰਿਆਸਤ ਦੇ ਰਾਜਪੂਤ ਪਰਿਵਾਰ ਨਾਲ ਮੰਨਿਆ ਜਾਂਦਾ ਹੈ, ਜਿਵੇਂ ਕਿ ਭੱਟ ਵਹੀਆਂ ਤੋਂ ਪਤਾ ਚਲਦਾ ਹੈ "ਬਧਾਈ ਲੀ ਬਚਿੱਤਰ ਰਾਇ ਕੀ, ਬੇਟਾ ਮਨੀ ਰਾਮ ਕਾ, ਪੋਤਾ ਮਾਈ ਦਾਸ ਕਾ, ਪੜਪੋਤਾ ਬੱਲੂ ਰਾਉ ਕਾ ਬੰਸ ਮੂਲ ਚੰਦ ਕੀ ਚੰਦਰ ਬੰਸੀ ਭਾਰਦੁਆਜੀ ਗੋਤ੍ਰਾ ਬੰਸ ਬੀਝੇ ਕਾ ਬੰਝਰਾਵਤ ਜਲਹਾਨਾ।"

ਭਾਈ ਮਨੀ ਸਿੰਘ ਜੀ ਦੇ ਘਰ ਦਸ ਸਪੁੱਤਰਾਂ ਨੇ ਜਨਮ ਲਿਆ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਭਾਈ ਬਚਿੱਤਰ ਸਿੰਘ ਜੀ ਦਾ ਜਨਮ 6 ਮਈ ਸੰਨ 1664 ਨੂੰ ਮਾਤਾ ਸੀਤੋ ਜੀ, (ਜੋ ਅਮ੍ਰਿੰਤ ਛੱਕਣ ਮਗਰੋਂ ਮਾਤਾ ਬਸੰਤ ਕੌਰ ਜੀ ਅਖਵਾਏ) ਦੀ ਕੋੱਖ ਤੋਂ ਹੋਇਆ। ਭਾਈ ਬਚਿੱਤਰ ਸਿੰਘ ਜੀ ਨੂੰ ਭਾਈ ਮਨੀ ਸਿੰਘ ਜੀ ਦੇ, ਦੂਜੇ ਸਪੁੱਤਰ ਹੋਣ ਦਾ ਮਾਣ ਪ੍ਰਾਪਤ ਹੈ। 'ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਬੰਝਾਵਤ ਜਲਹਾਨੇ ਪੁਆਰੋਂ ਕਾ' ਅਨੁਸਾਰ ਭਾਈ ਬੱਚਿਤਰ ਸਿੰਘ ਜੀ ਦਾ ਜਨਮ ਸੰਬਤ ਸਤ੍ਰਾਂ ਸੈ (ਸੰਨ 1643 ਈਸਵੀ ਬਣਦਾ ਹੈ) ਮਾਘ ਸੁਦੀ ਪੰਚਮੀ ਕੇ ਦਿਹੁ ਮਾਤਾ ਸੀਤਾ ਬਾਈ ਕੇ ਉਦਰ ਥੀਂ ਗਾਮ ਅਲੀਪੁਰ ਪ੍ਰਗਨਾ ਮੁਲਤਾਨ ਮੇਂ ਦੋ ਘੜੀਆਂ ਰੈਨ ਰਹੀ ਸ਼ੁਭ ਘਰੀ ਸ਼ੁਭ ਪਲ ਜਨਮ ਹੂਆ। ਕੁਲ ਪ੍ਰੋਹਤ ਬੋਹਥ ਭੱਟ ਕੋ ਮਾਨਾਂ, ਗੁਰੂ ਕੀ ਕੜ੍ਹਾਈ ਕੀ।" ਜਨਮ ਦੇ ਸਮੇਂ ਇਨ੍ਹਾਂ ਦਾ ਨਾਮ ਬਚਿੱਤਰ ਰਾਇ ਰੱਖਿਆ ਗਿਆ ਸੀ। ਸੰਨ 1699 ਈਸਵੀ ਦੀ ਵਿਸਾਖੀ ਵਾਲੇ

ਦਿਨ, ਭਾਈ ਬਚਿੱਤਰ ਰਾਇ ਨੇ ਵੀ ਆਪਣੇ ਪਰਿਵਾਰ ਦੇ ਹੋਰ ਜੀਆਂ ਦੇ ਨਾਲ ਹੀ, ਅੰਮ੍ਰਿਤ ਦੀ ਦਾਤ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਕਰ ਕੇ ਸਿੰਘ ਸਜੇ ਅਤੇ ਨਵਾਂ ਨਾਮ ਭਾਈ ਬਚਿੱਤਰ ਸਿੰਘ ਪਾਇਆ। ਪਿਤਾ ਦੀ ਮਨਸ਼ਾਂ ਅਨੁਸਾਰ, ਭਾਈ ਬਚਿੱਤਰ ਸਿੰਘ ਜੀ ਨੇ ਖ਼ਾਲਸਾ ਸਜਣ ਦੇ ਨਾਲ ਹੀ,ਖੁੱਦ ਨੂੰ ਗੁਰੂ ਦੀ ਸੇਵਾ ਵਿਚ ਅਰਪਿਤ ਕਰ ਦਿੱਤਾ।

ਇਤਿਹਾਸ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਦੇ ਇਲਾਕੇ ਤੇ ਕਦੇ ਵੀ ਨਜ਼ਰ ਨਹੀਂ ਰੱਖੀ ਸੀ। ਫਿਰ ਵੀ, ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਮਕਬੂਲੀਅਤ ਅਤੇ ਤਾਕਤ ਕਾਰਨ ਪਹਾੜੀ ਰਾਜੇ ਗੁਰੂ ਸਾਹਿਬ ਤੋਂ ਈਰਖਾ ਕਰਨ ਤੇ ਉਤਾਰੂ ਹੋ ਗਏ ਸਨ। ਇਸ ਗੱਲ ਦੇ ਅਨੇਕਾਂ ਕਾਰਣਾ ਚੋਂ ਅਹਿਮ ਕਿ 'ਜੁਝਾਰੂ ਖਾਲਸੇ ਦੇ ਉਭਰਨ ਨਾਲ ਪੰਜਾਬ ਦੇ ਪ੍ਰਚੱਲਤ ਧਰਮਾਂ ਵਿਚ ਇੱਕ ਨਵਾਂ ਧਰਮ ਆ ਜੁੜਿਆ ਸੀ।' ਸਿੱਖ ਇਤਿਹਾਸਕਾਰ ਡਾਕਟਰ ਸੰਗਤ ਸਿੰਘ ਅਨੁਸਾਰ, 'ਸਮਾਜਿਕ ਬਰਾਬਰੀ, ਜਿਸ ਦੀ ਪ੍ਰਤੀਨਿਧਤਾ ਜੁਝਾਰੂ ਖਾਲਸਾ ਸੀ, ਨੇ ਗਰੀਬ ਜਨਤਾ ਅਤੇ ਕਿਸਾਨਾਂ ਨੂੰ, ਜੋ ਜਾਬਰ ਰਾਜ-ਪ੍ਰਬੰਧ ਦੇ ਦਬਾਏ ਅਤੇ ਅਧਿਕਾਰਹੀਣ ਕੀਤੇ ਹੋਏ ਸਨ, ਖਾਲਸੇ ਦੇ ਲੜ ਲਾ ਦਿੱਤਾ।'(ਲੇਖ-ਸਿੱਖ ਸ਼ਕਤੀ ਦੇ ਉਭਾਰ ਅਤੇ ਪਤਨ ਦੇ ਕਾਰਨ- ਲੇਖਕ ਡਾਕਟਰ ਸੰਗਤ ਸਿੰਘ, ਮਾਸਿਕ 'ਸੀਸਗੰਜ-ਅਪ੍ਰੈਲ 2012) । ਖਾਲਸੇ ਦਾ ਜਨਮ ਵਰਣ-ਆਸ਼ਰਮ ਦੀ ਬ੍ਰਾਹਮਣੀ ਸੋਚ ਤੇ ਸਿੱਧੀ ਸੱਟ ਸੀ। ਇਸ ਲਈ, ਪੰਜਾਬ ਜਾਂ ਉਤਰੀ ਭਾਰਤ ਦਾ ਇਕ ਭਾਗ ਤਾਂ ਖਾਲਸੇ ਦੇ ਵਿਕਾਸ ਤੋਂ ਬਿਲਕੁਲ ਖ਼ੁਸ਼ ਨਹੀਂ ਸੀ।

ਪਹਾੜੀ ਰਾਜਿਆਂ ਦੀ ਲਗਾਤਾਰ ਵਿਰੋਧਤਾ ਦੇ ਸ਼ੰਕੇ ਕਾਰਨ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲੋਹਗੜ੍ਹ ਦਾ ਕਿਲ੍ਹਾ ਲੜਾਈ ਦੀ ਵਿਉਂਤ ਨਾਲ ਉਸਰਵਾਇਆ ਸੀ। ਪਹਾੜੀ ਰਾਜਿਆਂ ਨੂੰ ਇਹ ਗੱਲ ਵੀ ਖਟਕਣ ਲਗ ਪਈ ਸੀ। ਪਹਾੜੀ ਰਾਜੇ ਸਦਾ ਇਸ ਤਾਕ ਵਿਚ ਰਹਿੰਦੇ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਵੇਂ ਨੁਕਸਾਨ ਪਹੁੰਚਾਇਆ ਜਾਏ। ਉਨ੍ਹਾਂ ਨੇ, ਗੁਰੂ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੀਆਂ ਅਨੇਕਾਂ ਵਾਰ ਕੋਸ਼ਿਸ਼ਾਂ ਕੀਤੀਆਂ। ਆਪਣੀ ਹਰ ਕੋਸ਼ਿਸ਼ ਵਿਚ ਉਹ ਅਸਫਲ ਹੀ ਰਹੇ। ਬਦੇਸ਼ੀ ਇਤਿਹਾਸਕਾਰ ਕਨਿੰਗਹੈਮ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੀ ਪਹਿਲੀ ਝੜਪ ਨਾਹਨ ਦੇ ਰਾਜੇ ਨਾਲ ਹੋਈ ਸੀ। ਲੇਖਕ ਜਿਸ ਦਾ ਸਮਾਂ ਨਹੀਂ ਲਿਖਦਾ। ਗੁਰੂ ਗੋਬਿੰਦ ਸਿੰਘ ਜੀ ਇਸ ਲੜਾਈ ਵਿਚ ਸਫਲ ਰਹੇ।

ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਿਕਾਰ ਦਾ ਸ਼ੋਕ ਸੀ, ਗੁਰੂ ਜੀ ਅਕਸਰ ਸ਼ਿਕਾਰ ਕਰਨ ਜਾਇਆ ਕਰਦੇ ਸਨ। ਪਹਾੜੀ ਰਾਜੇ ਵੀ ਹਮੇਸ਼ਾਂ ਇਸ ਤਾਕ ਵਿਚ ਰਹਿੰਦੇ ਕਿ ਕਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਇਕੱਲੇ ਹੋਣ ਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸੰਮਤ 1757 ਬਿ: ਸੰਨ 1700, ਜਦੋਂ ਗੁਰੂ ਗੋਬਿੰਦ ਸਿੰਘ ਜੀ ਕਟੋਚਾਂ ਦੀ ਹੱਦ ਉੱਤੇ ਸ਼ਿਕਾਰ ਕਰ ਰਹੇ ਸਨ, ਤਾਂ ਪਹਾੜੀ ਰਾਜੇ ਆਲਮ ਚੰਦ ਤੇ ਬਲੀਆ ਚੰਦ ਨੇ ਮਿਲ ਕੇ ਗੁਰੂ ਜ਼ੀ ਤੇ ਹਮਲਾ ਕਰ ਦਿੱਤਾ। ਝੜਪ ਵਿਚ ਇਕ ਪਹਾੜੀ ਰਾਜਾ ਮਾਰਿਆ ਗਿਆ ਤੇ ਦੂਜਾ ਆਪਣੀ ਇਕ ਬਾਂਹ ਹੀ ਵੱਢਵਾ ਬੈਠਾ। ਪਹਾੜੀ ਰਾਜੇ ਗੁਰੂ ਜੀ ਨੂੰ ਨੁਕਸਾਨ ਪਹੁੰਚਾਉਣ ਦੀ ਆਪਣੀ ਹਰ ਕੋਸ਼ਿਸ਼ ਵਿਚ ਅਸਫਲ ਹੋ ਕੇ ਅੰਦਰੋਂ ਅੰਦਰ ਸ਼ਰਮਸਾਰੀ ਮਹਿਸੂਸ ਕਰਨ ਲੱਗੇ ਸਨ। ਇਸ ਕਾਰਨ ਪਹਾੜੀ ਰਾਜਿਆਂ ਦੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਈਰਖਾ ਵਿਚ ਹੋਰ ਵਾਧਾ ਹੁੰਦਾ ਹੀ ਗਿਆ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ, ਸ਼ਾਂਤੀ ਅਤੇ ਮੇਲ-ਜੋਲ ਬਣਾਏ ਰੱਖਣ ਦੀ ਹਰ ਕੋਸ਼ਿਸ਼ ਦੇ ਬਾਵਜੂਦ, ਪਹਾੜੀ ਰਾਜਿਆਂ ਨੇ ਕਿਸੇ ਨਾ ਕਿਸੇ ਬਹਾਨੇ ਗੁਰੂ ਸਾਹਿਬ ਨਾਲ ਝਗੜਾ ਵਧਾਉਣਾ ਹੀ ਮੰਤਵ ਬਣਾ ਲਿਆ ਸੀ। ਸਿੱਖ ਇਤਿਹਾਸਕਾਰ ਭਾਈ ਬੱਚਿਤਰ ਰਾਇ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਆਣਾ, ਭੰਗਾਣੀ ਦੀ ਜੰਗ ਦਾ ਸਮਾਂ ਮੰਨਦੇ ਹਨ, ਜਦੋਂ ਭਾਈ ਸਾਹਿਬ ਆਪਣੇ ਪਿਤਾ ਭਾਈ ਮਨੀ ਰਾਮ(ਸਿੰਘ) ਜੀ ਨਾਲ ਜੰਗ ਵਿਚ ਹਿੱਸਾ ਲੈਣ ਆਏ ਸਨ। ਪਹਾੜੀ ਰਾਜਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਚਕਾਰ, ਅਨੰਦਪੁਰ ਸਾਹਿਬ ਦੀ ਪਹਿਲੀ, ਦੂਜੀ, ਨਿਰਮੋਹੀ, ਬਸੌਲੀ ਅਤੇ ਅਨੰਦਪੁਰ ਦੀ ਤੀਜੀ ਜੰਗ ਵੀ ਇਸੇ ਈਰਖਾ ਕਾਰਨ ਹੀ ਹੋਈਆਂ। ਇਨ੍ਹਾਂ ਲੜਾਈਆਂ ਵਿਚ ਭਾਈ ਬਚਿੱਤਰ ਸਿੰਘ ਜੀ ਨੇ ਵੀ ਹਿੱਸਾ ਲਿਆ ਤੇ ਬਹਾਦਰੀ ਦੇ ਜੌਹਰ ਦਿਖਾਏ।

ਭਾਈ ਬਚਿੱਤਰ ਸਿੰਘ ਭਾਵੇਂ ਵੇਖਣ ਵਿਚ ਪਤਲੇ-ਦੁਬਲੇ ਲਗਦੇ ਸਨ ਪਰ ਆਪਣੀ ਸਹਿਜ-ਬੁੱਧੀ ਅਤੇ ਬੇਗਰਜ਼ ਫ਼ਿਤਰਤ ਕਾਰਨ ਆਤਮ-ਵਿਸ਼ਵਾਸ ਨਾਲ ਭਰਪੂਰ, ਚੜ੍ਹਦੀ ਕਲਾ ਦੇ ਸਵਾਮੀ ਸਨ। ਆਪਣੀ ਲਿਆਕਤ ਨਾਲ ਭਾਈ ਸਾਹਿਬ ਨੇ ਗੁਰੂ ਸਾਹਿਬ ਦੇ ਯੋਧਿਆਂ ਵਿਚ, ਇਕ ਵਿਸ਼ੇਸ ਸਥਾਨ ਬਣਾ ਲਿਆ ਸੀ।

ਪਹਾੜੀ ਰਾਜੇ ਜਦੋਂ ਆਪਣੇ ਬਲ-ਬੂਤੇ ਤੇ ਗੁਰੂ ਗੋਬਿੰਦ

ਸਿੰਘ ਜੀ ਨੂੰ ਹਰਾਉਣ ਵਿਚ ਅਸੱਫਲ ਰਹੇ ਤਾਂ ਹਾਰ ਕੇ ਮੁਗਲਾਂ ਦੀ ਸ਼ਰਣ ਵਿਚ ਜਾ ਪੁੱਜੇ। ਗੁਰੂ ਗੋਬਿੰਦ ਸਿੰਘ ਜੀ ਦੇ ਖਿਲਾਫ ਮਦੱਦ ਕਰਨ ਲਈ ਬੇਨਤੀ ਕੀਤੀ। ਆਪਣੀ ਆਨ, ਮਾਨ ਤੇ ਸ਼ਾਨ ਭੁਲਾ ਕੇ, ਉਨ੍ਹਾਂ ਨੇ ਗੁਜਰਾਂ ਤੇ ਰੰਘੜਾਂ ਨਾਲ ਵੀ ਇਸ ਆਸ਼ੇ ਲਈ ਮਦੱਦ ਮੰਗਣ ਤੋਂ ਸੰਕੋਚ ਨਾ ਕੀਤਾ। ਪਹਾੜੀ ਰਾਜਿਆਂ ਤੇ ਸਰਹੰਦ ਦੇ ਨਵਾਬ ਦੀ ਸਾਂਝੀ ਫ਼ੌਜ ਨੇ, ਤੀਜੀ ਵਾਰ ਅਨੰਦਪੁਰ ਸਾਹਿਬ ਤੇ ਹਮਲਾ ਕੀਤਾ। ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਸਾਂਝੀ ਫ਼ੌਜ ਭਾਵੇਂ ਅਨੰਦਪੁਰ ਨਗਰ ਤੇ ਕਬਜ਼ਾ ਕਰਨ ਵਿਚ ਸਫਲ ਹੋ ਗਈ, ਪਰ ਕਿਲ੍ਹੇ ਨੂੰ ਚਾਰੋਂ ਪਾਸਿਉਂ ਘੇਰਨ ਦੇ ਦੋ ਮਹੀਨੇ ਬਾਅਦ ਵੀ ਉਹ ਕਿਲ੍ਹੇ ਤੇ ਕਬਜ਼ਾ ਕਰਨ ਵਿਚ ਅਸਫਲ ਰਹੇ।

ਅੰਤ ਨੂੰ, 01 ਸਤੰਬਰ ਸੰਨ 1700 ਈਸਵੀ ਨੂੰ, ਪਹਾੜੀ ਰਾਜਿਆਂ ਨੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਦਾ ਫ਼ੈਸਲਾ ਲਿਆ। ਆਪਣੇ ਮਕਸਦ ਵਿਚ ਸਫਲ ਹੋਣ ਲਈ, ਪਹਾੜੀ ਰਾਜਿਆਂ ਨੇ ਇਕ ਹਾਥੀ ਤਿਆਰ ਕੀਤਾ। ਆਪਣੇ ਮਨੋਰਥ ਲਈ ਤਿਆਰ ਕੀਤੇ ਹਾਥੀ ਦੇ ਸਰੀਰ ਅਤੇ ਸਿਰ ਨੂੰ ਕਿਸੇ ਵਾਰ ਜਾਂ ਜ਼ਖ਼ਮ ਤੋਂ ਬਚਾਉਣ ਲਈ, ਹਾਥੀ ਦੇ ਸਰੀਰ ਨੂੰ ਮਜ਼ਬੂਤ ਫੌਲਾਦੀ ਝਾਲਰਾਂ ਨਾਲ ਢੱਕਣ ਮਗਰੋਂ, ਹਾਥੀ ਨੂੰ ਸ਼ਰਾਬ ਪਿਲਾ ਕੇ ਦਰਵਾਜ਼ੇ ਨਾਲ ਟੱਕਰਾਂ ਮਾਰ ਕੇ ਦਰਵਾਜ਼ਾ ਭੰਨਣ ਲਈ ਧੱਕ ਦਿੱਤਾ।

ਗੁਰੂ ਸਾਹਿਬ ਨੂੰ ਇਸ ਵਿਉਂਤ ਬਾਰੇ ਖ਼ਬਰ ਮਿਲਦਿਆਂ ਹੀ, ਮਸਤ ਹਾਥੀ ਦਾ ਮੁਕਾਬਲਾ ਕਰਨ ਲਈ, ਗੁਰੂ ਗੋਬਿੰਦ ਸਿੰਘ ਜੀ ਨੇ ਵਕਤ ਦੇ ਯੋਧੇ ਭਾਈ ਦੁਨੀ ਚੰਦ ਨੂੰ ਚੁਣਿਆ। ਦੁਨੀ ਚੰਦ ਭਾਈ ਸਾਲ੍ਹੋ ਦਾ ਪੋਤਾ ਸੀ। ਗੁਰੂ ਸਾਹਿਬ ਨੇ ਦੁਨੀ ਚੰਦ ਨੂੰ 500 ਸਵਾਰਾਂ ਦਾ ਸਰਦਾਰ ਥਾਪ ਕੇ ਮਾਣ ਬਖ਼ਸ਼ਿਆ ਸੀ। ਦੁਨੀ ਚੰਦ ਪੱਠੇਦਾਰ ਗਠੀਲੇ ਸਰੀਰ ਦਾ ਸਵਾਮੀ ਹੋਣ ਦੇ ਬਾਵਜੂਦ, ਡਰਪੋਕ ਨਿਕਲਿਆ। ਮਸਤ ਹਾਥੀ ਦਾ ਮੁਕਾਬਲਾ ਕਰਨ ਵਿਚ ਦੁਨੀ ਚੰਦ ਨੂੰ ਆਪਣੀ ਮੌਤ ਨਜ਼ਰ ਆਈ। ਮੌਤ ਦੇ ਡਰ ਤੋਂ ਉਹ, ਅਨੰਦਪੁਰ ਤੋਂ ਕੁਝ ਸਿੱਖਾਂ ਨੂੰ ਨਾਲ ਕੇ ਭੱਜ ਖਲ੍ਹੋਤਾ। (ਨਸਦਿਆਂ ਕੰਧ ਤੋਂ ਡਿੱਗ ਕੇ ਉਸ ਨੇ ਆਪਣੀ ਟੰਗ ਤੁੜਵਾ ਲਈ। ਅੰਮ੍ਰਿਤਸਰ ਵਿਖੇ ਬਿਮਾਰੀ ਦੀ ਹਾਲਤ ਵਿਚ ਮੰਜੇ ਤੇ ਲੇਟੇ ਨੂੰ ਸੱਪ ਲੜ ਗਿਆ, ਜਿਸ ਮੌਤ ਦੇ ਡਰ ਤੋਂ ਉਹ ਆਪਣੇ ਗੁਰੂ ਤੋਂ ਬੇਮੁੱਖ ਹੋਇਆ, ਉਸ ਮੌਤ ਨੇ ਦੁਨੀ ਚੰਦ ਨੂੰ ਉਸ ਦੇ ਆਪਣੇ ਘਰ ਵਿਚ ਹੀ ਆ ਘੇਰਿਆ। ਦੁਨੀ ਚੰਦ ਸ਼ਹੀਦ ਦੀ ਮੌਤ ਮਰਨ ਤੋਂ ਵੰਚਿਤ ਰਹਿ ਗਿਆ।) ਦੁਨੀ ਚੰਦ ਦੇ ਮੈਦਾਨ ਵਿਚ ਪਿੱਠ ਦਿਖਾਉਣ ਮਗਰੋਂ, ਉਸ ਦੇ ਸਥਾਨ ਤੇ ਭਾਈ ਬਚਿੱਤਰ ਸਿੰਘ ਜੀ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਭਾਈ ਮਨੀ ਸਿੰਘ ਜੀ ਦੇ ਸਪੁੱਤਰ, ਭਾਈ ਬਚਿੱਤਰ ਸਿੰਘ ਜੀ ਦੁਬਲੇ ਪਤਲੇ ਸਰੀਰ ਦੇ ਬਾਵਜੂਦ, ਆਪਣੀ ਬਹਾਦਰੀ ਅਤੇ ਆਤਮ-ਵਿਸ਼ਵਾਸ ਲਈ ਜਾਣੇ ਜਾਂਦੇ ਸਨ। ਭਾਈ ਬਚਿੱਤਰ ਸਿੰਘ ਜੀ ਪਹਿਲਾਂ ਵੀ ਨਿਰਮੋਹੀ ਅਤੇ ਬਸੌਲੀ ਦੀਆਂ ਲੜਾਈਆਂ ਵਿੱਚ ਬਹਾਦੁਰੀ ਦੇ ਜੌਹਰ ਦਿਖਾ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਭਰੋਸਾ ਜਿੱਤ ਚੁੱਕੇ ਸਨ।

ਜਿਵੇਂ ਹੀ ਪਹਾੜੀ ਰਾਜਿਆਂ ਦਾ ਮਸਤ ਹਾਥੀ ਕਿਲ੍ਹੇ ਦੇ ਦਰਵਾਜ਼ੇ ਦੇ ਸਾਹਮਣੇ ਆਇਆ। ਭਾਈ ਬਚਿੱਤਰ ਸਿੰਘ, ਆਪਣੇ ਘੋੜੇ ਦੀ ਪਿੱਠ ਤੇ ਬੈਠਿਆਂ, ਫੁਰਤੀ ਨਾਲ ਅਗਾਂਹ ਵੱਧੇ। ਆਪਣੇ ਸੱਜੇ ਹੱਥ ਵਿਚ ਮਜ਼ਬੂਤੀ ਨਾਲ ਪਕੜੇ 'ਨਾਗਨੀ' ਬਰਛੇ ਨਾਲ, ਹਾਥੀ ਦੀ ਸੁੰਢ ਤੇ ਜ਼ਬਰਦਸਤ ਵਾਰ ਕਰ ਦਿੱਤਾ। ਨਾਗਨੀ ਬਰਛੇ ਦੇ ਤੇਜ਼ੀ ਨਾਲ ਹੋਏ ਵਾਰ ਨੇ ਮਸਤ ਹਾਥੀ ਨੂੰ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਹਾਥੀ ਪੀੜ ਨਾਲ ਚੰਘਿਆੜਦਾ ਹੋਇਆ, ਅਗਾਂਹ ਵੱਧਣ ਦੀ ਥਾਂ, ਆਪਣੀਆਂ ਫੌਜਾਂ ਨੂੰ ਹੀ ਲਤਾੜਦਾ ਪਿਛਾਂਹ ਨੂੰ ਨਸ ਖਲ੍ਹੋਤਾ। ਦੁਸ਼ਮਣ ਦੀਆਂ ਫ਼ੋਜਾਂ ਵਿਚ ਹੜਬੜੀ ਜਹੀ ਮੱਚ ਗਈ। ਪਹਾੜੀ ਰਾਜਿਆਂ ਅਤੇ ਮੁਗਲਾਂ ਦੀਆਂ ਸਾਂਝੀਆਂ ਫ਼ੋਜਾਂ ਪਿਛਾਂਹ ਹੱਟਣ ਨੂੰ ਮਜਬੂਰ ਹੋ ਗਈਆਂ। ਭਾਈ ਬਚਿੱਤਰ ਸਿੰਘ ਦੀ ਬਹਾਦੁਰੀ ਕਾਰਨ ਸਿੱਖ ਫ਼ੋਜਾਂ ਦੀ ਜਿਤ ਦਾ ਸਿਹਰਾ ਭਾਈ ਬਚਿੱਤਰ ਸਿੰਘ ਜੀ ਦੇ ਸਿਰ ਤੇ ਸਜਿਆ। (ਭਾਈ ਬਚਿੱਤਰ ਸਿੰਘ ਜੀ ਦਾ ਇਹ ਇਤਿਹਾਸਕ ਨਾਗਨੀ ਬਰਛਾ, ਜਿਸ ਨਾਲ 1 ਅੱਸੂ ਸੰਮਤ 1757 ਬਿ: (1700 ਈਸਵੀ ਨੂੰ ਮਦਮਸਤ ਹਾਥੀ ਦਾ ਮੱਥਾ ਵਿਨ੍ਹਿਆ ਸੀ) ਦੀ ਲੰਬਾਈ 8 ਫੁੱਟ, 9 ਇੰਚ ਹੈ, ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਵਿਖੇ ਸੋਭਦਾ ਹੈ)

ਸੰਨ 1705 ਈਸਵੀ ਵਿਚ, ਪਹਾੜੀ ਰਾਜਿਆਂ ਨੇ ਮੁਗਲਾਂ ਨੂੰ ਇਕ ਵਾਰ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਖਿਲਾਫ ਭੜਕਾਇਆ। ਗੁਰੂ ਗੋਬਿੰਦ ਸਿੰਘ ਜੀ ਤੋਂ ਮੁਗਲ ਵੀ ਡਰ ਖਾਣ ਲਗ ਪਏ ਸੀ। ਉਹ ਵੀ ਪਹਾੜੀ ਰਾਜਿਆਂ ਦਾ ਸਾਥ ਦੇਣ ਨੂੰ ਰਜ਼ਾਮੰਦ ਹੋ ਗਏ। ਪਹਾੜੀ ਰਾਜਿਆਂ, ਰੰਘੜਾਂ, ਗੁਜਰਾਂ ਅਤੇ ਮੁਗਲਾਂ ਦੀਆਂ ਲਹੌਰ, ਦਿੱਲੀ ਅਤੇ ਸਰਹਿੰਦ ਦੀਆਂ ਸਾਂਝੀਆਂ ਫ਼ੋਜਾਂ ਨੇ, ਇਕ ਵਾਰ ਫਿਰ ਅਨੰਦਪੁਰ ਸਾਹਿਬ ਦੇ ਕ਼ਿਲ੍ਹੇ ਨੂੰ ਆ ਘੇਰਿਆ। ਲੰਬੇ ਸਮੇਂ ਦੇ ਘੇਰੇ (3 ਮਈ ਸੰਨ 1705 ਈਸਵੀ ਤੋਂ 5-6 ਦਸੰਬਰ ਦੀ ਰਾਤ, ਸੰਨ 1705 ਈਸਵੀ ਵਿਚਕਾਰ) ਦੇ ਬਾਵਜੂਦ, ਸਾਂਝੀ ਫੋਜਾਂ ਦੇ ਜਰਨੈਲ ਕਿਲ੍ਹੇ ਵਿੱਚ ਪਹੁੰਚਨ

ਤੋਂ ਅਸਮਰੱਥ ਹੋਣ ਕਾਰਨ ਸ਼ਰਮਸਾਰੀ ਮਹਿਸੂਸ ਕਰਨ ਲੱਗੇ ਸਨ। ਲੰਬੇ ਘੇਰੇ ਦੇ ਦੌਰਾਨ, ਕਿਲ੍ਹੇ ਚੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ, ਦੁਸ਼ਮਨ ਫੋਜਾਂ ਤੇ ਤੀਰਾਂ ਦੀ ਬਾਰਿਸ਼ ਲਗਾਤਾਰ ਹੁੰਦੀ ਰਹੀ। ਜਿਸ ਕਾਰਨ ਸਾਂਝੀ ਫੋਜਾਂ ਦਾ ਕਾਫੀ ਜਾਨੀ ਨੁਕਸਾਨ ਹੁੰਦਾ ਜਾ ਰਿਹਾ ਸੀ।

ਅਨੰਦਪੁਰ ਕਿਲ੍ਹੇ ਦਾ ਦਰਵਾਜ਼ਾ ਤੋੜਨ ਦੇ ਹਰ ਜਤਨ ਤੋਂ ਨਿਸਫਲ, ਸਾਂਝੀ ਫੋਜ ਦਿਆਂ ਜਰਨੈਲਾਂ ਨੇ ਹੋਰ ਸ਼ਰਮਸਾਰੀ ਤੋਂ ਬੱਚਣ ਲਈ, ਛੱਲ ਕਰਨ ਦੀ ਵਿਉਂਤ ਬਣਾਈ। ਪਹਾੜੀ ਰਾਜਿਆਂ ਨੇ ਗਊ ਤੇ ਮੁਗਲ ਜਰਨੈਲਾਂ ਨੇ ਪਵਿੱਤਰ ਕੁਰਾਨ ਦੀ ਸੋਹਾਂ ਖਾ ਕੇ, ਗੁਰੂ ਜੀ ਨੂੰ ਵਿਸ਼ਵਾਸ ਦਿਵਾਣਾ ਚਾਹਿਆ, ਜਿ ਗੁਰੂ ਸਾਹਿਬ ਕਿਲਾ ਖਾਲੀ ਕਰ ਕੇ ਚਲੇ ਜਾਣ ਤਾਂ, ਸਿੱਖ ਫੋਜਾਂ ਨੂੰ ਸਹੀ-ਸਲਾਮਤ ਜਾਣ ਦਿੱਤਾ ਜਾਏਗਾ। ਕਿਲ੍ਹੇ ਦੇ ਲੰਬੇ ਘੇਰੇ ਕਾਰਨ, ਕਿਲ੍ਹੇ ਵਿਚ ਰਸਦ-ਪਾਣੀ ਅਤੇ ਅਸਲਾ ਖਤਮ ਹੋ ਚੁੱਕਿਆ ਸੀ। ਦੁਸ਼ਮਨ ਦੀ ਚਾਲ ਨੂੰ ਸਮਝਣ ਦੇ ਬਾਵਜੂਦ, ਗੁਰੂ ਸਾਹਿਬ, ਸਿੰਘਾਂ ਦੀਆਂ ਮਜਬੂਰੀਆਂ ਨੂੰ ਵੀ ਸਮਝਦੇ ਸਨ। ਬਹੁਤੇ ਸਿੰਘਾਂ ਦੇ ਇਸਰਾਰ ਤੇ, ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਨੂੰ ਤਿਆਰ ਹੋ ਗਏ।

ਗੁਰੂ ਸਾਹਿਬ ਨੇ 5-6 ਦਸੰਬਰ ਸੰਨ 1705 ਦੀ (ਕਈ ਇਤਿਹਾਸਕਾਰ, ਇਸ ਘਟਨਾ ਦਾ ਸਾਲ ਸੰਨ 1704 ਈਸਵੀ ਮੰਨਦੇ ਹਨ। ਸਿੱਖ ਇਤਿਹਾਸਕਾਰ ਡਾਕਟਰ ਸੰਗਤ ਸਿੰਘ ਜੀ, ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ ਪੰਨਾ 45 ਅਤੇ The Shrines of Anandpur Sahib & Kiratpur Sahib issued by Manager, Takhat Sri Kesgarh Sahib, Sri Anandpur Sahib booklet, page 15 - ਅਨੁਸਾਰ, ਇਸ ਘਟਨਾ ਦਾ ਸਾਲ ਸੰਨ 1705 ਈਸਵੀ ਸੀ) ਅੱਧੀ ਰਾਤ ਤੋਂ ਬਾਅਦ, ਕਿਲ੍ਹਾ ਖਾਲੀ ਕਰ ਕੇ ਸਰਸਾ ਪਾਰ ਕਰਨ ਦੀ ਵਿਉਂਤ ਬਣਾਈ। ਜਿਵੇਂ ਹੀ ਸਿੰਘ ਆਪਣੇ ਪਰਿਵਾਰਾਂ ਨਾਲ ਕਿਲ੍ਹੇ ਚੋਂ ਬਾਹਰ ਨਿਕਲੇ, ਦੁਸ਼ਮਣ ਨੇ ਕੁਰਾਨ ਅਤੇ ਗਊ ਦੀਆਂ ਸੋਹਾਂ ਨੂੰ ਭੁਲਾ ਕੇ ਸਿੰਘਾਂ ਅਤੇ ਪਰਿਵਾਰਾਂ ਦਾ ਪਿੱਛਾ ਕਰਨਾ ਆਰੰਭ ਕਰ ਦਿੱਤਾ। ਗੁਰੂ ਜੀ ਦੁਸ਼ਮਨ ਦੀ ਚਾਲ ਤੋਂ ਵਾਕਿਫ ਸਨ। ਇਸ ਲਈ ਗੁਰੂ ਸਾਹਿਬ ਨੇ ਪਹਿਲਾਂ ਤੋਂ ਹੀ ਖ਼ਾਲਸੇ ਦੀ ਹਿਫ਼ਾਜ਼ਤ ਲਈ, ਚਾਰ ਦਸਤੇ ਬਣਾ ਕੇ ਵੱਖ ਵੱਖ ਪਾਸਿਆਂ ਦੀ ਹਿਫਾਜ਼ਤ ਦੀ ਜ਼ੁੰਮੇਵਾਰੀ ਸੌਂਪ ਦਿੱਤੀ ਸੀ।

ਸਿੰਘਾਂ ਦੁਆਰਾ ਸਰਸਾ ਪਾਰ ਕਰਨ ਸਮੇਂ ਪਹਾੜਾਂ ਵਿਚ ਬਾਰਿਸ਼ ਹੋਣ ਕਾਰਨ, ਸਰਸਾ ਵਿਚ ਹੜ੍ਹ ਆਇਆ ਹੋਇਆ ਸੀ। ਸਰਸਾ ਪਾਰ ਕਰਨ ਲਗਿਆਂ, ਦੁਸ਼ਮਨ ਦੇ ਹੱਲੇ ਕਾਰਨ ਵੀ ਸਿੱਖ ਫੋਜਾਂ ਦਾ ਕਾਫੀ ਨੁਕਸਾਨ ਹੋਇਆ। ਗੁਰੂ ਪਰਿਵਾਰ ਵੀ ਇੱਕ ਦੂਜੇ ਤੋਂ ਜੁਦਾ ਹੋ ਗਿਆ। ਰੋਪੜ ਵੱਲੋਂ ਨਾਹਰ ਖਾਨ ਮਲੇਰਕੋਟਲੇ ਦੀਆਂ ਫੋਜਾਂ ਨੂੰ ਮਲਕਪੁਰ ਰੰਘੜਾਂ ਦੀ ਜੂਹ ਤੇ, ਠਲ੍ਹ ਪਾਣ ਲਈ ਫੋਜਾਂ ਨਾਲ ਲੜਦਿਆਂ ਭਾਈ ਬਚਿੱਤਰ ਸਿੰਘ ਜੀ ਸਖਤ ਜ਼ਖ਼ਮੀ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਸਿਰੜੀ ਸਿੰਘਾਂ ਦੇ ਨਾਲ ਸਰਸਾ ਪਾਰ ਕਰ ਕੇ 'ਕੋਟਲਾ ਨਿਹੰਗ ਖਾਨ' ਵਿਖੇ ਨਿਹੰਗ ਖ਼ਾਨ ਦੇ ਘਰ ਪੁਜਣ ਵਿਚ ਸਫਲ ਹੋ ਗਏ ਤੇ ਭਾਈ ਬਚਿੱਤਰ ਸਿੰਘ ਦੀ ਉਡੀਕ ਕਰਨ ਲੱਗੇ। ਗੁਰੂ ਸਾਹਿਬ ਦੁਆਰਾ ਸਿੱਖਾਂ ਦੀ ਹਿਫ਼ਾਜ਼ਤ ਲਈ ਬਣਾਏ ਚਾਰ ਦਸਤਿਆਂ ਚੋਂ, ਭਾਈ ਬਚਿੱਤਰ ਸਿੰਘ ਦੇ ਦਸਤੇ ਨੂੰ ਰੋਪੜ ਵੱਲੋਂ ਆਉਂਦੀਆਂ ਫ਼ੋਜਾਂ ਨੂੰ ਠੱਲ ਪਾਉਣ ਲਈ ਜ਼ੁੰਮੇਵਾਰੀ ਸੌਂਪੀ ਗਈ ਸੀ। ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ ਦਾ ਹਵਾਲਾ ਦਿੰਦਿਆਂ, ਗੁਰਮੁਖ ਸਿੰਘ ਜੀ ਲਿਖਦੇ ਹਨ ਕਿ ਭੱਟ ਵਹੀ ਤਲਉਂਦਾ ਜੀਂਦ ਵਿਚ ਇਸ ਗੱਲ ਦਾ ਹਵਾਲਾ ਇਉਂ ਮਿਲਦਾ ਹੈ, "ਭਾਈ ਬਚਿੱਤਰ ਸਿੰਘ 100 ਸਿੰਘੋਂ ਕੋ ਸੰਗ ਲੈ ਗਰਾਮ ਮਲਕ ਪੁਰ ਰੰਘੜਾਂ ਪ੍ਰਗਨਾ ਰੋਪੜ ਮੇਂ ਲੜ ਕਰ ਜ਼ਖ਼ਮੀ ਹੂਏ"। ਕੁੱਝ ਸਮੇਂ ਬਾਅਦ, ਸਾਹਿਬਜ਼ਾਦਾ ਅਜੀਤ ਸਿੰਘ ਜੀ, ਜ਼ਖ਼ਮੀ ਭਾਈ ਬਚਿੱਤਰ ਸਿੰਘ ਨੂੰ ਨਾਲ ਲੈ ਕੇ ਨਿਹੰਗ ਖਾਨ ਦੇ ਡੇਰੇ ਪੁਜੱਣ ਵਿੱਚ ਸਫਲ ਹੋ ਗਏ। ਮੁਗਲ ਫੌਜਾਂ ਦੇ ਖ਼ਤਰੇ ਨੂੰ ਭਾਂਪਦਿਆਂ, ਨਿਹੰਗ ਖ਼ਾਨ ਨੂੰ ਬਚਿੱਤਰ ਸਿੰਘ ਦੀ ਨਿਗਰਾਨੀ ਅਤੇ ਤਿਮਾਰਦਾਰੀ ਦੀ ਸੌਂਪਣਾ ਕਰਦਿਆਂ, ਗੁਰੂ ਜੀ ਅਤੇ ਕਾਫ਼ਲਾ ਅੱਗੇ ਵੱਧ ਗਿਆ। ਨਿਹੰਗ ਖ਼ਾਨ ਦਾ ਪੁੱਤਰ ਗੁਰੂ ਜੀ ਤੇ ਸਾਥੀਆਂ ਨੂੰ ਚਮਕੋਰ ਦੀ ਗੜ੍ਹੀ ਤਕ ਪਹੁੰਚਾਉਣ ਵਿਚ ਸਫ਼ਲ ਹੋ ਗਿਆ।

ਨਿਹੰਗ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਪ੍ਰਤੀ ਸ਼ਰਧਾ ਕਾਰਨ, ਆਪਣੇ ਭਰੋਸੇ ਦੇ ਜਿਰਾਹ ਨੂੰ ਆਪਣੀ ਹਵੇਲੀ ਸੱਦ ਕੇ ਭਾਈ ਬਚਿੱਤਰ ਸਿੰਘ ਜੀ ਦੇ ਜ਼ਖ਼ਮਾਂ ਦੇ ਟਾਂਕੇ ਲਗਵਾਏ। ਕਿਸੇ ਈਰਖਾਲੂ ਦੀ ਸ਼ਿਕਾਇਤ 'ਤੇ ਇਲਾਕੇ ਦੇ ਥਾਣੇਦਾਰ ਨੇ ਨਿਹੰਗ ਖ਼ਾਨ ਦੇ ਡੇਰੇ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਨਿਹੰਗ ਖ਼ਾਨ ਨੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਆਪਣੀ ਵਫ਼ਾਦਾਰੀ ਦਾ ਸਬੂਤ, ਤਲਾਸ਼ੀ ਲੈਣ ਵਾਲਿਆਂ ਨੂੰ ਇਹ ਕਹਿੰਦਿਆਂ ਦਿੱਤਾ ਕਿ ਇਸ ਕਮਰੇ(ਜਿਸ ਵਿਚ ਭਾਈ ਬਚਿੱਤਰ ਸਿੰਘ ਜ਼ਖ਼ਮੀ ਹਾਲਤ ਵਿਚ ਲੇਟੇ ਹੋਏ ਸੀ) ਵਿਚ ਮੇਰੀ ਧੀ ਆਪਣੇ ਬਿਮਾਰ ਪਤੀ ਦੀ

ਸੇਵਾ ਕਰ ਰਹੀ ਹੈ। ਭਾਈ ਬਚਿੱਤਰ ਸਿੰਘ ਜੀ ਦੇ ਕਮਰੇ ਦੀ ਤਲਾਸ਼ੀ ਹੋਣੋਂ ਅਤੇ ਦੁਸ਼ਮਣਾਂ ਦੇ ਹੱਥ ਲਗ ਕੇ ਤਸੀਹੇ ਸਹਿਣੋਂ ਬਚਾ ਲਿਆ। ਐਪਰ, ਨਿਹੰਗ ਖ਼ਾਨ ਦਾ ਗੁਰੂ ਜੀ ਪ੍ਰਤੀ ਸਿਦਕ, ਅਕਾਲਪੁਰੱਖ ਵੱਲੋਂ ਆਏ ਹੁਕਮ ਨੂੰ ਨਾ ਟਾਲ ਸਕਿਆ। ਸਰਸਾ ਕਿਨਾਰੇ, ਸਿੰਘਾਂ ਤੇ ਪਰਿਵਾਰਾਂ ਨੂੰ ਬਚਾਣ ਦੀ ਕੋਸ਼ਿਸ਼ ਵਿਚ, ਦੁਸ਼ਮਣਾਂ ਨਾਲ ਜੂਝਦਿਆਂ, ਭਾਈ ਬਚਿੱਤਰ ਸਿੰਘ ਜੀ ਦੇ ਸਰੀਰ ਤੇ ਲੱਗੇ ਜ਼ਖ਼ਮਾਂ ਕਾਰਨ, 8 ਦਸੰਬਰ, ਸੰਨ 1705 ਨੂੰ ਭਾਈ ਬਚਿੱਤਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਜਲਹਾਨੋ ਕਾ, ਇਸ ਸੰਬੰਧ ਵਿਚ ਲਿਖਤ ਮਿਲਦੀ ਹੈ ਕਿ "ਬਚਿੱਤਰ ਸਿੰਘ ਬੇਟਾ ਮਨੀ ਸਿੰਘ ਕਾ ਪੋਤਾ ਮਾਈ ਦਾਸ ਕਾ ਪੜਪੋਤਾ ਬੱਲੂ ਕਾ।।।ਗੁਰੂ ਕਾ ਬਚਨ ਪਾਇ ਸਾਲ ਸਤਰਾਂ ਸੈ ਬਾਸਠ (ਜੋ ਸੰਨ 1705 ਬਣਦਾ ਹੈ) ਪੋਖ ਮਾਸੇ ਸੁਦੀ ਦੂਜ ਮਲਕ ਪੁਰ ਕੇ ਮਲਹਾਨ (ਅਸਥਾਨ) ਪ੍ਰਗਨਾ ਰੋਪੜ ਜੁਧ ਮੇਂ ਘਾਇਲ ਹੋ ਕੋਟਲਾ ਨਿਹੰਗ-ਪਠਾਨ ਕੇ ਘਰ ਆ ਠਹਿਰਾ ਪੋਖ ਮਾਸੇ ਸੁਦੀ ਚੌਥ ਏਕ ਘੜੀ ਰਾਤ ਰਹੀ ਸੁਆਸ ਪੂਰੇ ਹੋਏ ਪਠਾਨ ਕੀ ਪੱਤ ਗੁਰੂ ਰੱਖੀ, ਇਸ ਕੀ ਬੇਟੀ ਕਾ ਸਤ ਰਹਾ।"

ਨਿਹੰਗ ਖ਼ਾਨ ਨੇ ਰਾਤ ਦੇ ਹਨੇਰੇ ਵਿਚ ਭਾਈ ਬਚਿੱਤਰ ਸਿੰਘ ਜੀ ਦਾ ਸਸਕਾਰ ਕਰ ਕੇ, ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਵਫ਼ਾਦਾਰੀ ਦਾ ਇੱਕ ਹੋਰ ਸਬੂਤ ਦਿੱਤਾ।

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ "ਜ਼ਿਲਾ ਅੰਬਾਲਾ, ਤਸੀਲ ਥਾਣਾ ਰੋਪੜ ਦੇ ਪਿੰਡ "ਕੋਟਲਾ ਨਿਹੰਗ" ਹੈ। ਉਸ ਦੇ ਉੱਤਰ ਪੂਰਵ ਪਾਸ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ। ਗੁਰੂ ਸਾਹਿਬ ਸਾਹਿਬ ਇੱਥੇ ਇੱਕ ਭੱਠੇ ਪਾਸ ਵਿਰਾਜੇ ਹਨ, ਅਰ ਇੱਕ ਪ੍ਰੇਮੀ ਪਠਾਨ ਨੇ ਸਤਿਗੁਰਾਂ ਦੀ ਸੇਵਾ ਕੀਤੀ। ਹੁਣ, ਇਸ ਥਾਂ ਇਕ ਸੁੰਦਰ ਦਰਬਾਰ ਬਣਾਇਆ ਗਿਆ ਹੈ"-ਮਹਾਨ ਕੋਸ਼ ਪੰਨਾ 677।

ਰੋਪੜ ਨਗਰ ਦੇ ਨਜ਼ਦੀਕ ਆਬਾਦ ਕੋਟਲਾ ਨਿਹੰਗ ਖਾਨ ਪਠਾਣਾਂ ਦਾ ਵਸਾਇਆ ਨਗਰ ਹੈ, ਜੋ ਕਿਸੇ ਸਮੇਂ ਕੋਟ ਪਠਾਣਾਂ ਦੇ ਨਾਮ ਨਾਲ ਜਾਣਿਆ ਜਾਂਦਾ ਰਿਹਾ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਵੀ ਇਸ ਨਗਰ ਵਿਚ ਇਕ ਵੇਰਾਂ ਪਧਾਰੇ ਸਨ ਜਦੋਂ ਇੱਥੇ ਦਾ ਚੌਧਰੀ ਸ਼ਮਸ ਖਾਨ ਗੁਰੂ ਜੀ ਦਾ ਸੇਵਕ ਬਣ ਗਿਆ ਸੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬਾਬਾ ਰਾਮ ਰਾਇ ਜੀ ਦਿੱਲੀ ਤੋਂ ਆਉਂਦੀ ਵੇਰਾਂ ਇਕ ਰਾਤ ਇਸ ਪਿੰਡ ਵਿਚ ਵਕਤ ਦੇ ਚੌਧਰੀ ਨੌਰੰਗ ਖਾਨ ਦੀ ਮਹਿਮਾਨ ਨਿਵਾਜ਼ੀ ਕਬੂਲ ਕੀਤੀ ਸੀ। ਸੰਤ ਬਿਸ਼ਨ ਦਾਸ ਰੋਪੜੀ, ਜੀਵਨ ਚਰਿਤ੍ਰ ਬਾਬਾ ਗੁਰਦਿੱਤਾ ਜੀ ਅਨੁਸਾਰ, ਸੰਮਤ 1745 ਬਿਕਰਮੀ, ਮੱਘਰ ਦੀ ਅਮਾਵਸ (1688 ਈਸਵੀ) ਨੂੰ ਗੁਰੂ ਗੋਬਿੰਦ ਸਿੰਘ ਜੀ ਕੋਟਲਾ ਨਿਹੰਗ ਤੇ ਰੋਪੜ ਭਾਈ ਗੁਰੀਏ 'ਹਜਾਵਤ' ਦੇ ਘਰ ਮਹੱਲਾ ਬੇੜਾ ਵਿਚ ਠਹਿਰੇ ਸਨ।

❋❋❋

- ਰਜਿੰਦਰ ਸਿੰਘ ਜੌਲੀ
theresolutesikh.com
43240 ਲਾਈਟ ਹਾਊਸ ਪਲੇਸ, ਸਾਊਥ ਰਾਇਡਿੰਗ,
ਵਰਜੀਨੀਆ-20152, ਫ਼ੋਨ : 703-327-1528

ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ

ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਦੀਆਂ ਨਿੱਕੀਆਂ ਜਿੰਦਾਂ ਦੀ ਵੱਡੀ ਕੁਰਬਾਨੀ ਦਾ ਸਾਕਾ ਸਰਹਿੰਦ ਜਿਸ ਵਿਚ ਇਨ੍ਹਾਂ ਦੋਹਾਂ ਨੇ ਸੂਰਬੀਰਤਾ ਭਰੀ, ਸਿੱਖੀ ਸਿਦਕ, ਧਰਮ, ਦੇਸ਼, ਇਨਸਾਨੀ ਅਣਖ ਤੇ ਆਜ਼ਾਦੀ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕਰਕੇ ਅਦੁੱਤੀ ਸ਼ਹਾਦਤ ਦਿੱਤੀ, ਉਹ ਸ਼ਹੀਦੀਆਂ ਮਨੁੱਖਤਾ ਦੇ ਇਤਿਹਾਸ ਵਿਚ ਬੇਮਿਸਾਲ ਹੈ।

ਇਹ ਦੋਵੇਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਸਨ। ਇਹ ਦੋਵੇਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇ ਜੀ ਦੇ ਨਕੜਪੋਤਰੇ, ਮੀਰੀ-ਪੀਰ ਦੇ ਮਾਲਕ ਛੇਵੇਂ ਪਾਤਿਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੜਪੋਤਰੇ, ਹਿੰਦ ਦੀ ਚਾਦਰ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੋਤਰੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਫਰਜ਼ੰਦ ਸਨ। ਉਨ੍ਹਾਂ ਸਿਖ ਧਰਮ ਪ੍ਰਤਿ ਦ੍ਰਿੜਤਾ, ਸੂਰਬੀਰਤਾ, ਦਲੇਰੀ ਨਾਲ ਜੋ ਕੁਰਬਾਨੀ ਦਿੱਤੀ, ਉਸਦੇ ਪਿਤਾ ਪੁਰਖੀ ਅੰਸ਼ ਉਨਾਂ ਦੇ ਰਗ-ਰੇਸ਼ੇ ਵਿਚ ਰਚੇ ਹੋਏ ਸਨ।

ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਦਾ ਜਨਮ ਮੱਘਰ ਸੁਦੀ ਤਿੰਨ 1753 ਬਿਕਰਮੀ ਸੰਨ 1697 ਨੂੰ ਮਾਤਾ ਜੀਤੋ ਜੀ ਦੀ ਕੁੱਖੋਂ ਅਨੰਦਪੁਰ ਸਾਹਿਬ ਵਿਖੇ ਹੋਇਆ ਅਤੇ ਬਾਬਾ ਫ਼ਤਿਹ ਸਿੰਘ ਦਾ ਜਨਮ ਵੀ ਫੱਗਣ ਸੁਦੀ ਇਕਦਸੀ 1755 ਬਿਕਰਮੀ ਸੰਨ 1699 ਨੂੰ ਹੋਇਆ ਸੀ। ਸਿੱਖ ਪੰਥ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਅਦਬ ਨਾਲ 'ਸਚਾ ਪਾਤਿਸ਼ਾਹ' ਕਹਿਕੇ ਸਤਿਕਾਰ ਦਿੰਦਾ ਹੈ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਉਨ੍ਹਾਂ ਦੀ ਸੂਰਬੀਰਤਾ ਭਰੀ ਕੁਰਬਾਨੀ ਕਰਕੇ 'ਬਾਬਾ' ਕਹਿ ਕੇ ਸਨਮਾਨਦੀ ਹੈ।

ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਦੇ 'ਸਾਕਾ ਸਰਹਿੰਦ' ਦੀ ਦਾਸਤਾਨ ਬੜੀ ਦਿਲ-ਕੰਬਾਊ ਅਤੇ ਰੌਂਗਟੇ ਖੜੀ ਕਰਨ ਵਾਲੀ ਹੈ। ਦਸੰਬਰ 1704 ਈਸਵੀ ਨੂੰ ਕਿਲ੍ਹਾ ਅਨੰਦਗੜ ਦੀ ਨੌਂ ਮਹੀਨੇ ਤੋਂ ਪਹਾੜੀ ਰਾਜਿਆਂ ਅਤੇ ਮੁਗਲਸ਼ਾਹੀ ਫੌਜ਼ ਨੇ ਸਿੱਖਾਂ ਦਾ ਮਲੀਆ ਮੇਟ

ਕਰਨ ਅਤੇ ਅਨੰਦਪੁਰ ਨੂੰ ਤਬਾਹ ਕਰਨ ਲਈ ਘੇਰਾ ਪਾਇਆ ਹੋਇਆ ਸੀ ਪਰ ਸੂਰਬੀਰ ਸਿੰਘਾਂ ਨੇ ਬਹਾਦਰੀ ਨਾਲ ਟਾਕਰਾ ਕਰਕੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਦੋਹਾਂ ਪਾਸਿਆਂ ਦੀਆਂ ਝੱੜਪਾਂ ਵਿਚ ਹਜ਼ਾਰਾਂ ਸਿਪਾਹੀ ਮਾਰੇ ਗਏ ਅਤੇ ਸਿੰਘਾਂ ਨੇ ਵੀ ਸ਼ਹੀਦੀਆਂ ਪਾਈਆਂ। ਇਸ ਲੰਬੀ ਘੇਰਾਬੰਦੀ ਕਰਕੇ ਪਹਾੜੀ ਰਾਜੇ ਅਤੇ ਮੁਗਲਸ਼ਾਹੀ ਫੌਜ ਇਸ ਜੰਗ ਤੋਂ ਅੱਕ ਗਏ ਸਨ। ਉਧਰ ਕਿਲ੍ਹੇ ਅੰਦਰ ਵੀ ਅੰਨ, ਦਾਣਾ ਖਤਮ ਹੋਣ ਕਰਕੇ ਸਿੰਘਾਂ ਦਾ ਬਹੁਤਾ ਦੇਰ ਹੋਰ ਕਿਲ੍ਹੇ ਵਿਚ ਰਹਿਣਾ ਮੁਸ਼ਕਿਲ ਬਣਿਆ ਹੋਇਆ ਸੀ। ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਪਾਸ ਇਕ ਪੰਡਿਤ ਨੂੰ ਗਊ ਨਾਲ ਅਤੇ ਮੁਗਲ ਸਰਕਾਰ ਨੇ ਇਕ ਮੌਲਵੀ ਨੂੰ ਔਰੰਗਜ਼ੇਬ ਦੀ ਦਸਤਖ਼ਤ-ਸ਼ੁਦਾ ਕੁਰਾਨ ਸ਼ਰੀਫ਼ ਦੀ ਕਾਪੀ ਦੇ ਕੇ ਭੇਜਿਆ, ਜਿਨ੍ਹਾਂ ਨੇ ਗਊ ਦੀ ਸੁਗੰਧ ਅਤੇ ਕੁਰਾਨ ਦੀਆਂ ਕਸਮਾਂ ਖਾਕੇ ਵਾਇਦਾ ਕੀਤਾ ਕਿ ਗੁਰੂ ਸਾਹਿਬ ਸਿੰਘਾਂ ਦੀ ਫ਼ੌਜ਼ ਸਹਿਤ ਕਿਲ੍ਹਾ ਛੱਡ ਦੇਣ ਤਾਂ ਇਸ ਨਾਲ ਦੋਹਾਂ ਧਿਰਾਂ ਦੀ ਰਹਿ ਆ ਜਾਏਗੀ। ਹੋਰ ਇਹ ਵੀ ਭਰੋਸਾ ਦਿੱਤਾ ਕਿ ਉਹ ਪਿੱਛਾ ਨਹੀਂ ਕਰਨਗੇ ਅਤੇ ਅਨੰਦਪੁਰ ਦੇ ਹੋਰ ਵਾਸੀਆਂ ਨੂੰ ਬਾ-ਹਿਫ਼ਾਜ਼ਤ ਜਾਣ ਦੇਣਗੇ।

ਗੁਰੂ ਗੋਬਿੰਦ ਸਿੰਘ ਜੀ ਨੇ 6-7 ਪੋਹ, 1761 ਬਿਕਰਮੀ ਸੰਨ 1704 ਈਸਵੀ ਦੀ 20 ਦਸੰਬਰ ਦੀ ਰਾਤ ਨੂੰ ਕਿਲ੍ਹਾ ਛੱਡਿਆ। ਗੁਰੂ ਜੀ ਦੇ ਨਾਲ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ, ਮਾਤਾ ਗੁਜਰੀ ਜੀ, ਗੁਰੂ ਸੁਪਤਨੀਆਂ ਅਤੇ ਬਹੁਤ ਸਾਰੇ ਸਿੱਖ ਸੂਰਬੀਰ ਸਨ। ਕੀਰਤਪੁਰ ਟੱਪਦਿਆਂ ਹੀ ਮੁਗਲ ਫੌਜ਼ਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਸਭ ਸੁਗੰਧਾਂ ਅਤੇ ਕਸਮਾਂ ਛਿੱਕੇ ਸੁੱਟ ਕੇ ਹੱਲਾ ਬੋਲ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਪਿੱਛਾ ਕਰ ਰਹੀ ਫ਼ੌਜ਼ ਨੂੰ ਸਿੰਘਾਂ ਨੇ ਪਛਾੜੀ ਰੱਖਿਆ। ਸਰਸਾ ਨਦੀ ਦੇ ਕਿਨਾਰੇ ਵਰ੍ਹਦੇ ਮੀਂਹ ਵਿਚ ਭਿਆਨਕ ਜੰਗ ਹੋਈ, ਜਿਸ ਵਿਚ ਭਾਈ ਉਦੈ ਸਿੰਘ ਜੀ ਵਰਗੇ ਕਈ ਹੋਰ ਸੂਰਮੇ ਮੁਕਾਬਲਾ ਕਰਦਿਆਂ ਸ਼ਹੀਦ ਹੋ ਗਏ। ਇਸ ਅਚਨਚੇਤੀ ਹਮਲੇ ਕਰਕੇ ਸਭ ਪਾਸੇ ਹਫੜਾ-ਦਫੜੀ ਪੈ ਗਈ। ਅੱਗੇ ਵਦੇ ਮੀਂਹ ਵਿਚ ਹੜ੍ਹਾਂ ਚੜ੍ਹੀ ਸਰਸਾ ਨਦੀ ਨੂੰ ਪਾਰ ਕਰਦਿਆਂ ਗੁਰੂ ਪਰਿਵਾਰ ਅਤੇ ਸਿੰਘਾਂ ਦੇ ਸਭ ਜੱਥੇ ਖੇਰੂੰ-ਖੇਰੂੰ ਹੋ ਕੇ ਵਿੱਛੜ ਗਏ। ਗੁਰੂ ਸਾਹਿਬ ਰਾਤ ਰੋਪੜ ਰਹਿ ਅਗਲੇ ਦਿਨ ਚਮਕੌਰ ਸਾਹਿਬ 40 ਸਿੰਘਾਂ ਸਮੇਤ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨਾਲ ਜਾ ਪੁੱਜੇ ਪਰ ਕਈ ਸਿੰਘ ਪਿੱਛਾ ਕਰ ਰਹੀ ਸੈਨਾ ਨਾਲ ਟਾਕਰਾ ਕਰਦਿਆਂ ਰਾਹ ਵਿਚ ਸ਼ਹੀਦ ਹੋ ਗਏ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਾਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਗੁਰੂ ਸਾਹਿਬ ਤੋਂ ਵਿਛੜ ਕੇ ਗੁਰੂ-ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਉਸ ਦੇ ਪਿੰਡ ਖੇੜੀ ਵੱਲ ਨਿਕਲ ਪਏ। ਮਾਤਾ ਸੁੰਦਰੀ ਜੀ ਮਾਤਾ ਜੀਤੋ ਜੀ ਅਤੇ ਮਾਤਾ ਸਾਹਿਬ ਦੇਵਾ ਜੀ, ਭਾਈ ਮਨੀ ਸਿੰਘ ਜੀ ਨਾਲ ਗੁਰੂ ਸਾਹਿਬ ਨਾਲੋਂ ਵਿਛੱੜ ਕੇ ਦਿੱਲੀ ਪੁੱਜ ਗਏ।

ਗੁਰੂ ਘਰ ਦਾ ਰਸੋਈਆਂ ਗੰਗੂ ਬ੍ਰਾਹਮਣ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਪਿੰਡ 'ਖੇੜੀ' ਲੈ ਆਇਆ ਜੋ ਮੋਰਿੰਡਾ ਰੇਲਵੇ ਸਟੇਸ਼ਨ ਤੋਂ 2 ਕੁ ਮੀਲ ਦੀ ਦੂਰੀ ਤੇ ਹੈ। (ਗੰਗੂ ਬ੍ਰਾਹਮਣ ਨੇ ਧ੍ਰੋਹ ਕਰਕੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਇਆ ਸੀ। ਸਿੱਖ ਸ਼ਰਧਾਲੂ ਇਸ ਪਿੰਡ ਨੂੰ ਇਤਨਾ ਮਾੜਾ ਗਿਣਦੇ ਸਨ ਕਿ ਇਸ ਪਿੰਡ ਦਾ ਨਾਮ ਆਪਣੇ ਮੂੰਹ ਤੇ ਨਹੀਂ ਲਿਆਉਂਦੇ ਸਨ। ਉਹ ਗੁੱਸੇ ਨਾਲ ਖੇੜੀ ਉਖੇੜੀ ਕਿਹਾ ਕਰਦੇ ਸਨ। ਹੁਣ ਇਸ ਪਿੰਡ ਦਾ ਨਾਮ ਸਹੇੜੀ ਹੈ।' ਭਾਈ ਦੁਲਾ ਸਿੰਘ ਹੰਡੂਰੀਆ ਆਪਣੀ ਕ੍ਰਿਤ ਕਥਾ 'ਗੁਰੂ ਜੀ ਕੇ ਸੁਤਨ ਕੀ' ਵਿਚ ਲਿਖਦਾ ਹੈ ਕਿ ਗੰਗੂ ਨੇ :

ਇਸ ਕਰਕੇ ਤਬ ਘਰ ਲੈ ਆਬੋ।
ਭਈ ਰੈਨ ਪ੍ਰਸ਼ਾਦ ਛਕਾਯੋ॥1॥

ਮਾਤਾ ਗੁਜਰੀ ਪਾਸ ਇਕ ਖੁਰਜੀ ਸੀ। ਜਿਸ ਵਿਚ ਬਹੁਤ ਕੀਮਤੀ ਗਹਿਣੇ, ਜ਼ੇਵਰ, ਹੀਰੇ ਅਤੇ ਮੋਹਰਾਂ ਸਨ। ਇਹ ਖੁਰਜੀ ਵੇਖਕੇ ਗੰਗੂ ਦੀ ਨੀਅਤ ਫਿੱਟ ਗਈ। ਉਸਨੇ ਇਹ ਖੁਰਜੀ ਚੁਰਾ ਕੇ ਆਪਣੇ ਵਿਹੜੇ ਵਿਚ ਦਬਾ ਦਿੱਤੀ। ਸਵੇਰੇ ਮਾਤਾ ਜੀ ਨੇ ਖੁਰਜੀ ਗਾਇਬ ਹੋਈ ਵੇਖ ਕੇ ਉਸ ਨੂੰ ਪੁੱਛਿਆ ਤੇ ਉਹ ਭੜਕ ਪਿਆ ਕਿ ਉਸ ਨੇ ਉਨ੍ਹਾਂ ਨੂੰ ਟਿਕਾਣਾ ਦਿੱਤਾ ਹੈ ਤੇ ਉਹ ਉਸ ਨੂੰ ਚੋਰ ਬਣਾਉਂਦੇ ਹਨ। ਉਸ ਖੋਟੀ ਨੀਅਤ ਵਾਲੇ ਬ੍ਰਾਹਮਣ ਨੇ ਸਰਕਾਰੀ ਇਨਾਮ ਪ੍ਰਾਪਤ ਕਰਨ ਦੇ ਲਾਲਚ ਵਿਚ ਅਤੇ ਆਪਣੀ ਚੋਰੀ 'ਤੇ ਪਰਦਾ ਪਾਉਣ ਲਈ ਮੋਰਿੰਡਾ ਦੇ ਕੋਤਵਾਲ ਜ਼ਾਨੀ ਖਾਨ ਪਾਸ ਜਾ ਕੇ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਬਾਰੇ ਖ਼ਬਰ ਕਰ ਦਿੱਤੀ। ਕੋਤਵਾਲ ਨੇ ਉਨ੍ਹਾਂ ਤਿੰਨਾਂ ਨੂੰ ਬੰਦੀ ਵਿਚ ਲੈ ਕੇ ਮੋਰਿੰਡੇ ਦੀ ਜੇਲ ਵਿਚ ਬੰਦ ਕਰ ਦਿੱਤਾ। (ਮੋਰਿੰਡੇ ਵਿਚ ਇਹ ਜੇਲ ਹੁਣ ਵੀ ਮੌਜੂਦ ਹੈ)

23 ਦਸੰਬਰ, 1704 ਈਸਵੀ ਨੂੰ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਵਜੀਰ ਖਾਨ ਨਵਾਬ ਸਰਹਿੰਦ ਦੀ ਕਚਹਿਰੀ

ਵਿਚ ਪੇਸ਼ ਕੀਤਾ ਗਿਆ। ਜੇਲ ਦੇ ਸਿਪਾਹੀਆਂ ਨੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਭੈ-ਭੀਤ ਕਰਕੇ ਬੜਾ ਡਰਾਇਆ, ... ਵਿਉਂਤ ਬਣਾਈ ਕਿ ਇਹ ਬੱਚੇ ਸਹਿਮ ਜਾਣ ਅਤੇ ਨਵਾਬ ਵਜ਼ੀਰ ਖਾਨ ਅੱਗੇ ਜਾਕੇ ਸੀਸ ਨਿਵਾਉਣ। ਕਚਹਿਰੀ ਦੇ ਸਿਪਾਈਆਂ ਨੇ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਛੋਟਾ ਖੁਲ੍ਹਾ ਰੱਖਿਆ। ਸਾਹਿਬਜ਼ਾਦਿਆਂ ਨੇ ਵੱਡਾ ਦਰ ਬੰਦ ਵੇਖ ਕੇ ਸਾਜ਼ਸ਼ ਸਮਝ ਲਈ ਅਤੇ ਉਨ੍ਹਾਂ ਪਹਿਲਾਂ ਆਪਣੇ ਪੈਰ ਅੱਗੇ ਕੀਤੇ ਤੇ ਫਿਰ ਸੀਸ ਅੰਦਰ ਲੈ ਕੇ ਗਏ। ਅੰਦਰ ਜਾਂਦਿਆ ਹੀ ਉਨ੍ਹਾਂ ਹਾਕਮ ਨੂੰ 'ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥' ਗਜਾਈ। ''ਕਥਾ ਗੁਰੂ ਜੀ ਕੇ ਸੁਤਨ ਕੀ ''ਵਿਚ ਭਾਈ ਦੁਲਾ ਸਿੰਘ ਹੰਡੂਰੀਆ ਲਿਖਦੇ ਹਨ ਕਿ ਕਿਤਨੀ ਕੋਸ਼ਿਸ਼ ਕੀਤੀ ਗਈ ਕਿ ਸਾਹਿਬਜ਼ਾਦੇ ਸਿਰ ਝੁਕਾਉਣ, ਪਰ ਉਨ੍ਹਾਂ ਸਿਰ ਨਾ ਝੁਕਾਇਆ :

''ਨਹਿ ਜਬ ਮਸਤਕ ਸਨਮੁੱਖ ਟੇਕਹਿ।
ਸੀਸ ਉਲਟ ਮੁੜ ਪਾਛੇ ਪੇਖਹਿ।
ਬਹੁਰੋ ਕਹੀ ਦੁਸ਼ਟ ਯਹਿ ਬਾਨੀ।
ਦੇਖੋ, ਬਾਲਕ ਯਹਿ ਅਭਿਮਾਨੀ॥69॥

ਭਰੀ ਕਚਹਿਰੀ ਵਿਚ ਦੋਵੇਂ ਬਾਲਾਂ ਨੂੰ ਨਵਾਬ ਵਜ਼ੀਰਖਾਨ ਨੇ ਇਸਲਾਮ ਕਬੂਲ ਕਰਨ ਲਈ ਪ੍ਰੇਰਿਆ, ਬੜੇ ਲਾਲਚ ਦਿੱਤੇ ਅਤੇ ਧਮਕਾਇਆ ਕਿ ਜੇ ਉਹ ਇਸਲਾਮ ਧਰਮ ਕਬੂਲ ਨਹੀਂ ਕਰਨਗੇ ਤਾਂ ਦੋਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਏਗੀ। ਦੋਹਾਂ ਬੱਚਿਆਂ ਨੇ ਚੜ੍ਹਦੀ ਕਲਾ ਵਿਚ ਰਹਿੰਦਿਆਂ ਬੜੀ ਦਲੇਰੀ ਭਰਿਆ ਉੱਤਰ ਦਿੱਤਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹਾਂ। ਸਿਖੀ ਸਿਦਕ ਵਿਚ ਦ੍ਰਿੜ੍ਹ ਰਹਾਂਗੇ। ਸਾਨੂੰ ਮੌਤ ਦਾ ਕੋਈ ਡਰ ਨਹੀਂ, ਉਹ ਸਿੱਖੀ ਛੱਡਕੇ ਇਸਲਾਮ ਦਾ ਦੀਨ ਕਦੇ ਨਹੀਂ ਧਾਰਨਗੇ। ਛੋਟੇ ਸਾਹਿਬਜ਼ਾਦਿਆਂ ਦੇ ਇ੍ਹਨਾਂ ਦਿੜ੍ਹਤਾ ਭਰੇ ਬਚਨਾਂ ਬਾਰੇ 'ਕਥਾ ਗੁਰੂ ਜੀ ਕੇ ਸੁਤਨ ਕੀ' ਕ੍ਰਿਤ ਭਾਈ ਦੁਲਾ ਸਿੰਘ ਹੰਡੂਰੀਆ ਦੇ ਕਥਨ ਵੇਖਣਯੋਗ ਹਨ :

ਬਾਲ ਬੁਲਾਇ ਲਏ ਜਬਹੀ, ਤਬ ਆਨ ਅਦਾਲਤ ਬੀਚ ਪਠਾਏ।
ਦੇਖਤ ਤੀ ਸਭ ਜਗ ਆਇਸੁ, ਮਾਲਹੁ ਫੁਲ ਗੁਲਾਬ ਸੁਹਾਏ।
ਤਾਂਹਿ ਮਲੇਸ਼ ਲਗੇ ਦੁਖ ਦੇਵਨ, ਚਾਹਤ ਹੈਂ ਥਲ ਦੀਨ ਮਿਲਾਏ।
ਨਾਹਿ ਮੰਨੇ ਦੁਖ ਸੀਸ ਸਹੈਂ, ਦ੍ਰਿੜਤਾ ਹਰਿ ਆਪ ਕਈ ਤਿਨ ਆਏ ।64।

ਨਵਾਬ ਵਾਜੀਦ ਖਾਨ ਨੇ ਦੋਵੇਂ ਬਾਲਾਂ ਦੇ ਖਰੇ-ਖਰੇ ਬਚਨਾਂ ਤੋਂ ਝੁੰਝਲਾ ਕੇ ਅਦਾਲਤ ਦੀ ਕਾਰਵਾਈ ਅਗਲੇ ਦਿਨ ਤੱਕ ਮੁਲਤਵੀ ਕਰ ਦਿੱਤੀ। ਅਤੇ ਅਗਲੇ ਦਿਨ ਦੀ ਪੇਸ਼ੀ ਤੱਕ ਉਨ੍ਹਾਂ ਨੂੰ ਸਰਹਿੰਦ ਕਿਲ੍ਹੇ ਦੇ ਸੁੰਮਨ ਬੁਰਜ਼ (ਜਿਸ ਨੂੰ ਠੰਡਾ ਬੁਰਜ਼ ਕਿਹਾ ਜਾਂਦਾ ਹੈ) ਵਿਚ ਮਾਤਾ ਗੁਜ਼ਰੀ ਜੀ ਨਾਲ ਨਜ਼ਰਬੰਦ ਕਰਕੇ ਰੱਖਣ ਦਾ ਹੁਕਮ ਦਿਤਾ। ਉਥੇ ਛੋਟੇ ਸਾਹਿਬਜ਼ਾਦਿਆਂ ਨੇ ਬੀਤੇ ਦਿਨ ਵਾਂਗ ਨਿਧੜਕ ਹੋਕੇ ਆਪਣੀ ਅਟੱਲ ਦ੍ਰਿੜ੍ਹਤਾ ਦਰਸਾਉਂਦਿਆਂ ਸਿੱਖੀ ਨੂੰ ਤਿਆਗਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਨਾਂ ਦਾ ਦਲੇਰਾਨਾ ਜੁਆਬ ਸੁਣ ਕੇ ਨਵਾਬ ਵਾਜੀਦ ਖਾਨ ਭੌਂਤਰ ਗਿਆ। ਉਸ ਨੇ ਕਾਜ਼ੀ ਨੂੰ ਫ਼ਤਵਾ ਦੇਣ ਲਈ ਕਿਹਾ। ਕਾਜ਼ੀ ਨੇ ਫ਼ਤਵਾ ਦਿੱਤਾ ਕਿ ਉਨ੍ਹਾਂ ਦੋਵੇਂ ਬਾਲਾਂ ਦੀ ਉਮਰ ਛੋਟੀ ਹੈ ਅਤੇ ਕੁਰਾਨ ਸ਼ਰੀਫ਼ ਵਿਚ ਬੱਚਿਆਂ ਨੂੰ ਮਾਰਨਾ ਨਹੀਂ ਲਿਖਿਆ, ਸੋ ਇਨ੍ਹਾਂ ਦੋਹਾਂ ਨੂੰ ਛੱਡ ਦਿੱਤਾ ਜਾਏ। ਵਾਜ਼ੀਦ ਖਾਨ ਨੇ ਛੱਡ ਦੇਣ ਦਾ ਹੁਕਮ ਦਿੱਤਾ। ਉਸੇ ਵੇਲੇ ਦੀਵਾਨ ਸੁੱਚਾ ਨੰਦ ਹਕੂਮਤ ਪ੍ਰਤੀ ਆਪਣੀ ਵਫ਼ਾਦਾਰੀ ਦਾ ਸਬੂਤ ਦੇਣ ਲਈ ਉਠਿਆ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਪੁੱਛਿਆ ''ਬੱਚਿਉ, ਤਹਾਨੂੰ ਛੱਡ ਦਿੱਤਾ ਗਿਆ ਹੈ, ਹੁਣ ਤੁਸੀਂ ਕਿੱਥੇ ਜਾਉਗੇ?'' ਜ਼ੋਰਾਵਰ ਸਿੰਘ ਬੋਲਿਆ, ''ਜਾਣਾ ਕਿਥੇ ਏ, ਜੰਗਲਾਂ ਵਿਚ ਜਾਵਾਂਗੇ, ਸਿੱਖਾਂ ਨੂੰ ਇਕੱਠਾ ਕਰਾਂਗੇ, ਤੁਹਾਡੇ ਖਿਲਾਫ਼ ਆ ਕੇ ਲੜਾਂਗੇ।'' ਸੁੱਚਾ ਨੰਦ ਨੇ ਫਿਰ ਹੋਰ ਕਿਹਾ, ''ਤੁਹਾਨੂੰ ਪਤਾ ਹੈ ਕਿ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਸ਼ਹੀਦ ਹੋ ਗਿਆ ਹੈ। ਤੁਸੀਂ ਲੜੋਗੇ, ਪਕੜੇ ਜਾਉਗੇ, ਫਿਰ ਇੱਥੇ ਆਉਗੇ, ਫਿਰ ਛੱਡ ਦਿੱਤੇ ਜਾਉਗੇ। '' ਹੁਣ ਦੋਵੇਂ ਬਾਲ ਗੱਜ ਕੇ ਬੋਲੇ, '' ਸੁਣ ਲੈ ਕੰਨ ਖੋਲ੍ਹਕੇ, ਜੱਦ ਤੱਕ ਅਸੀਂ ਜੁਆਨ ਨਹੀਂ ਹੋ ਜਾਂਦੇ ਜਾਂ ਤੇਰੀ ਹਕੂਮਤ ਦਾ ਰਾਜ ਖ਼ਤਮ ਨਹੀ ਹੁੰਦਾ ਅਸੀਂ ਲੜਦੇ ਹੀ



ਜਾਵਾਂਗੇ।'' ਇਹ ਉੱਤਰ ਸੁਣ ਕੇ ਸੁੱਚਾ ਨੰਦ ਨੇ ਨਵਾਬ ਵੱਲ ਮੁਖਾਤਿਬ ਹੋ ਕੇ ਕਿਹਾ ''ਸੁਣੋ, ਸੱਪ ਦੇ ਬੱਚੇ ਕੀ ਕਹਿ ਰਹੇ ਹਨ। ਸੁੱਚਾ ਨੰਦ ਨੇ ਫਿਰ ਜ਼ੋਰ ਦੇ ਕੇ ਕਿਹਾ ਕਿ ''ਇਨ੍ਹਾਂ ਸੱਪ ਦੇ ਬੱਚਿਆਂ ਦਾ ਸਿਰ ਫੇਹ ਦੇਣਾ ਹਕੂਮਤ ਵਾਸਤੇ ਜ਼ਰੂਰੀ ਹੈ।''

ਵਾਜੀਦ ਖਾਨ ਨਵਾਬ ਅਜੀਬ ਤਰਾਂ ਦੀ ਝੁੰਝਲਾਹਟ ਵਿਚ ਫਸ ਗਿਆ। ਉਸ ਨੇ ਇਕ ਵੇਰ ਫਿਰ ਬੱਚਿਆਂ ਨੂੰ ਪੁੱਛਿਆ ਕਿ ਤੁਸੀਂ ਇਸਲਾਮ ਕਬੂਲ ਕਰੋ ਤੇ ਸੁਖ- ਆਰਾਮ ਦਾ ਜੀਵਨ ਜੀਓ, ਐਵੇਂ ਕਿਉਂ ਖੁਆਰ ਹੋਵੋਗੇ। 'ਸ਼ਹੀਦਾਨਿ ਵਫ਼ਾ (ਸਾਕਾ ਸਰਹਿੰਦ) ਦੇ ਕਰਤਾ ਹਕੀਮ ਅਲ੍ਹਾ ਯਾਰ ਖਾਨ ਜੋਗੀ ਨੇ ਛੋਟੇ ਸਾਹਿਬਜ਼ਾਦਿਆਂ ਦੇ ਉੱਤਰ ਨੂੰ ਇਉਂ ਕਲਮਬੰਦ ਕੀਤਾ ਹੈ :

ਜ਼ਾਲਿਮ ਕੇ ਦੀਨ ਕਿਸ ਲੀਏ ਕਰਨੇ ਲਗੇ ਕਬੂਲ।
ਤਬਦੀਲੀਏ ਮਜ਼੍ਹਬ ਸੇ ਕੁਛ ਭੀ ਹੈਂ ਅਸੂਲ।
ਤੋਹੀਦ ਕੇ ਸਿਵਾ ਹੈ ਯੇ ਬਾਤੇ ਹੈਂ ਸਭ ਫ਼ਜ਼ੂਲ।
ਮਨਵਾਨੇ ਵਾਹਿਗੁਰੂ ਕੋ ਹੀ ਆਏ ਥੇ ਸਭ ਰਸੂਲ।
ਕੁਛ ਬੁਤ-ਪ੍ਰਸਤ ਭੀ ਨਹੀਂ ਹੈ ਨ ਬੁਤਸ਼ਿਕਨ ਹੈਂ ਹਮ।
ਅੰਮ੍ਰਿਤ ਛਕਾ ਹੈ ਜਬ ਸੇ ਨਿਹਾਇਤ ਮਹਾਨ ਹੈਂ ਹਮ।84।

ਦੋਵੇਂ ਬੱਚਿਆਂ ਦਾ ਇਤਨੀ ਛੋਟੀ ਉਮਰ ਵਿਚ ਇਹ ਬਾ-ਦਲੀਲ ਜੁਆਬ ਸੁਣ ਕੇ ਭਰੀ ਕਚਹਿਰੀ ਵਿਚ ਨਵਾਬ ਸਮੇਤ ਸਭ ਸਿਆਣੇ ਨਿਰੁੱਤਰ ਹੋ ਗਏ। ਹਕੀਮ ਅਲ੍ਹਾ ਯਾਰ ਖਾਨ ਜੋਗੀ ਦੇ ਬਚਨਾਂ ਨੂੰ ਵੇਖੋ :

ਤਕਰੀਰ ਲਿ-ਪਜ਼ੀਰ ਸੇ, ਗੁੰਮ ਸਭ ਕੇ ਹੋਸ਼ ਥੇ।
ਨੀਚੀ ਨਜ਼ਰ ਹਰ ਇਕ ਕੀ ਥੀ। ਇਸਤਾਦਹ ਹੋਸ਼ ਥੇ।
ਬੱਚੋਂ ਕੇ ਸਾਮ੍ਹਨੇ ਸਭੀ ਦਾਨਾ ਖਾਮੋਸ਼ ਥੇ।
ਨਾਜ਼ਮ ਕੇ ਜੀ ਮੇਂ 'ਬੁਗਜ਼' ਥਾ ਅਬ ਨ ਜੋਸ਼ ਥੇ। ।98।

ਦੋਵੇਂ ਛੋਟੇ ਸਾਹਿਬਜ਼ਾਦਿਆਂ ਦਾ ਜੁਆਬ ਸੁਣ ਕੇ ਕਾਜ਼ੀ ਨੂੰ ਦੁਬਾਰਾ ਫ਼ਤਵਾ ਦੇਣ ਲਈ ਕਿਹਾ ਗਿਆ। ਕਾਜ਼ੀ ਨੇ ਫਤਵਾ ਦਿੱਤਾ ਕਿ ਦੋਵੇਂ ਬੱਚੇ ਕਸੂਰਵਾਰ ਹਨ, ਇਨਾਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਜਾਏ। ਕਾਜ਼ੀ ਨੇ ਅਦਾਲਤ ਦੀ ਸਭਾ ਵਿਚ ਮੌਜੂਦ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ ਨੂੰ ਵੇਖ ਕੇ ਕਿਹਾ ਕਿ ਇਨ੍ਹਾਂ ਦੋਵੇਂ ਬਾਲਾਂ ਨੂੰ ਸੁਣਾਈ ਗਈ ਸਜ਼ਾ ਦਾ ਕੰਮ ਨਵਾਬ ਮਲੇਰ ਕੋਟਲਾ ਸਾਹਿਬ ਨੂੰ ਸੌਂਪਿਆ ਜਾਏ ਕਿਉਂਕਿ ਉਨ੍ਹਾਂ ਦੇ ਭਰਾ ਦੀ ਮੌਤ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਜੰਗ ਵਿਚ ਹੋਈ ਸੀ। ਨਵਾਬ ਮਲੇਰਕੋਟਲਾ ਸਾਹਿਬ ਨੇ ਇਹ ਕੰਮ ਕਰਨ ਤੋਂ ਸਾਫ਼ ਇਨਕਾਰ ਕਰਦਿਆਂ ਕਿਹਾ ਕਿ ਮੇਰੇ ਭਰਾ ਦੀ ਮੌਤ ਗੁਰੂ ਗੋਬਿੰਦ ਸਿੰਘ ਨਾਲ ਜੰਗ ਵਿਚ ਹੋਈ ਸੀ, ਪਰ ਇਹ ਦੋਵੇਂ ਛੋਟੇ ਬੱਚੇ ਉਸ ਦੀ ਮੌਤ ਦੇ ਜ਼ਿੰਮੇਵਾਰ ਨਹੀਂ। ਇਹ ਕਹਿ ਕੇ ਨਵਾਬ ਮਲੇਰਕੋਟਲਾ ਸਾਹਿਬ ਨਿੱਕੇ ਬਾਲਾਂ ਨੂੰ ਦਿੱਤੀ ਗਈ ਸਜ਼ਾ ਪ੍ਰਤੀ ਰੋਸ ਪ੍ਰਗਟ ਕਰਕੇ ਹਾਅ ਦਾ ਨਾਅਰਾ ਲਾਕੇ ਸਭਾ ਵਿਚੋਂ ਉਠੱਕੇ ਚਲੇ ਗਏ (ਨਵਾਬ ਮਲੇਰਕੋਟਲਾ ਦੇ ਛੋਟੇ ਸਾਹਿਬਜ਼ਾਦਿਆਂ ਲਈ ਇਸ ਹਾਅ ਦੇ ਨਾਅਰੇ ਕਰਕੇ ਸਾਰਾ ਸਿੱਖ ਪੰਥ ਮਲੇਰਕੋਟਨਾ ਦੇ ਨਵਾਬਾਂ ਦਾ ਹਾਰਦਿਕ ਸਤਿਕਾਰ ਕਰਦਾ ਆਇਆ ਹੈ) ਇਸ ਦੇ ਬਾਵਜੂਦ ਵੀ ਮਜ਼੍ਹਬੀ ਤੁਅੱਸਬ ਵਿਚ ਅੰਨ੍ਹੇ ਹੋਏ ਕਾਜ਼ੀ ਨੇ ਇਕ ਨਾ ਸੁਣੀ।

ਹੁਣ ਅਜੀਬ ਖੇਡ ਇਹ ਬਣੀ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਨ ਵਾਲਾ ਕੋਈ ਨਾ ਮਿਲੇ। ਉਨ੍ਹਾਂ ਨੂੰ ਫਿਰ ਸੁੰਮਨ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਮਾਤਾ ਗੁਜਰੀ ਜੀ ਸਾਰੀ ਰਾਤ ਦੋਵੇਂ ਪੋਤਰਿਆਂ ਨੂੰ ਸਿੱਖ ਧਰਮ ਦੀ ਸਿੱਖਿਆ ਦੇ ਕੇ ਧਰਮ ਉਤੇ ਦ੍ਰਿੜ ਰਹਿਣ ਦੀਆਂ ਸਾਖੀਆਂ ਸੁਣਾਉਂਦੇ ਰਹੇ ਅਤੇ ਅਰਦਾਸ ਕਰਦੇ ਰਹੇ ਕਿ ਨਿੱਕੇ ਬਾਲ ਧਰਮ ਵਿਚ ਦ੍ਰਿੜ ਰਹਿਣ। ਅਗਲੇ ਦਿਨ 26 ਦਸੰਬਰ, 1704 ਈਸਵੀ ਨੂੰ ਸਾਹਿਬਜ਼ਾਦਿਆਂ ਨੂੰ ਫਿਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਐਸਾ ਇਤਫ਼ਾਕ ਬਣਿਆ ਕਿ ਸਮਾਣਾ ਦੇ ਰਹਿਣ ਵਾਲੇ ਸ਼ਿਸ਼ਾਲ ਬੇਗ ਤੇ ਵਿਸ਼ਾਲ ਬੇਗ ਜੋ ਦਿੱਲੀ ਦੇ ਸਰਕਾਰੀ ਜਲਾਦ ਸਨ, ਦਾ ਮੁਕਦਮਾ ਨਵਾਬ ਸਰਹਿੰਦ ਦੀ ਕਚਹਿਰੀ ਵਿਚ ਇਸੇ ਦਿਨ ਪੇਸ਼ ਹੋਣਾ ਸੀ। ਉਹ ਆਪਣੀ ਪੇਸ਼ੀ ਉਤੇ ਆਏ ਹੋਏ ਸਨ। ਉਨ੍ਹਾਂ ਨੂੰ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਨ ਦੀ ਪੇਸ਼ਕਸ਼ ਕੀਤੀ ਗਈ। ਉਨ੍ਹਾਂ ਨੇ ਆਖਿਆ ਕਿ ਅਸੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਦਿੰਦੇ ਹਾਂ। ਜੇ ਉਨ੍ਹਾਂ ਦੇ ਮੁਕੱਦਮੇ ਦਾ ਫੈਸਲਾ ਉਨ੍ਹਾਂ ਦੇ ਹੱਕ ਵਿਚ ਸੁਣਾ ਦਿੱਤਾ ਜਾਵੇ। ਵਾਜਿਦ ਖਾਂ ਨੇ ਉਨ੍ਹਾਂ ਦੇ ਹੱਕ ਵਿੱਚ ਫ਼ੈਸਲਾ ਸੁਣਾਕੇ ਬੱਚੇ ਜ਼ਲਾਦਾਂ ਦੇ ਹਵਾਲੇ ਕਰ ਦਿੱਤੇ। ਜਦ ਜਲਾਦ ਦੋਵੇ ਨਿੱਕੇ ਬਾਲਾਂ ਨੂੰ ਨੀਹਾਂ ਵਿਚ ਚਿਣਨ ਲਈ ਲੈ ਜਾ ਰਹੇ ਸਨ ਤਾਂ ਉਹ ਦੋਵੇਂ ਹੱਥਾਂ ਵਿਚ ਹੱਥ ਪਾ ਕੇ ਬਿਨਾਂ ਕਿਸੇ ਭੈ ਤੇ ਮਲਾਲ ਦੇ ਸਤਿ ਸ੍ਰੀ ਅਕਾਲ ਦਾ ਚੜਦੀਆਂ ਕਲਾ ਵਾਲਾ ਨਾਅਰਾ ਲਾ ਰਹੇ ਸਨ। ਉਨ੍ਹਾਂ ਦੀ ਚੜ੍ਹਦੀ ਕਲਾ ਦੀ ਮਾਨਸਿਕ ਦਸ਼ਾ ਨੂੰ ਅਲ੍ਹਾ ਯਾਰ ਖਾਨ ਜੋਗੀ ਨੇ ਸ਼ਹੀਦਾਨਿ ਵਫ਼ਾ-ਸਾਕਾ ਸਰਹਿੰਦ ਵਿਚ ਇਉਂ ਬਿਆਨ ਕੀਤਾ ਹੈ।

ਹਾਥੋਂ ਮੇ ਹਾਥ ਡਾਲ ਕੇ ਦੋਨੋ ਵੁਹ ਨੌਨਿਹਾਲ।
ਕਹਤੇ ਗਏ ਜਬਾਂ ਸੇ ਬੜੇ ਸਤਿ ਸ੍ਰੀ ਅਕਾਲ।
ਚਿਹਰੋਂ ਪਿ ਖਮ ਨਾ ਨਾਮ ਥਾਂ ਔਰ ਨਾ ਥਾ ਮਲਾਨ।
ਜਾ ਠਹਿਰੇ ਸਰਪਿ ਮੌਤ ਕੇ ਫਿਰ ਬੀ ਨਾ ਥਾ ਖਯਾਲ॥

ਧੰਨ ਸਨ, ਉਨ੍ਹਾਂ ਦੋਵੇ ਬੱਚਿਆਂ ਦੇ ਜਿਗਰੇ ਕਿ ਉਹ ਹਸੂੰ-ਹਸੂੰ ਕਰਦੇ ਸਿੱਖੀ ਧਰਮ ਤੋਂ ਵਾਰਨੇ ਜਾ ਰਹੇ ਸਨ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਨੀਹਾਂ ਵਿਚ ਚਿਣੇ ਜਾਣ ਵੇਲੇ ਉਹ ਆਪਸ ਵਿਚ ਗੱਲਾਂ ਕਰ ਰਹੇ ਸਨ। ਵੱਡਾ ਭਰਾ ਜ਼ੋਰਾਵਰ ਸਿੰਘ ਛੋਟੇ ਨੂੰ ਆਖ ਰਿਹਾ ਸੀ: ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ ਨਾ! ਤੇ ਛੋਟਾ ਫਤਿਹ ਸਿੰਘ ਵੱਡੇ ਭਰਾ ਨੂੰ ਆਖ ਕੇ ਕਹਿੰਦਾ ਹੈ! ਅਸੀਂ ਗੁਰੂ ਤੇਗ ਬਹਾਦਰ ਦੇ ਪੋਤਰੇ ਹਾਂ ਨਾ! ਜੇ ਅਸੀਂ ਧਰਮ ਤੋਂ ਡੋਲੇ ਤਾਂ ਦਸ ਪਾਤਿਸ਼ਾਹੀ ਹੋਵੈ ਹਾਨ'

ਸੀਸ ਜੁ ਦੇਨੇ ਹੈਂ ਸਹੀ, ਇਹ ਨ ਮਾਨੋ ਬਾਤ।
ਧਰਮ ਜਾਇ ਤਬ ਕਉਨ ਗਤਿ ਇਹ ਪ੍ਰਗਟ ਸਿਖਿਆਤ।

ਇਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਸਬਰ ਦੀ ਹੱਦ ਦਿਖਾਈ। ਜਦ ਨੀਹਾਂ ਛਾਤੀ ਤੱਕ ਪੁਜੀਆਂ ਤਾਂ ਦੋਵੇ ਬੇਹੋਸ਼ ਹੋ ਗਏ ਤੇ ਦੀਵਾਰ ਡਿੱਗ ਪਈ। ਉਨ੍ਹਾਂ ਦੋਵੇਂ ਮਾਸੂਮਾਂ ਨੂੰ ਫਿਰ ਵਾਪਸ ਠੰਢੇ ਬੁਰਜ ਵਿਚ ਭੇਜ ਦਿੱਤਾ ਗਿਆ। ਰਾਤ ਨੂੰ ਤ੍ਰਿਉੜ ਤੇ ਮਸੀਰਾ ਪਿਲਾਇਆ ਗਿਆ ਤਾ ਕੇ ਹੋਸ਼ ਵਿਚ ਆ ਜਾਣ ਅੱਗਲੇ ਦਿਨ 27 ਦਸੰਬਰ 1704 ਈ: ਨੂੰ ਦੋਹਾਂ ਨੂੰ ਇਕ ਥਾਂ ਖੜਾ ਕਰਕੇ ਉਨ੍ਹਾਂ ਦੇ ਇਰਦ-ਗਿਰਦ ਦੀਵਾਰ ਚਿਣ ਦਿੱਤੀ ਗਈ। ਜਦੋ ਦੋਹਾਂ ਦੀ ਛਾਤੀ ਤੱਕ ਦੀਵਾਰ ਚਿਣੀ ਗਈ ਤਾਂ ਫਿਰ ਉਨ੍ਹਾਂ ਅੱਗੇ ਕਾਜ਼ੀ ਨੇ ਇਸਲਾਮ ਕਬੂਲ ਕਰਨ ਦੀ ਮੰਗ ਦੁਹਰਾਈ, ਪਰ ਸਾਹਿਬਜ਼ਾਦਿਆਂ ਨੇ ਕੜਕਵੀਂ ਅਵਾਜ਼ ਵਿਚ ਇਨਕਾਰ ਕਰ ਦਿੱਤਾ। ਦੀਵਾਰ ਜਦ ਮੋਢਿਆਂ ਤੱਕ ਪਹੁੰਚੀ ਤਾਂ ਕਾਜ਼ੀ ਨੇ ਫਿਰ ਇਸਲਾਮ ਕਬੂਲ ਕਰਨ ਦੀ ਗੱਲ ਦੋਨੋ ਨੂੰ ਦੁਹਰਾਇਆ, ਦੋਵਾਂ ਵੱਲੋਂ ਨਾਂਹ ਕਰਨ ਬਾਅਦ ਦੋਵੇਂ ਛੋਟੇ ਸਾਹਿਬਜ਼ਾਦਿਆ ਦੇ ਸੀਸ ਕੱਟ ਕੇ ਉਤਾਰ ਦਿੱਤੇ ਗਏ। ਹਜ਼ੂਰੀ ਕਵੀ ਸੈਨਾਪਤਿ ਦੇ ਸ਼ਬਦਾਂ ਵਿਚ :

ਧੰਨ ਧੰਨ ਗੁਰਦੇਵ ਸੁਤ, ਤਨ ਕੋ ਲੋਭ ਨ ਕੀਨ।
ਧਰਮ ਰਾਖ ਕਲ ਸੋ ਗਏ, ਦਾਦੇ ਸੋ ਜਸ ਲੀਨ॥

ਮਾਤਾ ਗੁਜਰੀ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਦੁਖਦਾਈ ਖ਼ਬਰ ਸੁਣਾਈ ਗਈ ਤਾਂ ਉਹ ਅਕਾਲ ਪੁਰਖ ਦਾ ਸ਼ੁਕਰ ਕਰਦੇ ਹੋਏ ਕਿ ਦੋਵੇਂ ਸਾਹਿਬਜ਼ਾਦੇ ਸਿੱਖੀ ਸਿੱਦਕ ਵਿਚ ਪੱਕੇ ਰਹਿ ਕੇ ਪਾਸ ਹੋ ਗਏ ਹਨ, ਬਿਰਧ ਅਵਸਥਾ ਹੋਣ ਕਰਕੇ ਸਮਨ ਬੁਰਜ (ਜਿਸ ਵਿਚ ਕੈਦ ਸਨ) ਬੇਹੋਸ਼ ਹੋ ਕੇ ਡਿੱਗ ਪਏ ਤੇ ਪ੍ਰਾਣ ਤਿਆਗ ਦਿੱਤੇ। ਦੀਵਾਨ ਟੋਡਰ ਮੱਲ ਨੇ ਤਿੰਨੇ ਦੇ ਹਾਂ ਦਾ ਅੰਤਿਮ ਸੰਸਕਾਰ ਮੋਹਰਾਂ ਵਿਛਾ ਕੇ ਜ਼ਮੀਨ ਮੁੱਲ ਲੈ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਸਥਾਨ 'ਤੇ ਕੀਤਾ।

ਇਸੇ ਗੱਲ ਲਈ ਸਿੱਖ ਜਗਤ ਵਿਚ ਦੀਵਾਨ ਟੋਡਰ ਦਾ ਬੜਾ ਆਦਰਯੋਗ ਸਥਾਨ ਹੈ।

ਛੋਟੇ ਸਾਹਿਬਜ਼ਾਦਿਆਂ ਦੀ ਮੰਦਭਾਗੀ ਘਟਨਾ ਨੇ ਮੁਗਲ ਹਕੂਮਤ ਦੇ ਜਬਰ-ਜ਼ੁਲਮ ਅਤੇ ਧਾਰਮਿਕ ਹਠ- ਧਰਮੀ ਦਾ ਸਿਖਰ ਦਿਖਾ ਦਿੱਤਾ। ਇਸ ਘਟਨਾ ਨੇ ਸਿੱਖਾਂ ਦੀ ਸੋਚ ਅਤੇ ਸ਼ਕਤੀ ਨੂੰ ਨਵੀਆਂ ਸੇਧਾਂ ਦਿੱਤੀਆਂ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਤਵਾਰੀਖ ਗੁਰੂ ਖਾਲਸਾ ਵਿਚ ਦਰਦ- ਭਰੇ ਸ਼ਬਦਾਂ ਵਿਚ ਬਿਆਨ ਕਰਦਿਆਂ ਲਿਖਦੇ ਹਨ ਕਿ ਜਦ ਮਾਹੀ ਹਲਕਾਰਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਪ੍ਰਸੰਗ ਸੁਣਾਂਦਾ ਰਿਹਾ, ਹੋਰ ਸੁਣਨ ਵਾਲੇ ਸਭ ਦੇ ਨੇਤ੍ਰਾਂ ਤੋਂ ਜਲ ਵਹਿ ਰਿਹਾ ਸੀ, ਉਤਨਾ ਚਿਰ ਗੁਰੂ ਜੀ ਨੀਵੀਂ ਗਰਦਨ ਕਰਕੇ ਸੁਣਦੇ ਹੋਏ ਇਕ ਕਾਹੀ ਦੇ ਬੂਟੇ ਨੂੰ ਤੀਰ ਦੀ ਨੋਕ ਨਾਲ ਖੋਦਦੇ ਰਹੇ, ਸਾਰੀ ਬਾਤ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ,'' ਮਲੇਰੀਆਂ ਨੇ ਹਾਅ ਦਾ ਨਾਅਰਾ ਮਾਰ ਕੇ ਆਪਣੀ ਜੜ੍ਹ ਰੱਖ ਲਈ ਹੋਰ ਦੀ ਜੜ੍ਹ ਪੁੱਟੀ ਗਈ,'' ਇਤਨਾਂ ਕਹਿਕੇ ਉਸ ਕਾਹੀ ਦੇ ਬੂਟੇ ਨੂੰ ਪੁੱਟ ਕੇ ਸੁੱਟ ਘੱਤਿਆ। ਚੜ੍ਹਦੀ ਕਲਾ ਦੇ ਪੁੰਜ ਗੁਰੂ ਗੋਬਿੰਦ ਸਿੰਘ ਜੀ ਆਪਣੇ ਜਿਗਰ ਦੇ ਦੋਵੇਂ ਛੋਟੇ ਟੋਟਿਆਂ ਦੀ ਸ਼ਹੀਦੀ ਤੋਂ ਰਤਾ ਨਾ ਡੋਲੇ, ਜ਼ਰਾ ਵੀ ਨਾ ਘਾਬਰੇ, ਗਿਲਾ-ਸ਼ਿਕਵਾ ਕਰਨਾ ਤਾਂ ਕਿਤੇ ਰਿਹਾ, ਸਗੋਂ ਪ੍ਰਭੂ ਦਾ ਧੰਨਵਾਦ ਨਿਸੰਗ ਹਸ ਆਖਿਆ, ਹਕੀਮ ਅੱਲ੍ਹਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿਚ

ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ,
ਬੇਟੋ ਕੀ ਜਾਨ ਧਰਮ ਕੀ ਖਾਤਿਰ ਫਿਦਾ ਹੂਈ।
(ਜੋਹਰਿ ਤੇਗ ਬੰਦ ਨਾ ਵਿਚ 98)

ਦੀਨੇ ਕਾਂਗੜ ਤੋਂ ਗੁਰੂ ਜੀ ਨੇ ਜਫ਼ਰਨਾਮਾ ਦੇ ਰੂਪ ਦੀ

ਚਿੱਠੀ ਨੇ ਜਾਬਰ-ਜ਼ੁਲਮ ਬਾਦਸ਼ਾਹ ਔਰੰਗਜ਼ੇਬ ਦੀ ਬੁਜ਼ਦਿਲੀ ਬੇਈਮਾਨੀ ਨੂੰ ਵੰਗਾਰਦਿਆਂ ਲਿਖਿਆ ਕਾਇਰਾ ਇਹ ਦੇ ਵਿਚ ਤੇਰੀ ਕੀ ਬਹਾਦਰੀ ਹੋਈ ? ਕੀ ਹੋਇਆ ਜੇ ਤੂ ਮੇਰੇ ਚਾਰ ਪੁੱਤਰ ਮਰਵਾ ਦਿੱਤੇ ਹਨ। ਯਾਦ ਰੱਖ ਕੁੰਡਲ ਸੱਪ ਅਜੇ ਜਿਉਂਦਾ ਹੈ।

ਚਿਹਾ ਸ਼ੁਦ ਕਿ ਤੂੰ ਬੱਚਗਾਂ ਕੁਸ਼ਤਰ ਚਾਰ॥
ਕਿ ਬਾਕੀ ਸਮਾਂ ਦਸਤੁ ਪੇਜੀ ਦਹ ਮਾਰ॥

(ਜ਼ਫਰਨਾਮਾ, ਸ਼ਿਅਰ ਨੰਬਰ 78)

ਗੁਰੂ ਸਾਹਿਬ ਨੇ ਅੱਗੇ ਲਿਖਿਆ, ਬੁਜ਼ ਦਿਲਾ ਇਹਦੇ ਵਿਚ ਵੀ ਕਾਹਦੀ ਜਵਾਂ ਮਰਦੀ ਹੋਈ ਕਿ ਤੂੰ ਕੁਝ ਚੰਗਿਆੜੀਆਂ ਨੂੰ ਬੁਝਾ ਦਿੱਤਾ ਹੈ ਜਦ ਕਿ ਇਨ੍ਹਾਂ ਦੇ ਬੁਝਣ ਨਾਲ ਧੁੱਖਦੀ ਹੋਈ ਜਵਾਲਾ ਭੜਕ ਉਠੀ ਹੈ

(ਜ਼ਫਰਨਾਮਾ, ਸ਼ਿਅਰ ਨੰਬਰ 79)

ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਅਤੇ ਸਰਹਿੰਦ ਦੇ ਖੂਨੀ ਸਾਕਿਆਂ ਤੋਂ ਬਾਅਦ ਸਿੱਖਾਂ ਨੂੰ ਮਾਨਸਿਕ ਅਤੇ ਜਥੇਬੰਦ ਤੌਰ ਤੇ ਨਵਾਂ ਰੂਪ ਦਿੱਤਾ। ਜ਼ਫਰਨਾਮੇ ਵਿਚ ਉਨ੍ਹਾਂ ਦੇ ਬਚਨ ਹਨ ਕਿ ਜਦ ਸਭ ਹੀਲੇ ਇਨਸਾਫ਼ ਲੈਣ ਲਈ ਕਾਰਗਾਰ ਨਾ ਸਾਬਿਤ ਹੋਣ ਤਾਂ ਹੱਥ ਵਿਚ ਸਮਸ਼ੀਰ ਲੈ ਕੇ ਜੂਝਣਵਾ ਵੀ ਹਲਾਲ ਹੈ:

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ॥
ਹਲਾਲ ਅਸਤੂ ਬੁਰਦਨ ਬੇ ਸ਼ਮਸ਼ੀਰ ਦਸਤ॥

(ਜ਼ਫਰਨਾਮਾ, ਸ਼ਿਅਰ ਨੰਬਰ 22)

ਸਰਹਿੰਦ ਦਾ ਖੂਨੀ ਸਾਕਾ ਮੁਗਲ ਹਕੂਮਤ ਦੀਆਂ ਜੜ੍ਹਾਂ ਤੇ ਮਾਰੂ ਟੱਕ ਸਾਬਿਤ ਹੋਇਆ। ਇਸ ਜ਼ੁਲਮ ਤੇ ਅਨਿਆਂ ਤੋਂ ਕੇਵਲ 5 ਸਾਲ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ-ਮਾਰੀ ਸਰਹਿੰਦ ਦੇ ਦੋਸ਼ੀਆਂ ਨੂੰ ਸੋਧਣ ਲਈ ਪਹਿਲਾਂ 26 ਨਵੰਬਰ, 1709 ਈ: ਨੂੰ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਜਲਾਦਾਂ ਵਿਸ਼ਾਲ ਬੇਗ ਤੇ ਸ਼ਿਸ਼ਾਲ ਬੇਗ ਦੇ ਪਿੰਡ ਉਤੇ ਧਾਵਾ ਬੋਲ ਕੇ ਉਨ੍ਹਾਂ ਨੂੰ ਸੋਧ ਕੇ ਉਨ੍ਹਾਂ ਵੱਲੋਂ ਕੀਤੇ ਪਾਪ ਦਾ ਬਦਲਾ ਲਿਆ। ਇਸ ਤੋਂ ਪਿੱਛੋਂ 12 ਮਈ, 1710 ਈਸਵੀ ਨੂੰ ਸਰਹਿੰਦ ਉਤੇ ਛੋਟੇ ਸਾਹਿਬਜ਼ਾਦਿਆਂ ਦੇ ਅਸਲ ਦੋਸ਼ੀਆਂ ਵਜੀਦ ਖਾਨ ਅਤੇ ਸੁੱਚਾ ਨੰਦ ਨੂੰ ਤਸੀਹੇ ਦੇ ਕੇ ਗਿਣ-ਗਿਣ ਕੇ ਬਦਲੇ ਲਏ। ਉਥੇ ਬੰਦਾ ਸਿੰਘ ਬਹਾਦਰ ਸੇਠ ਟੋਡਰ ਮਲ ਅਤੇ ਉਨ੍ਹਾਂ ਦੇ ਵਫ਼ਦ ਦੇ ਮੁਖੀਆਂ ਨੂੰ ਮਿਲੇ। ਸਾਕੇ ਸਰਹਿੰਦ ਦਾ ਜਾਇਜ਼ਾ ਲੈਣ ਉਪਰੰਤ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਅਸਥਾਨ ਦੀ ਚਾਰ ਦੀਵਾਰੀ ਕਾਇਮ ਕੀਤੀ, ਜਿਥੇ ਹੁਣ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ।

ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਕਾਇਮ ਕੀਤੀ ਸਿੰਘਾਂ ਦੀ ਛੋਟੀ ਜਿਹੀ ਹਕੂਮਤ ਮਹਾਰਾਜਾ ਰਣਜੀਤ ਸਿੰਘ ਜੀ ਵੇਲੇ ਇਕ ਵਿਸ਼ਾਲ ਸਲਤਨਤ ਬਣ ਗਈ। ਇਵੇਂ ਸਿੱਖ ਇਕ ਨਿੱਕੀ ਜਿਹੀ ਕੌਮ ਤੋਂ ਹਿੰਦੁਸਤਾਨ ਦੇ ਨਕਸ਼ੇ ਉਤੇ ਇਕ ਰਾਜਸੀ ਤਾਕਤ ਦੇ ਰੂਪ ਵਿਚ ਉੱਭਰੇ। ਸਾਕਾ ਸਰਹਿੰਦ ਦੀ ਸ਼ਹਾਦਤ, ਦਿੱਲੀ ਦੇ ਗੁਰਦੁਆਰਾ ਸਾਹਿਬ ਨੌਵੀ ਪਾਤਿਸ਼ਾਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਅਸਥਾਨ ਨਾਲ ਜੁੜ੍ਹਦੀ ਹੈ। ਹਿੰਦ ਦੀ ਚਾਦਰ ਬਣ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜੋ ਕੁਰਬਾਨੀ ਦਿੱਤੀ ਸੀ। ਉਸੇ ਉਦੇਸ਼ ਤੇ ਫੁੱਲ ਚੜ੍ਹਾਉਦਿਆਂ ਛੋਟੇ ਸਾਹਿਬਜ਼ਾਦੇ ਸਰਹਿੰਦ ਵਿਖੇ ਸ਼ਹੀਦ ਹੋਏ। ਅੱਜ ਵੀ ਮੁਲਕ ਅਤੇ ਧਰਮ ਦੀ ਖਾਤਰ ਕੁਰਬਾਨ ਹੋਣ ਵਾਲੇ ਛੋਟੇ ਸਾਹਿਬਜ਼ਾਦਿਆਂ ਨੂੰ ਫਤਹਿਗੜ੍ਹ ਸਾਹਿਬ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਜੁੜਦੀਆਂ ਅਤੇ ਇਸ ਪਾਵਨ ਥਾਂ ਦੀ ਲਹੂ ਭਿੱਜੀ ਧਰਤੀ ਨੂੰ ਆਪਣੇ ਮਸਤਕ ਤੇ ਲਗਾ ਕੇ ਆਪਣੇ ਧੰਨ ਭਾਗ ਸਮਝ ਅਕੀਦਤ ਪੇਸ਼ ਕਰਦੀਆਂ ਹਨ। ਅਸੀਂ ਵਾਰ-ਵਾਰ ਨਮਸਕਾਰ ਕਰਦੇ ਹਾਂ ਚਾਰੇ ਸਾਹਿਬਜ਼ਾਦਿਆਂ ਦੀ ਬੀਰਤਾ ਭਰੀ ਕਰਨੀ ਨੂੰ ਅਤੇ ਉਨ੍ਹਾਂ ਸੰਗ ਸਰਹਿੰਦ ਦੇ ਯੁੱਧ ਵਿਚ ਸ਼ਹੀਦ ਹੋਏ ਸਿੰਘਾਂ ਨੂੰ ਜਿਨ੍ਹਾਂ ਨੇ ਸੱਚ ਅਤੇ ਧਰਮ ਦੀ ਲੜਾਈ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਵਿਸ਼ਵ ਤੇ ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।

❋❋❋

- ਡਾ. ਗੁਰਚਰਨ ਸਿੰਘ ਮਹਿਤਾ
ਐਮ.ਏ., ਪੀਐਚ.ਡੀ.
ਮੋ. 9761615866

ਸ਼ਹਾਦਤ ਭਾਈ ਬੀਰ ਸਿੰਘ ਨੌਰੰਗਾਬਾਦੀ

ਜੁਲਾਈ ਸੰਨ 1867 ਈਸਵੀ ਵਿਚ ਤਰਨਤਾਰਨ ਦੇ ਨੇੜੇ ਦੇ ਪਿੰਡ, ਗੋਗੋਬੂਹਾ ਵਿਚ, ਭਾਈ ਸੇਵਾ ਸਿੰਘ ਅਤੇ ਮਾਤਾ ਧਰਮ ਕੌਰ ਜੀ ਦੇ ਘਰ, ਸਾਉਣ ਸੁਦੀ 3, ਸੰਮਤ 1825 ਬਿਕ੍ਰਮੀ ਵਿਚ ਜਨਮ ਹੋਇਆ। ਮੁਲਤਾਨ ਦੇ ਅਫ਼ਗਾਨ ਹਾਕਿਮ ਦੇ ਨਾਲ ਇਕ ਮੁਠਭੇੜ ਵਿਚ ਪਿਤਾ ਭਾਈ ਸੇਵਾ ਸਿੰਘ ਜੀ ਦੀ ਸ਼ਹਾਦਤ ਤੋਂ ਬਾਅਦ, ਭਾਈ ਬੀਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਿਆ ਸੀ। ਭਾਈ ਬੀਰ ਸਿੰਘ ਨੇ ਪਿਸ਼ਾਵਰ ਅਤੇ ਕਸ਼ਮੀਰ ਦੀਆਂ ਜੰਗਾਂ ਵਿਚ ਬਹਾਦੁਰੀ ਦੇ ਕਾਰਨਾਮੇ ਅੰਜਾਮ ਦਿੱਤੇ ਸਨ, ਜਿਸ ਕਾਰਨ ਖਾਲਸਾ ਫ਼ੌਜਾਂ ਵਿਚ ਹਰਮਨ ਪਿਆਰਾ ਬਣ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ, ਲਾਹੌਰ ਦਰਬਾਰ ਵਿਚ ਨਿਤ ਦੀਆਂ ਰਚੀਆਂ ਜਾਣ ਵਾਲੀਆਂ ਸਾਜਿਸ਼ਾਂ ਕਾਰਨ, ਭਾਈ ਬੀਰ ਸਿੰਘ ਨੇ ਦਿਲ ਵਿਚ ਡੋਬੂ ਪੈਂਦੇ ਮਹਿਸੂਸ ਕੀਤੇ। ਕੰਨਾਂ ਵਿਚ ਪੈਣ ਵਾਲੀਆਂ ਨਿੱਤ ਨਵੀਆਂ ਸਾਜਿਸ਼ਾਂ ਤੇ ਲੁੱਟ-ਘਸੁਟ ਦੀਆਂ ਵਾਰਦਾਤਾਂ ਤੋਂ ਤੰਗ ਆ ਕੇ ਸਾਜ਼ਿਸ਼ਾਂ ਤੋਂ ਪਰਹੇਜ਼ ਕਰਨ ਵਾਲੇ ਸੱਚ ਦੇ ਰਾਹੀਂ ਭਾਈ ਬੀਰ ਸਿੰਘ ਨੌਰੰਗਾਬਾਦੀ ਨੇ, ਲਹੌਰ ਦਰਬਾਰ ਦੀ ਨੌਕਰੀ ਛੋੜ ਦਿੱਤੀ। 'ਬਾਬਾ ਭਾਗ ਸਿੰਘ ਕੁਰੀ ਨਿਵਾਸੀ ਅਤੇ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲਿਆਂ ਦੀ ਸੰਗਤ ਕਰ ਕੇ, ਭਾਈ ਸਾਹਿਬ ਨੂੰ ਅਜਿਹੀ ਆਤਮਿਕ ਰੰਗਤ ਚੜ੍ਹੀ ਕਿ ਰਾਤ ਦਿਨ ਕਰਤਾਰ ਦੇ ਰੰਗ ਰਤੇ ਹੋ ਗਏ।' (ਮਹਾਨ ਕੋਸ਼ ਪੰਨਾ 658)

ਨੌਰੰਗਾਬਾਦ ਪਿੰਡ ਦਾ ਵਸਨੀਕ ਦਸੌਂਧਾ ਸਿੰਘ ਬਾਬਾ ਬੀਰ ਸਿੰਘ ਜੀ ਨੂੰ ਸੇਵਾ ਅਤੇ ਪ੍ਰੇਮ ਭਾਵ ਨਾਲ ਆਪਣੇ ਪਿੰਡ ਲੈ ਆਇਆ। ਜਿੱਥੇ ਬਾਬਾ ਜੀ ਨੇ ਨਾਮ ਬਾਣੀ ਅਤੇ ਅੰਨ ਦਾ ਲੰਗਰ ਲਗਾ ਦਿੱਤਾ। ਆਸ-ਪਾਸ ਦੇ ਪਿੰਡ ਵਾਸੀ, ਹੁੰਮ-ਹੁਮਾ ਕੇ ਨਾਮ ਬਾਣੀ ਦਾ ਰਸ ਮਾਨਣ ਲਈ ਆਉਣ ਲਗੇ। ਬਾਬਾ

ਬੀਰ ਸਿੰਘ ਜੀ ਦੇ ਉੱਤਮ ਉਪਦੇਸ਼ਾਂ ਦੇ ਅਸਰ ਹੇਠ ਮਾਝੇ ਦੇ ਅਨੇਕਾਂ ਪ੍ਰਾਣੀ, ਬਾਬਾ ਬੀਰ ਸਿੰਘ ਜੀ ਪਾਸੋਂ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਅਤੇ ਅਪਣੇ ਜੀਵਨ ਸਫਲਾ ਕਰਨ ਲੱਗੇ। ਭਾਈ ਬੀਰ ਸਿੰਘ ਜੀ ਨਾ ਸਿਰਫ ਵੱਖ-ਵੱਖ ਪਿੰਡਾਂ ਵਿਚ ਜਾ ਕੇ, ਗੁਰੂ ਨਾਨਕ ਸਾਹਿਬ ਦੇ ਦਰਸਾਏ ਰਾਹ ਦਾ ਪ੍ਰਚਾਰ ਕਰਦੇ, ਸਗੋਂ ਇੱਕ ਸੁਘੜ ਆਗੂ ਵਾਂਗ, ਸਿੱਖ ਰਾਜ ਦੇ ਚਾਲਾਕ ਤੇ ਨਾਪਾਕ ਅਹਿਲਕਾਰਾਂ ਅਤੇ ਅੰਗ੍ਰੇਜ਼ ਹਕੂਮਤ ਦੇ ਖ਼ਿਲਾਫ਼ ਸਿੱਖ ਕੌਮ ਵਿਚ ਜਾਗਰਤੀ ਲਿਆਉਣ ਦੇ ਹੀਲੇ-ਵਸੀਲੇ ਕਰਨ ਵਿਚ ਵੀ ਰੁੱਝ ਗਏ।

ਭਾਈ ਬੀਰ ਸਿੰਘ ਨੌਰੰਗਾਬਾਦੀ - ਡੇਰਾ ਸਥਾਪਿਤ ਕਰਨਾ :

ਰਫ਼ਤਾਰ ਨੂੰ ਭਲਾ ਕੌਣ ਰੋਕ ਸਕਿਆ ਹੈ? ਜਿਨ੍ਹਾਂ ਝਰਨਿਆਂ ਅਤੇ ਨਦੀਆਂ ਦਾ ਸਿੱਧਾ ਸੰਬੰਧ ਬਰਫ ਦੀਆਂ ਉੱਚੀਆਂ ਚੋਟੀਆਂ ਨਾਲ ਹੁੰਦਾ ਹੈ, ਉਹ ਝਰਨੇ ਅਤੇ ਨਦੀਆਂ ਕਦੀ ਨਹੀਂ ਸੁਕ ਸਕਦੇ, ਸਦਾ ਗਤੀ ਵਿਚ ਵਹਿੰਦੇ ਹੀ ਰਹਿੰਦੇ ਹਨ। ਭਾਈ ਬੀਰ ਸਿੰਘ ਜੀ ਦੇ ਪ੍ਰਚਾਰ ਦੀ ਰਫ਼ਤਾਰ ਵੀ ਦਿਨੋ-ਦਿਨ ਵਧਦੀ ਗਈ। ਭਾਈ ਬੀਰ ਸਿੰਘ ਜੀ ਦਾ ਰਸੂਖ ਪਿੰਡਾਂ ਵਿਚ ਫੈਲਦਾ ਗਿਆ। ਦੇਖਦੇ ਹੀ ਦੇਖਦੇ, ਕੁਝ ਵੱਡੇ ਜ਼ਿੰਮੀਦਾਰ ਵੀ ਭਾਈ ਬੀਰ ਸਿੰਘ ਜੀ ਦੇ ਸ਼ਰਧਾਲੂ ਬਣ ਗਏ। ਇਨ੍ਹਾਂ ਸਮਿਆਂ ਵਿਚ ਹੀ, ਬਾਬਾ ਜੀ ਦੇ ਮਨ ਵਿਚ ਡੇਰਾ ਸਥਾਪਿਤ ਕਰਨ ਦੀ ਕਿਰਨ ਨੇ ਜਨਮ ਲਿਆ। ਕਿਹਾ ਜਾਂਦਾ ਹੈ ਕਿ ਜਿੱਥੇ ਚਾਹ, ਉੱਥੇ ਰਾਹ ਬਣ ਹੀ ਜਾਂਦੀ ਹੈ। ਬਾਬਾ ਜੀ ਦੇ ਮੂੰਹ ਚੋਂ ਗੱਲ ਨਿਕਲਣ ਦੀ ਦੇਰ ਸੀ ਕਿ ਅਨੇਕਾਂ ਵੱਡੇ ਜ਼ਿੰਮੀਦਾਰਾਂ ਨੇ ਹਾਮੀ ਭਰ ਲਈ। ਕੁਝ ਹੀ ਸਮੇਂ ਵਿਚ, ਜ਼ਿੰਮੀਦਾਰਾਂ ਦੀ ਮਦੱਦ ਨਾਲ ਭਾਈ ਬੀਰ ਸਿੰਘ ਜੀ ਨੇ ਪਿੰਡ ਨੌਰੰਗਾਬਾਦ ਵਿਚ ਹੀ 'ਸੰਤਪੁਰਾ' ਨਾਮਕ ਇੱਕ ਡੇਰਾ ਸਥਾਪਿਤ ਕਰ ਲਿਆ। ਵੱਡੇ ਜ਼ਿੰਮੀਦਾਰਾਂ ਦੇ ਸਹਿਯੋਗ ਨਾਲ, ਡੇਰੇ ਵਿਚ ਆਏ ਗਏ ਲਈ, ਬਿਨਾ ਮੁਲ ਚੁਕਾਏ ਰਹਿਣ ਦੀ ਥਾਂ ਅਤੇ ਆਏ ਗਏ ਲਈ ਦਿਨ ਦੇ ਹਰ ਸਮੇਂ ਲੰਗਰ ਦੀ ਵਿਵਸਥਾ ਵੀ ਕਰ ਦਿੱਤੀ ਗਈ।

'ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ' ਵਿਚ ਵਿਸ਼ਵਾਸ ਕਾਰਨ ਭਾਈ ਬੀਰ ਸਿੰਘ ਨੌਰੰਗਾਬਾਦੀ ਜੀ ਦੇ ਡੇਰੇ ਵਿਚ ਲੰਗਰ ਜ਼ਾਤ-ਵਰਣ ਅਤੇ ਮਜ਼੍ਹਬਾਂ ਦੀਆਂ ਬੰਦਸ਼ਾਂ ਤੋਂ ਉੱਪਰ ਉੱਠ ਕੇ, ਸਮਾਨ ਭਾਵ ਨਾਲ ਵਰਤਾਇਆ ਜਾਂਦਾ ਸੀ, ਜਿਸ ਕਾਰਨ ਥੋੜ੍ਹੇ ਸਮੇਂ ਵਿਚ ਹੀ ਡੇਰਾ ਹਰ ਮਨ ਪਿਆਰਾ ਹੋ ਗਿਆ। ਕੁਦਰਤ ਦਾ ਚਮਤਕਾਰ ਦੇਖੋ, ਗੋਗੋਬੂਹਾ ਦੇ ਜੰਮ-ਪਲ ਭਾਈ ਬੀਰ ਸਿੰਘ ਆਸ ਪਾਸ ਦਿਆਂ ਪਿੰਡਾਂ ਵਿਚ ਹੁਣ ਭਾਈ ਬੀਰ ਸਿੰਘ 'ਨੌਰੰਗਾਬਾਦੀ' ਨਾਮ ਨਾਲ ਜਾਣੇ ਜਾਣ ਲੱਗੇ।

ਭਾਈ ਬੀਰ ਸਿੰਘ ਜੀ ਕਿਸੇ ਸਮੇਂ ਸਿੱਖ ਦਰਬਾਰ ਦਾ ਹਿੱਸਾ ਰਹਿ ਚੁਕੇ ਸਨ। ਸਿੱਖ ਸੰਗਠਨ ਦੀ ਨੌਕਰੀ ਸਮੇਂ, ਬਾਬਾ ਜੀ ਦੇ ਸੁਭਾਅ ਕਾਰਨ ਬਾਬਾ ਜੀ ਦਾ ਹੋਰ ਸੈਨਕਾਂ ਨਾਲ ਚੰਗਾ ਤੇ ਮਿਲਾਪੜਾ ਰਸੂਖ ਹੋ ਗਿਆ ਸੀ। ਭਾਈ ਬੀਰ ਸਿੰਘ ਦੀ ਦੇਖਾ-ਦੇਖੀ ਅਨੇਕਾਂ ਜ਼ਮੀਰ ਪਰੱਸਤ ਸਿੰਘਾਂ ਨੇ ਲਹੌਰ ਦਰਬਾਰ ਵਿਚ ਰੋਜ਼ ਦੀਆਂ ਸਾਜਿਸ਼ਾਂ ਤੋਂ ਤੰਗ ਆ ਕੇ, ਨੌਕਰੀਆਂ ਛੋੜਨੀਆਂ ਆਰੰਭ ਕਰ ਦਿੱਤੀਆਂ। ਭਾਈ ਬੀਰ ਸਿੰਘ ਜੀ ਦੀ ਰੱਖ ਦਾ ਪਤਾ ਚਲਦਿਆਂ, ਨੌਕਰੀਆਂ ਛੋੜਨ ਵਾਲੇ ਸੈਨਿਕਾਂ ਅਤੇ ਸਰਦਾਰਾਂ ਨੇ ਭਾਈ ਬੀਰ ਸਿੰਘ ਨੌਰੰਗਾਬਾਦੀ ਜੀ ਦੇ ਡੇਰੇ ਨੂੰ ਆਪਣਾ ਠਿਕਾਣਾ ਬਣਾਣਾ ਆਰੰਭ ਕਰ ਦਿੱਤਾ। ਇੱਕ ਦੂਜੇ ਦੀ ਦੇਖਾ-ਦੇਖੀ ਅਨੇਕਾਂ ਹਮ-ਖਿਆਲ ਇਸ ਡੇਰੇ ਨਾਲ ਜੁੜਨੇ ਸ਼ੁਰੂ ਹੋ ਗਏ। ਸਮਾਂ ਪਾ ਕੇ, ਭਾਈ ਬੀਰ ਸਿੰਘ ਜੀ ਦਾ ਡੇਰਾ, ਪੰਜਾਬ ਦੇ ਰਾਜਸੀ ਅਤੇ ਪੰਥ ਦਰਦੀ ਬਹਾਦੁਰ ਸਰਦਾਰਾਂ ਦੇ ਇੱਕ ਗੜ੍ਹ ਵਜੋਂ ਜਾਣਿਆ ਜਾਣ ਲੱਗਾ।

ਡੇਰੇ ਵਿਚ ਸਰਦਾਰ ਜਵਾਹਰ ਸਿੰਘ ਨਲਵਾ(ਸਰਦਾਰ ਹਰੀ ਸਿੰਘ ਨਲਵਾ ਦਾ ਪੁੱਤਰ)ਪ੍ਰਿੰਸ ਕਸ਼ਮੀਰਾ ਸਿੰਘ ਅਤੇ ਪ੍ਰਿੰਸ ਪਿਸ਼ੌਰਾ ਸਿੰਘ ਅਤੇ ਦੀਵਾਨ ਵਿਸਾਖਾ ਸਿੰਘ ਸਮੇਤ ਤਕਰੀਬਨ 1200 ਬੰਦੂਕਚੀ ਅਤੇ 300 ਘੋੜਸਵਾਰ ਆਂਦੇ-ਜਾਂਦੇ ਦਿਖਾਈ ਦੇਣ ਲੱਗੇ। ਸਰਦਾਰ ਅੱਤਰ ਸਿੰਘ ਸੰਧਾਵਾਲੀਆਂ ਆਪਣੇ ਸਮੇਂ ਦਾ ਬੜਾ ਰਸੂਖ ਵਾਲਾ ਅਤੇ ਸਿੱਖੀ ਅਣਖ ਦਾ ਝੰਡਾਬਰਦਾਰ ਸੀ। ਸਰਦਾਰ ਅੱਤਰ ਸਿੰਘ ਸੰਧਾਵਾਲੀਆ ਨੇ ਪਿਸ਼ਾਵਰ ਅਤੇ ਹਜ਼ਾਰਾ ਦੀਆਂ ਜੰਗਾਂ ਵਿਚ ਪ੍ਰਮੁੱਖ ਹਿੱਸਾ ਪਾਇਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, ਲਹੌਰ ਦਰਬਾਰ ਵਿਚ ਹੋਣ ਵਾਲੀਆਂ ਰੋਜ਼ ਦੀਆਂ ਸਾਜਿਸ਼ਾਂ ਅਤੇ ਕਤਲਾਂ ਤੋਂ ਦੁਖੀ ਹੋ ਕੇ ਨਾ ਚਾਹੁੰਦਿਆਂ ਹੋਇਆ ਵੀ, ਲਹੌਰ ਦਰਬਾਰ ਚੋਂ ਨੱਸ ਕੇ ਅੰਗ੍ਰੇਜ਼ੀ ਇਲਾਕੇ ਵਿਚ ਚਲਾ ਗਿਆ ਸੀ। ਮਈ, ਸੰਨ 1844ਈ ਵਿਚ ਉਹ ਅੰਗ੍ਰੇਜ਼ੀ ਇਲਾਕੇ ਚੋਂ ਬਾਬਾ ਬੀਰ ਸਿੰਘ ਨੌਰੰਗਾਬਾਦੀ ਜੀ ਦੀ ਸ਼ਰਣ ਵਿਚ ਆ ਗਿਆ।

ਭਾਈ ਨਿਹਾਲ ਸਿੰਘ ਉਰਫ਼ ਭਾਈ ਮਹਾਰਾਜ ਸਿੰਘ ਜੀ ਦਾ ਭਾਈ ਬੀਰ ਸਿੰਘ ਦੇ ਡੇਰੇ ਨਾਲ ਜੁੜਨਾ :

ਜਿਸ ਬੰਦੇ ਨੂੰ ਪਰਮਾਤਮਾ/ਅਕਾਲਪੁਰੱਖ ਨੇ ਆਤਮਿਕ ਰੰਗ ਵਿਚ ਰੰਗਣਾ ਹੋਏ, ਉਨ੍ਹਾਂ ਲਈ ਸੰਜੋਗ ਜਾਂ ਢੋ- ਮੇਲੇ ਵੀ,

ਪਰਮਾਤਮਾ ਆਪ ਹੀ ਬਣਾ ਦਿੰਦਾ ਹੈ। ਭਾਈ ਨਿਹਾਲ ਸਿੰਘ (ਉਰਫ ਮਹਾਰਾਜ ਸਿੰਘ) ਜਿਵੇਂ ਜਿਵੇਂ ਵੱਡਾ ਹੁੰਦਾ ਗਿਆ, ਘਰ ਦੇ ਬਜ਼ੁਰਗਾਂ ਤੋਂ ਮਿਲਣ ਵਾਲੀ ਸਿਖਿਆ ਦੇ ਸਦਕੇ, ਗੁਰੂ ਦੇ ਸਿੱਖਾਂ ਦੀ ਸੇਵਾ ਨੂੰ 'ਗੁਰੂ ਦਰਸ਼ਨਾਂ ਦਾ ਦਵਾਰ' ਸੋਚ ਦਾ ਧਾਰਨੀ ਬਣਦਾ ਗਿਆ ਤੇ ਠੀਕਰੀਵਾਲੇ ਸੰਤਾਂ ਦੇ ਡੇਰੇ ਨਾਲ ਜਾ ਜੁੜਿਆ। ਜਿੱਥੇ ਨਿਹਾਲ ਸਿੰਘ ਦਾ ਭਾਈ ਸਮੁੰਦ ਸਿੰਘ ਜੀ ਨਾਲ ਮਿਲਾਪ ਹੋਇਆ। ਭਾਈ ਸਮੁੰਦ ਸਿੰਘ ਜੀ ਦੀ ਸੰਗਤ ਵਿਚ, ਗੁਰੂ ਦਿਆਂ ਸਿੱਖਾਂ ਦੀ ਸੇਵਾ ਕਰਨ ਦੇ ਵਿਚਾਰ ਨਾਲ, ਆਪਣੇ ਆਸ਼ੇ ਦੀ ਪੂਰਤੀ ਲਈ, ਭਾਈ ਨਿਹਾਲ ਸਿੰਘ ਭਾਈ ਬੀਰ ਸਿੰਘ ਨੌਰੰਗਾਬਾਦੀ ਜੀ ਦੇ ਡੇਰੇ ਨਾਲ, ਰਾਜਸੀ ਵਿਰੋਧੀਆਂ ਦੀ ਸੇਵਾ ਦੇ ਕੰਮ ਵਿਚ ਆ ਜੁੜਿਆ। ਕੁਝ ਹੀ ਦਿਨਾਂ ਵਿਚ, ਭਾਈ ਨਿਹਾਲ ਸਿੰਘ ਉਰਫ ਭਾਈ ਮਹਾਰਾਜ ਸਿੰਘ , ਭਾਈ ਬੀਰ ਸਿੰਘ ਨੌਰੰਗਾਬਾਦੀ ਜੀ ਦੇ ਸੱਚੇ-ਸੁੱਚੇ ਖ਼ਿਆਲਾਂ ਵਾਲੀ ਆਦਰਸ਼ਕ ਸ਼ਖ਼ਸੀਅਤ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਆਪਣੇ ਉਦੇਸ਼ ਅਤੇ ਆਦਰਸ਼ ਵਿਚ ਅਟਲ ਨਿਹਾਲ ਸਿੰਘ ਤਨੋ-ਮਨੋ ਡੇਰੇ ਦੇ ਹੋ ਕੇ ਰਹਿ ਗਏ।

ਭਾਈ ਬੀਰ ਸਿੰਘ ਜੀ ਦੇ ਡੇਰੇ ਤੇ, ਭਾਈ ਨਿਹਾਲ ਸਿੰਘ, ਡੇਰੇ ਦੇ ਪਨਾਹਗੀਰਾਂ ਦੀ ਲੰਗਰ-ਪਾਣੀ ਨਾਲ ਸੇਵਾ ਕਰਦਾ। ਵਾਧੂ ਸਮੇਂ ਵਿਚ, ਭਾਈ ਮਹਾਰਾਜ ਸਿੰਘ, ਬਹਾਦੁਰ ਸਿੰਘਾਂ ਪਾਸੋਂ ਸਿੱਖ ਸ਼ਹੀਦਾਂ ਦੀਆਂ ਸਾਖੀਆਂ ਸੁਣਨ ਅਤੇ ਗਤਕਾ ਅਤੇ ਤਲਵਾਰ ਚਲਾਉਣ ਦੇ ਕਰਤਬ ਸਿੱਖਣ ਲਈ ਸਮਾਂ ਕੱਢ ਲੈਂਦਾ। ਲਗਨ ਅਕਾਲਪੁਰੱਖ ਦੀ ਇਨਸਾਨ ਨੂੰ ਦਿੱਤੀ ਅਮੁੱਲੀ ਦਾਤ ਹੈ। ਲਗਨ ਅਤੇ ਨਿਸ਼ਚੇ ਦਾ ਪੱਕਾ ਭਾਈ ਨਿਹਾਲ ਸਿੰਘ ਘੁੜਸਵਾਰੀ ਕਰਨ ਵਲ ਵੀ ਪ੍ਰੇਰਿਤ ਹੋ ਗਿਆ। ਘੁੜਸਵਾਰੀ ਕਰਨ ਵਿਚ ਵੀ ਉਹ ਖ਼ੁਸ਼ੀ ਮਹਿਸੂਸ ਕਰਨ ਲੱਗ ਪਿਆ ਸੀ। ਆਪਣੀ ਲਗਨ ਤੇ ਸਿਦਕ ਦੇ ਕਾਰਨ, ਕੁਝ ਹੀ ਸਮੇਂ ਵਿਚ ਭਾਈ ਨਿਹਾਲ ਸਿੰਘ ਨੇ ਤਲਵਾਰ ਚਲਾਉਣ ਅਤੇ ਘੁੜਸਵਾਰੀ ਵਿਚ ਮੁਹਾਰਤ ਹਾਸਲ ਕਰ ਲਈ।

ਭਾਈ ਨਿਹਾਲ ਸਿੰਘ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ :

ਸਿੰਘਾਂ ਕੋਲੋਂ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ, ਗੁਰੂ ਤੇਗ ਬਹਾਦੁਰ ਜੀ ਅਤੇ ਤਿੰਨ ਅਨਿੰਨ ਸਿੰਘਾਂ ਦੀ ਸ਼ਹਾਦਤ ਤੋਂ ਬਾਅਦ, ਗੁਰੂ ਗੋਬਿੰਦ ਸਿੰਘ ਜੀ ਦਿਆਂ ਸਾਹਿਬਜ਼ਾਦਿਆਂ, ਬਾਬਾ ਬੰਦਾ ਸਿੰਘ ਬਹਾਦੁਰ ਜੀ ਅਤੇ ਹੋਰ ਸੂਰਮੇ ਸਿੰਘਾਂ ਦੀਆਂ ਸ਼ਹਾਦਤਾਂ ਦਿਆਂ ਵਰਤਾਂਤਾਂ ਤੋਂ ਪ੍ਰਭਾਵਿਤ ਹੋ ਕੇ, ਭਾਈ ਨਿਹਾਲ ਸਿੰਘ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦਾ ਮਨ ਬਣਾ ਲਿਆ। ਭਾਈ ਬੀਰ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ, ਭਾਈ ਨਿਹਾਲ ਸਿੰਘ ਨੂੰ, ਭਗਵਾਨ ਸਿੰਘ ਨਾਮ ਦੀ ਨਵੀਂ ਪਛਾਣ ਦਿੱਤੀ ਗਈ। ਅਕਾਲਪੁਰੱਖ ਦੇ ਦਰਸ਼ਨਾਂ ਦੇ ਅਭਿਲਾਸ਼ੀ ਭਾਈ ਨਿਹਾਲ ਸਿੰਘ ਉਰਫ਼ ਭਗਵਾਨ ਸਿੰਘ ਨੂੰ, ਅੰਮ੍ਰਿਤ ਦੀ ਦਾਤ ਦੇਣ ਵੇਲੇ, ਭਾਈ ਬੀਰ ਸਿੰਘ ਨੇ ਗੁਰਸਿੱਖੀ ਗੁੜਤੀ ਦਾ ਉਪਦੇਸ਼ ਦਿੰਦਿਆ ਕਿਹਾ ਸੀ ਕਿ

ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥

(ਅੰਗ ੧੦੯੬)

ਜ਼ਿੰਦਗੀ ਵਕਤ ਅਤੇ ਹਾਲਾਤਾਂ ਨਾਲ ਘੋਲਾਂ ਦਾ ਦੂਜਾ ਨਾਮ ਹੈ। ਜੀਵਨ-ਘੋਲ ਨੂੰ ਸੁਆਦੀ ਅਥਵਾ ਰਸੀਲਾ ਬਣਾਉਣਾ ਹੀ ਜੀਵਨ ਭਗਤੀ ਕਹਾਉਂਦਾ ਹੈ। ਸਦਾ ਅਗਾਂਹ ਵੇਖਣ ਦੀ ਕੋਸ਼ਿਸ਼ ਕਰਦੇ ਰਹਿਣਾ, ਪਿੱਛੇ ਵਲ ਮੋਢਾ ਨਹੀਂ ਮੋੜਨਾ। ਇਨਸਾਨੀ ਮਨ ਹਵਾ ਤੋਂ ਵੀ ਤੇਜ਼ ਦੌੜਦਾ ਹੈ, ਮਨ ਨੂੰ ਵਸ਼ ਵਿਚ ਕਰਨ ਲਈ, ਸਦਾ ਚੇਤੰਨ ਰਹਿਣਾ ਜ਼ਰੂਰੀ ਹੈ। ਚੇਤੰਨ ਬੰਦੇ ਦੇ ਦਿਲ ਅਤੇ ਦਿਮਾਗ ਵਿਚ ਭੈੜੇ ਵਿਚਾਰ ਨਹੀਂ ਆਉਂਦੇ। ਦਸਮੇਸ਼ ਪਿਤਾ ਦੇ ਸਿੰਘ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਆਦਰਸ਼ਹੀਣ ਬੁਜ਼ਦਿਲ, ਕਾਇਰ ਅਤੇ ਅਣਖ ਹੀਣੀ ਜ਼ਿੰਦਗੀ ਜੀਣ ਵਾਲੇ ਸਿੱਖ ਨਾਲੋਂ ਕਿਸੇ ਆਦਰਸ਼ ਖ਼ਾਤਰ, ਬਹਾਦੁਰੀ ਦੀ ਮੌਤ ਮਰਨ ਵਾਲਾ ਹਜ਼ਾਰਾਂ ਗੁਣਾ ਬਿਹਤਰ ਜੀਵਨ ਜਾਂਚ ਦਾ ਸੁਆਮੀ ਹੁੰਦਾ ਹੈ। ਜ਼ਿੰਦਗੀ ਉਹੀ ਸਾਰਥਕ ਹੈ, ਜੋ ਦੂਜਿਆਂ ਦੇ ਕੰਮ ਆਏ। ਫਲ ਦੀ ਆਸ ਕੀਤੇ ਬਿਨਾ ਮਦੱਦ ਕਰਨਾ ਹੀ ਸੱਚੀ ਹਮਦਰਦੀ ਕਹਾਉਂਦੀ ਹੈ। ਜਿਹੜਾ ਇਨਸਾਨ ਆਪਣੀ ਸੋਚ ਪਵਿੱਤਰ ਰਖਦਾ ਹੈ, ਉਹ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਸੱਚ ਅਤੇ ਪਵਿੱਤਰਤਾ ਦੀ ਰਾਹ ਤੇ ਚਲਣ ਵਾਲਾ ਬੰਦਾ ਸਹਿਜੇ ਹੀ ਅਕਾਲਪੁਰੱਖ ਨੂੰ ਆਪਣੇ ਅੰਦਰੋਂ ਦਰਸ਼ਨ/ਦੀਦਾਰੇ ਕਰ ਲੈਂਦਾ ਹੈ।

ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਸਮੇਂ ਬਾਬਾ ਬੀਰ ਸਿੰਘ ਨੋਰੰਗਾਬਾਦੀ ਜੀ ਤੋਂ ਮਿਲੀ ਗੁੜਤੀ ਕਾਰਨ ਭਾਈ ਨਿਹਾਲ ਸਿੰਘ ਉਰਫ਼ ਭਾਈ ਭਗਵਾਨ ਸਿੰਘ ਨਿਤਨੇਮੀ ਬਣ ਗਿਆ। ਆਪਣਾ ਹਰ ਸੁਆਸ ਸਤਿਗੁਰਾਂ ਨੂੰ ਅਰਪਣ ਕਰਨ ਦਾ ਫੈਸਲਾ ਕਰ ਲਿਆ। ਭਾਈ ਨਿਹਾਲ ਸਿੰਘ ਉਰਫ ਭਾਈ ਭਗਵਾਨ ਸਿੰਘ, ਭਾਈ ਬੀਰ ਸਿੰਘ ਜੀ ਦੀ ਰੱਖ ਵਿਚ ਆਉਣ/ਜਾਣ ਵਾਲੇ ਸਿੰਘਾਂ ਦੀ ਸੇਵਾ ਕਰਨ ਸਮੇਂ, ਆਪਣੇ ਸਾਹਮਣੇ ਵਾਲੇ ਨੂੰ ਆਦਤਨ 'ਮਹਾਰਾਜ'ਸ਼ਬਦ ਨਾਲ ਸੰਬੋਧਨ ਕਰਨ ਲੱਗੇ। ਭਾਈ ਮਹਾਰਾਜ ਸਿੰਘ ਦੁਆਰਾ ਸਾਹਮਣੇ ਵਾਲੇ ਨੂੰ 'ਮਹਾਰਾਜ' ਕਹਿ

ਕੇ ਸੰਬੋਧਨ ਕਰਨ ਦਾ ਲਹਿਜਾ, ਮਾਨਵੀ ਰਿਸ਼ਤਿਆਂ ਵਿਚ, ਪਿਆਰ ਤੇ ਨੈਤਿਕਤਾ ਨੂੰ ਅਹਿਮੀਅਤ ਦੇਣ ਦਾ ਯਤਨ ਸੀ। ਸਿੱਖੀ ਸਿਦਕ ਦੇ ਸਦਕੇ ਭਾਈ ਭਗਵਾਨ ਸਿੰਘ ਨੇ ਕੁਝ ਹੀ ਸਮੇਂ ਵਿਚ ਆਤਮਿਕ ਉੱਚਤਾ ਪ੍ਰਾਪਤ ਕਰ ਲਈ।

ਭਾਈ ਨਿਹਾਲ ਸਿੰਘ ਉਰਫ ਭਾਈ ਭਗਵਾਨ ਦਾ ਚਲਨ :

ਕਿਹਾ ਜਾਂਦਾ ਹੈ ਕਿ ਚੰਦਨ ਦਾ ਬੂਟਾ ਜਿਸ ਜਗ੍ਹਾ 'ਤੇ ਵੀ ਲਗਾ ਦੇਓ, ਆਪਣੀ ਖ਼ੁਸ਼ਬੂ ਨਾਲ ਚੌਗਿਰਦੇ ਨੂੰ ਵੀ ਮਹਿਕਾ ਦਿੰਦਾ ਹੈ। ਭਾਈ ਭਗਵਾਨ ਸਿੰਘ ਦੀ ਮਿੱਠੀ ਆਵਾਜ਼, ਮਨ ਵਿਚ ਦ੍ਰਿੜਤਾ, ਚੇਹਰੇ ਤੇ ਮੁਸਕਰਾਹਟ ਵਾਲੇ ਨਿਸ਼ਕਾਮ ਸੇਵਾ ਭਾਵਾਂ ਦੇ ਆਦਰਸ਼ਕ ਗੁਣਾਂ ਨੇ ਵੀ ਚੰਦਨ ਦੀ ਖ਼ੁਸ਼ਬੂ ਵਾਂਗ, ਨਾ ਸਿਰਫ ਡੇਰੇ ਵਿਚ ਹਰ ਆਉਣ ਵਾਲੇ ਦੇ ਦਿਲ ਵਿਚ ਸ਼ਰਧਾ ਦੀਆਂ ਮਹਿਕਾਂ ਖ਼ਿਲ੍ਹਾਰ ਦਿੱਤੀਆਂ, ਸਗੋਂ ਖਾਸ ਦਿਨ-ਦਿਹੂੰਹਾਰ ਅਤੇ ਗੁਰਪੁਰਬਾਂ ਦੇ ਅਵਸਰਾਂ ਤੇ ਮਹਿਮਾਨਾਂ ਲਈ ਕੇਸਰ ਵਾਲੀਆਂ ਮਿੱਠੀਆਂ ਸੇਵੀਆਂ ਨਾਲ ਟਹਲ ਕਰਨ ਵਰਗੀ ਸਾਧਾਰਨ ਆਦਮੀ ਦੀ ਅਸਾਧਾਰਨ ਜੀਵਨ ਸ਼ੈਲੀ ਨੇ ਡੇਰੇ ਨਾਲ ਜੁੜਨ ਵਾਲੀਆਂ ਸਿੱਖ ਸੰਗਤਾਂ ਵਿਚ ਭਾਈ ਮਹਾਰਾਜ ਸਿੰਘ ਜੀ ਨੂੰ ਇੱਕ ਵਿਸ਼ੇਸ਼ ਸਤਿਕਾਰਤ ਸ਼ਖ਼ਸੀਅਤ ਬਣਾ ਦਿੱਤਾ। ਇਸ ਤਰ੍ਹਾਂ, ਹੌਲੀ ਹੌਲੀ, ਰੱਖ ਵਿਚ ਆਉਣ ਵਾਲੇ ਵੀ ਭਾਈ ਭਗਵਾਨ ਸਿੰਘ ਨੂੰ ਆਪਣੀਆਂ ਲੋੜਾਂ ਲਈ "ਮਹਾਰਾਜ ਜੀ ਲੰਗਰ ਤਿਆਰ ਹੈ", "ਮਹਾਰਾਜ ਜੀ ਇਹ ਵਸਤ ਲਿਆ ਦਿਉ ਜੀ", "ਮਹਾਰਾਜ ਜੀ ਇਹ ਕੰਮ ਕਰ ਦਿਉ ਜੀ" ਸ਼ਬਦਾਂ ਰਾਹੀਂ ਇੱਜ਼ਤ ਦੇਣ ਲੱਗ ਪਏ ਸਨ। ਹੁਣ, ਭਾਈ ਮਹਾਰਾਜ ਸਿੰਘ ਵੀ ਆਪਣੇ ਪਹਿਲੇ ਨਾਵਾਂ 'ਨਿਹਾਲ ਸਿੰਘ' ਅਤੇ 'ਭਗਵਾਨ ਸਿੰਘ' ਨੂੰ ਭੁਲਾ ਕੇ 'ਮਹਾਰਾਜ ਸਿੰਘ' ਕਹਾਉਣ ਵਿਚ ਖ਼ੁਸ਼ੀ ਮਹਿਸੂਸ ਕਰਨ ਲੱਗ ਪਏ ਸਨ।

ਕਿਹਾ ਜਾਂਦਾ ਹੈ ਕਿ ਰੱਖ ਵਿੱਚ ਨਿਤ ਨਵੇਂ ਦੀ ਆਵਾਜ਼ਾਈ ਕਾਰਨ, ਭਾਈ ਮਹਾਰਾਜ ਸਿੰਘ ਦੁਆਰਾ ਰੱਖ ਵਿਚ ਤਿਆਰ ਕੀਤੇ ਜਾਂਦੇ ਲੰਗਰ ਵਿਚ ਕਦੇ ਥੋੜ੍ਹ ਮਹਿਸੂਸ ਨਹੀਂ ਹੋਈ ਸੀ, ਜਿਸ ਕਾਰਨ ਭਾਈ ਸਾਹਿਬ ਨੂੰ ਜਾਣਨ ਵਾਲੇ ਭਾਈ ਮਹਾਰਾਜ ਸਿੰਘ ਨੂੰ 'ਕਰਨੀਵਾਲਾ' ਵੀ ਕਹਿ ਕੇ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਸਨ।

ਵਫਾਦਾਰਾਂ ਦੀਆਂ ਲਹੌਰ ਦਰਬਾਰ ਤੋਂ ਦੂਰੀਆਂ :

ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ, ਮਹਾਰਾਜਾ ਨੌਨਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਅਤੇ ਉਸ ਦੇ ਪੁੱਤਰ ਦੀਆਂ ਮੌਤਾਂ ਤੋਂ ਬਾਅਦ, ਲਹੌਰ ਦਰਬਾਰ ਅੰਗ੍ਰੇਜ਼ਾਂ ਅਤੇ ਸਿੱਖ ਰਾਜ ਵਿਚ ਪਲੇ-ਵਧੇ ਡੋਗਰਿਆਂ ਦੀ ਕੁਟਲਨੀਤੀ ਦਾ ਸ਼ਿਕਾਰ ਹੋਣਾ ਆਰੰਭ ਹੋ ਗਿਆ। ਮਨੁੱਖ ਜਿੰਨੀ ਮਰਜ਼ੀ ਤਰੱਕੀ ਕਰ ਲਵੇ, ਪਰ ਉਹ ਕਦੋਂ ਜਾਣ ਸਕਿਆ ਹੈ ਕਿ, ਜ਼ਿੰਦਗੀ ਵਿਚ ਕਿਸ ਘੜੀ, ਕਿਸ ਨਾਲ ਵਾਹ ਪੈਣਾ ਹੈ, ਕਿਸ ਨੇ ਮਿੱਤਰ ਬਣ ਕੇ ਤੁਹਾਡੇ ਲਈ ਖ਼ੂਨ ਡੋਲ੍ਹਣਾ ਹੈ ਤੇ ਕਿਸ ਨੇ ਦੁਸ਼ਮਨ ਬਣ ਕੇ ਜਾਨ ਲੈਣੀ ਹੈ।

ਸੰਨ 1844 ਈਸਵੀ ਵਿਚ, ਸਰਦਾਰ ਅੱਤਰ ਸਿੰਘ ਸੰਧਾਵਾਲੀਆ ਵੀ ਲਹੌਰ ਦਰਬਾਰ ਦੀਆਂ ਸਾਜਿਸ਼ਾਂ ਤੋਂ ਤੰਗ ਆ ਕੇ, ਦਰਬਾਰ ਦੀ ਨੌਕਰੀ ਛੱਡ ਗਿਆ ਸੀ। ਹੀਰਾ ਸਿੰਘ ਸਰਦਾਰ ਅੱਤਰ ਸਿੰਘ ਦੀ ਸਿਆਣਪ ਅਤੇ ਬਹਾਦੁਰੀ ਤੋਂ ਭਲੀ ਪ੍ਰਕਾਰ ਜਾਣੂ ਸੀ। ਹੀਰਾ ਸਿੰਘ ਡੋਗਰਾ ਨੇ ਸਰਦਾਰ ਅੱਤਰ ਸਿੰਘ ਦੇ ਪਿੱਛੇ ਆਪਣੇ ਸੂਹੀਏ ਲਗਾ ਦਿੱਤੇ, ਜੋ ਹੀਰਾ ਸਿੰਘ ਡੋਗਰਾ ਨੂੰ ਸਰਦਾਰ ਅੱਤਰ ਸਿੰਘ ਦੀਆਂ ਗਤੀ-ਵਿਧੀਆਂ ਬਾਰੇ ਸੂਚਨਾ ਦੇਣ ਲੱਗੇ। ਬਾਬਾ ਬੀਰ ਸਿੰਘ ਨੌਰੰਗਾਬਾਦੀ ਦੀ ਰੱਖ ਵਿਚ ਸ਼ਰਣ ਲੈਣ ਦੀ ਖਬਰ ਲਹੌਰ ਦਰਬਾਰ ਦੇ ਪ੍ਰਧਾਨ ਮੰਤ੍ਰੀ ਹੀਰਾ ਸਿੰਘ ਡੋਗਰਾ ਨੂੰ ਮਿਲ ਗਈ।

ਮਾੜੇ ਸੁਭਾ ਅਤੇ ਮਨਮੱਤੀਆਂ ਕਰਨ ਦਾ ਆਦੀ ਹੀਰਾ ਸਿੰਘ ਹੁਣ, ਭਾਈ ਬੀਰ ਸਿੰਘ ਨੌਰੰਗਾਬਾਦੀ ਅਤੇ ਉਨ੍ਹਾਂ ਦੀ ਰੱਖ ਨੂੰ ਆਪਣਾ ਅਤੇ ਆਪਣੇ ਨਵੇਂ ਆਕਾਵਾਂ ਦੀ ਰਾਹ ਦਾ ਰੋੜਾ ਸਮਝਣ ਲੱਗ ਪਿਆ। ਕਾਹਲੇ ਸੁਭਾ ਕਾਰਨ, ਹੀਰਾ ਸਿੰਘ ਨੇ ਬਾਬਾ ਬੀਰ ਸਿੰਘ ਜੀ ਪਾਸੋਂ ਅੱਤਰ ਸਿੰਘ ਸੰਧਾਵਾਲੀਆ ਦੀ ਮੰਗ ਕਰ ਲਈ। ਬਾਬਾ ਜੀ ਨੇ 'ਸ਼ਰਣ ਆਏ ਨੂੰ ਕਿਸੇ ਦੇ ਹਵਾਲੇ ਨਹੀਂ ਕਰ ਸਕਦੇ' ਕਹਿੰਦਿਆਂ, ਅੱਤਰ ਸਿੰਘ ਸੰਧਾਵਾਲੀਆ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਆਪਣੇ ਆਕਾਵਾਂ ਦੀ ਨਿਗਾਹ ਵਿਚ ਪ੍ਰਵਾਨ ਚੜ੍ਹਨ ਅਤੇ ਆਪਣੇ ਰਾਹ 'ਚੋਂ ਰੋੜਾ ਹਟਾਉਣ ਲਈ, ਹੀਰਾ ਸਿੰਘ ਡੋਗਰਾ ਨੇ ਭਾਈ ਬੀਰ ਸਿੰਘ ਨੌਰੰਗਾਬਾਦੀ ਜੀ ਦੀ ਰੱਖ ਨੂੰ ਖਤਮ ਕਰਨ ਦਾ ਚੰਗਾ ਮੌਕਾ ਜਾਣਿਆ।

ਲਹੌਰ ਦਰਬਾਰ ਦੇ ਹਮਲੇ 'ਚ ਬਾਬਾ ਬੀਰ ਸਿੰਘ ਦੀ ਸ਼ਹਾਦਤ :

ਹੀਰਾ ਸਿੰਘ ਨੇ 07 ਮਈ ਸੰਨ 1844 ਈਸਵੀ ਨੂੰ (27 ਵੈਸਾਖ ਸੰਮਤ 1901 ਬਿਕ੍ਰਮੀ) ਨੂੰ 20 ਹਜ਼ਾਰ ਸੈਨਿਕਾਂ ਅਤੇ 50 ਤੋਪਾਂ ਨਾਲ ਭਾਈ ਬੀਰ ਸਿੰਘ ਦੇ ਡੇਰੇ 'ਤੇ ਚੜ੍ਹਾਈ ਕਰਾ ਦਿੱਤੀ। ਭਾਈ ਬੀਰ ਸਿੰਘ ਜੀ ਹਮਲੇ ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਪਾਠ ਕਰਨ ਵਿਚ ਲੀਨ ਸਨ। ਸੇਵਕਾਂ ਤੋਂ ਹਮਲੇ ਦੀ ਖ਼ਬਰ ਪ੍ਰਾਪਤ ਹੋਣ ਤੇ, ਭਾਈ ਸਾਹਿਬ

ਨੇ ਜਾਨ ਬਚਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਚੋਂ ਉਠਣਾ ਮੁਨਾਸਿਬ ਨਹੀਂ ਸਮਝਿਆ। ਗੁਰੂ ਦੀ ਹਜ਼ੂਰੀ ਵਿਚ ਮਿਲੀ ਮੌਤ ਤੋਂ ਬਿਹਤਰ ਭਲਾ ਹੋਰ ਕਿਹੜੀ ਮੌਤ ਹੋ ਸਕਦੀ ਹੈ, ਭਾਈ ਸਾਹਿਬ ਨੇ ਸੋਚਿਆ? ਅਸੀਂ ਆਪਣੇ ਭਾਈਆਂ (ਸਿੱਖ ਭਰਾਵਾਂ) ਤੇ ਵਾਰ ਨਹੀਂ ਕਰ ਸਕਦੇ, ਕਹਿ ਕੇ ਭਾਈ ਸਾਹਿਬ ਨੇ ਆਪਣੇ ਸੇਵਕਾਂ ਨੂੰ ਟਾਲ ਦਿੱਤਾ। ਰੱਖ ਵਿਚ ਹਾਜ਼ਿਰ ਸਰਦਾਰ ਅੱਤਰ ਸਿੰਘ ਸੰਧਾਵਾਲੀਆ, ਕੰਵਰ ਕਸ਼ਮੀਰਾ ਸਿੰਘ, ਦਿਵਾਨ ਵਿਸਾਖਾ ਸਿੰਘ ਅਤੇ ਜਵਾਹਰ ਸਿੰਘ ਨਲਵਾ ਸਮੇਤ ਕੁਝ ਸਿੰਘਾਂ ਨੇ ਬੜੀ ਹਿੰਮਤ ਨਾਲ ਫੌਜ ਦਾ ਟਾਕਰਾ ਕੀਤਾ। 20 ਹਜ਼ਾਰ ਸੈਨਕਾਂ ਅਤੇ ਤੋਪਾਂ ਦੇ ਸਾਹਮਣੇ ਕੁਝ ਸੌ ਸਿੰਘਾਂ ਦੀ ਭਲਾ ਕੀ ਵਾਹ ਚਲਣੀ ਸੀ? ਤੋਪਾਂ ਤੇ ਗੋਲਿਆਂ ਦੀ ਮਾਰ ਨਾਲ ਭਾਈ ਬੀਰ ਸਿੰਘ ਦਾ ਡੇਰਾ ਤਬਾਹ ਹੋ ਗਿਆ। ਮਰਨ ਵਾਲਿਆਂ ਵਿਚ ਸਰਦਾਰ ਅੱਤਰ ਸਿੰਘ, ਕੰਵਰ ਕਸ਼ਮੀਰਾ ਸਿੰਘ, ਭਾਈ ਜਵਾਹਰ ਸਿੰਘ ਨਲਵਾ ਸਮੇਤ ਪਾਠ ਕਰਦੇ ਭਾਈ ਬੀਰ ਸਿੰਘ ਜੀ ਵੀ ਸ਼ਹੀਦ ਹੋ ਗਏ। ਕੰਵਰ ਕਸ਼ਮੀਰਾ ਸਿੰਘ ਦੀਆਂ ਰਾਣੀਆਂ ਅਤੇ ਮਾਤਾ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਭੇਜ ਦਿੱਤਾ ਗਿਆ। ਭਾਈ ਬੀਰ ਸਿੰਘ ਜੀ ਦਾ ਸਿੱਖ ਹਲਕਿਆਂ ਵਿਚ ਬੜਾ ਸਤਿਕਾਰ ਸੀ।

ਭਾਈ ਬੀਰ ਸਿੰਘ ਨੌਰੰਗਾਬਾਦੀ ਦੀ ਮੌਤ ਕਾਰਨ ਸਿੱਖ ਸੈਨਕਾਂ ਵਿਚ ਭਾਰੀ ਰੋਸ ਉਪਜਣਾ ਸੁਭਾਵਿਕ ਸੀ। ਸਿੱਖ ਸੈਨਕਾਂ ਦਾ ਵਿਸ਼ਵਾਸ ਸੀ ਕਿ ਇਹ ਹੱਲਾ ਡੋਗਰਾ ਭਰਾਵਾਂ ਦੇ ਪੁਰੋਹਿਤ ਪੰਡਿਤ ਜਲ੍ਹਾ ਦੀ ਉਕਸਾਹਟ ਕਾਰਨ ਹੋਇਆ ਹੈ। ਸਿੱਖ ਸੈਨਕਾਂ ਨੇ ਲਹੌਰ ਸਰਕਾਰ ਤੇ ਦਬਾਅ ਪਾ ਕੇ ਕੰਵਰ ਕਸ਼ਮੀਰਾ ਸਿੰਘ ਦੀਆਂ ਰਾਣੀਆਂ ਅਤੇ ਮਾਤਾ ਨੂੰ ਰਿਹਾ ਕਰਵਾ ਲਿਆ। ਬਾਬਾ ਬੀਰ ਸਿੰਘ ਜੀ ਦੇ ਕਹੇ ਮੁਤਾਬਿਕ ਭਾਈ ਬੀਰ ਸਿੰਘ ਜੀ ਦੇ ਸਰੀਰ ਨੂੰ ਇਕ ਪਲੰਘ ਤੇ ਰੱਖ ਕੇ, ਜਲ ਪ੍ਰਵਾਹ ਕਰ ਦਿੱਤਾ ਗਿਆ। ਮੁੱਠਿਆ ਵਾਲੇ ਪਿੰਡ ਬਾਬਾ ਜੀ ਦਾ ਪਲੰਘ ਦਰਿਆ ਦੇ ਕਿਨਾਰੇ ਲੱਗ ਕੇ ਰੁੱਕ ਗਿਆ। ਭਾਈ ਗੰਡਾ ਸਿੰਘ ਰਾਮਗੜ੍ਹੀਏ ਨੇ ਪਲੰਘ ਬਾਹਰ ਕੱਢ ਕੇ ਦੇਹ ਦਾ ਸਸਕਾਰ ਕਰ ਦਿੱਤਾ। ਉਸ ਥਾਂ ਤੋਂ ਕੁਝ ਭਸਮ ਲਿਜਾ ਕੇ, ਨੌਰੰਗਾਬਾਦ ਸਮਾਧ ਬਣਾਈ। (ਮਹਾਨ ਕੋਸ਼ ਪੰਨਾ 658)

– ਰਜਿੰਦਰ ਸਿੰਘ ਜੌਲੀ
theresolutesikh.com
43240 ਲਾਈਟ ਹਾਊਸ ਪਲੇਸ, ਸਾਊਥ ਰਾਇਡਿੰਗ,
ਵਰਜੀਨੀਆ-20152, ਫ਼ੋਨ : 703-327-1528

ਗੰਜਿ ਸ਼ਹੀਦਾਂ

ਅਰਥਾਤ

ਸਾਕਾ ਚਮਕੌਰ ਸਾਹਿਬ

– 1 –

ਜਿਸ ਦਮ ਹੂਏ ਚਮਕੌਰ ਮੇਂ ਸਿੰਘੋਂ ਕੇ ਉਤਾਰੇ।
ਝੁਲਾਏ ਹੂਏ ਸ਼ੇਰ ਥੇ ਸਭ ਗ਼ੈਜ਼[1] ਕੇ ਮਾਰੇ।
ਆਖੋਂ ਸੇ ਨਿਕਲਤੇ ਥੇ ਦਿਲੇਰੋਂ ਕੇ ਸ਼ਰਾਰੇ[2]।
ਸਤਿਗੁਰ ਕੇ ਸਿਵਾ ਔਰ ਗ਼ਜ਼ਬਨਾਕ[3] ਥੇ ਸਾਰੇ।
ਗੁੱਸੇ ਸੇ ਨਜ਼ਰ ਜਾਤੀ ਥੀ ਅਫਵਾਜ਼ਿ[4] ਅੱਦੂ ਪਰ।
ਤੇਗ਼ੇ ਸੇ ਨਿਗਾਹ ਪੜਤੀ ਥੀ ਦੁਸ਼ਮਨ ਕੇ ਗਲੂ[5] ਪਰ।

– 2 –

ਜਬ ਦੂਰ ਸੇ ਦਰਯਾ ਕੇ ਕਿਨਾਰੇ ਨਜ਼ਰ ਆਏ।
ਡੂਬੇ ਹੁਏ ਸਰਸਾ ਮੇਂ ਪਿਆਰੇ ਨਜ਼ਰ ਆਏ।
ਯਿਹ ਦੇਖ ਕੇ ਬਿਗੜੇ ਹੂਏ ਸਾਰੇ ਨਜ਼ਰ ਆਏ।
ਬਿੱਛੜੇ ਹੂਏ ਸਤਿਗੁਰ ਕੇ ਦੁਲਾਰੇ ਨਜ਼ਰ ਆਏ।
ਕਹਤੇ ਥੇ ਇਜਾਜ਼ਤ ਹੀ ਨਹੀਂ ਹੈ ਹਮੇਂ ਰਨ ਕੀ।
ਮੱਟੀ ਤਕ ਉੜਾ ਸਕਤੇ ਹੈਂ ਦੁਸ਼ਮਨ ਕੇ ਚਮਨ ਕੀ।

– 3 –

ਤੂਫਾਂ-ਜ਼ਹਦ ਦਰੀਆ ਕੋ ਅਬੀ ਪਾਰ ਕਰੇਂਗੇ।
ਠੋਕਰ ਸੇ ਹਰ ਇਕ ਮੌਜ[6] ਕੋ ਹਮਵਾਰ ਕਰੇਂਗੇ।
ਬਦ-ਅੱਹਦ ਸਿਤਮਗਾਰੋਂ ਸੇ ਪੈਕਾਰ[7] ਕਰੇਂਗੇ।
ਹਮ ਦੋਨੋਂ ਹੀ ਦਸ ਲਾਖ ਕੋ ਫ਼ਿੱਨਾਰ[8] ਕਰੇਂਗੇ।
ਦਾਦੀ ਹੈ ਕਿਧਰ ਮਾਈ ਕਿਧਰ ਭਾਈ ਕਹਾਂ ਹੈਂ।
ਆਂਖੋ ਸੇ ਕਈ ਖਾਲਸੇ ਪਿਆਰੇ ਭੀ ਨਿਹਾਂ[9] ਹੈਂ।

ਲੇਖਕ –
ਹਕੀਮ ਮਿਰਜ਼ਾ ਅਲਹ ਯਾਰ ਖਾਂ 'ਜੋਗੀ' ਰਹਿਮਾਨੀ
'ਨੈਸ਼ਨਲ ਪੋਇਟ'

1. ਗੁੱਸਾ । 2. ਚੰਗਿਆੜੇ । 3. ਗੁੱਸੇ ਨਾਲ ਭਰੇ ਹੋਏ । 4. ਵੈਰੀ ਦਲ । 5. ਘੰਡੀ, ਗਲ । 6. ਲਹਿਰ, ਤਰੰਗ । 7. ਜੁੱਧ । 8. ਨਰਮ ਦੀ ਅੱਗ 'ਚ ਝੋਕਣਾ । 9. ਲੁਕੇ ਹੋਏ।

ਅਧਿਆਇ 5

ਸੱਤਵਾਂ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ

ਔਰੰਗਜ਼ੇਬ ਵਿਚ ਰਾਜਹਠ ਤੇ ਬਿਰਧਹਠ ਦੋਵੇਂ ਇਕਠੇ ਹੋ ਗਏ ਸਨ। ਉਸ ਦਾ ਵਿਵੇਕ ਉਸ ਨੂੰ ਛੱਡ ਗਿਆ ਸੀ। ਉਸ ਦੇ ਕਠੋਰ ਅਤੇ ਨਿਰਦਈ ਰਵੱਈਏ ਤੋਂ ਉਸ ਦੇ ਆਪਣੇ ਅਫ਼ਸਰ ਅਤੇ ਅਹੁਦੇਦਾਰ ਵੀ ਤੰਗ ਸਨ। ਉਸ ਦੇ ਸਾਹਮਣੇ ਸਭ ਉਸ ਦੀ ਹਾਂ ਵਿਚ ਹਾਂ ਮਿਲਾਉਂਦੇ ਸਨ ਪਰ ਉਸ ਤੋਂ ਰੁਖ਼ਸਤ ਹੁੰਦਿਆਂ ਹੀ ਉਸ ਦੀ ਪਿੱਠ ਪਿੱਛੇ ਉਹਨਾਂ ਦਾ ਵਤੀਰਾ ਬਦਲ ਕੇ ਹੋਰ ਹੋ ਜਾਂਦਾ ਸੀ। ਉਸ ਦੀਆਂ ਜਿੱਤਾ ਖੋਖਲੀਆਂ ਸਨ। ਉਹਨਾਂ ਦਾ ਮੁਗਲ ਰਾਜ ਨੂੰ ਖਾਸ ਫ਼ਾਇਦਾ ਵੀ ਨਹੀਂ ਹੋ ਰਿਹਾ ਸੀ। ਉਸ ਦੇ ਅਫ਼ਸਰ ਅਤੇ ਉਸ ਦੇ ਫ਼ੌਜਦਾਰ ਹੁਣ ਉਸ ਨੂੰ ਸਲਾਹ ਦੇਣ ਤੋਂ ਵੀ ਕਤਰਾਉਂਦੇ ਸਨ। ਸਿਰਫ਼ ਉਸ ਦੀ ਹਾਂ ਵਿਚ ਹਾਂ ਮਿਲਾ ਦੇਂਦੇ ਸਨ।

ਔਰੰਗਜ਼ੇਬ ਏਨੀਂ ਵੱਡੀ ਫ਼ੌਜ ਅਤੇ ਏਨੇਂ ਵੱਡੇ ਅਮਲੇ ਦੇ ਬਾਵਜੂਦ ਇਕੱਲਾ ਪੈ ਗਿਆ ਸੀ। ਉਸ ਦੀ ਉਮਰ 88 ਸਾਲਾਂ ਤੋਂ ਉਪਰ ਹੋ ਚੁਕੀ ਸੀ ਅਤੇ ਉਹ ਪਿਛਲੇ 26 ਸਾਲਾਂ ਤੋਂ ਦੱਖਣ ਦੀ ਖ਼ਾਕ ਛਾਣਦਾ ਫ਼ਿਰ ਰਿਹਾ ਸੀ। ਉਸ ਨੂੰ ਕੁਝ ਪਤਾ ਨਹੀਂ ਸੀ ਕਿ ਉਸ ਦੀ ਇਸ ਲੰਮੀਂ ਗੈਰਹਾਜ਼ਰੀ ਵਿਚ ਦਿੱਲੀ ਕਿੰਨੀਂ ਬਦਹਾਲ ਹੋ ਕੇ ਬਦਲ ਗਈ ਸੀ। ਹੁਣ ਉਮਰ ਵਿਹਾਜ ਜਾਣ ਤੇ ਔਰੰਗਜ਼ੇਬ ਵਿਚ ਹਿਰਖ਼ ਅਤੇ ਪਛਤਾਵਾ ਡੂੰਘਾ ਘਰ ਕਰ ਗਏ ਸਨ। ਉਹ ਝੂਰਦਾ ਸੀ ਅਤੇ ਉਸ ਦਾ ਅੰਦਰਲਾ ਜ਼ਮੀਰ ਉਸ ਨੂੰ ਧਿੱਕਾਰਦਾ ਸੀ ਅਤੇ ਉਸ ਨੂੰ ਬਾਰ ਬਾਰ ਕਹਿੰਦਾ ਸੀ ਕਿ ਜੋ ਤੂੰ ਕੀਤਾ ਹੈ ਅਤੇ ਜੋ ਹੁਣ ਕਰ ਰਿਹਾ ਹੈਂ, ਇਹ ਸਭ ਗਲਤ ਹੈ ਅਤੇ ਬੇਮਾਨੀ ਹੈ। ਤੂੰ ਗਲਤ ਫ਼ੈਸਲੇ ਲੈਂਦਾ ਰਿਹਾ ਹੈਂ। ਤੂੰ ਸਿਰਫ਼ ਇਕ ਭੈੜੀ ਜ਼ਿਦ ਫ਼ੜੀ ਹੋਈ ਹੈ ਤੇ ਸਾਰੀ ਰਿਆਇਆ, ਖਲਕਤ ਤੇ ਲੁਕਾਈ ਨੂੰ ਬੇਹਾਲ, ਬਦਹਾਲ ਕਰ ਕੇ ਬਰਬਾਦੀ ਤੇ ਤਬਾਹੀ ਵਲ ਧੱਕ ਦਿੱਤਾ ਹੈ ਅਤੇ ਆਪ ਵੀ ਬਰਬਾਦ ਹੋ ਗਿਆ ਹੈਂ।

ਔਰੰਗਜ਼ੇਬ ਦੀ ਉਮਰ ਹੁਣ 90 ਸਾਲਾਂ ਨੂੰ ਪਹੁੰਚਣ ਜਾ ਰਹੀ ਸੀ ਪਰ ਦੱਖਣ ਦੀਆਂ ਸਮੱਸਿਆਵਾਂ ਓਦਾਂ ਦੀਆਂ ਓਦਾਂ ਹੀ ਖੜੀਆਂ ਸਨ। ਪੰਜਾਬੀ ਦੀ ਕਹਾਵਤ ਅਨੁਸਾਰ, ਹੁਣ ਉਹ ਤਾਂ ਕੰਬਲ ਨੂੰ ਛੱਡਦਾ ਸੀ ਪਰ ਕੰਬਲ ਉਸ ਨੂੰ ਨਹੀਂ ਛੱਡਦਾ ਸੀ। ਕੰਬਲ ਨੇ ਉਸ ਨੂੰ ਜੱਫਾ ਮਾਰ ਲਿਆ ਸੀ ਕਿਓਂ ਕਿ ਕੰਬਲ ਕੰਬਲ ਨਹੀਂ ਸੀ ਅਸਲ ਵਿਚ ਜੰਗਲੀ ਰਿੱਛ ਸੀ ਜਿਸਨੂੰ ਔਰੰਗਜ਼ੇਬ ਨੇ ਕੰਬਲ ਸਮਝ ਕੇ ਜੱਫਾ ਮਾਰ ਲਿਆ ਸੀ। ਪਰ ਹੁਣ ਰਿੱਛ ਨੇ ਉਸ ਨੂੰ ਆਪਣੇ ਮਜ਼ਬੂਤ ਜੱਫੇ ਵਿਚ ਜਕੜ ਕੇ ਫ਼ੜਿਆ ਹੋਇਆ ਸੀ। ਔਰੰਗਜ਼ੇਬ ਮਨ ਹੀ ਮਨ ਪਛਤਾਉਂਦਾ ਸੀ ਅਤੇ ਅੰਦਰੇ ਹੀ ਅੰਦਰ ਛਟਪਟਾਉਂਦਾ ਵੀ ਸੀ ਪਰ ਆਪਣੀਆਂ ਪਾਈਆਂ ਗੁੰਝਲਾਂ ਵਿਚ ਉਹ ਆਪ ਹੀ ਬੁਰੀ ਤਰ੍ਹਾਂ ਫ਼ਸ ਚੁਕਾ ਸੀ। ਉਸ ਨੂੰ ਆਪਣਾ ਅੰਤ ਵੀ ਨੇੜੇ ਹੀ ਦਿਸਦਾ ਸੀ। ਉਸ ਦੀ ਉਮਰ ਵਿਹਾਜ ਗਈ ਸੀ ਤੇ ਬਹੁਤ ਦੇਰ ਹੋ ਚੁਕੀ ਸੀ। ਲੱਖ ਚਾਹੁਣ ਤੇ ਵੀ ਉਸ ਦੀ ਰੂਹ ਜਿਸ ਆਜ਼ਾਬ ਵਿਚ ਪਈ ਸੜ ਰਹੀ ਸੀ ਉਸ ਤੋਂ ਉਹ ਰਿਹਾ ਨਹੀਂ ਹੋ ਸਕਦਾ ਸੀ, ਨਿਕਲ ਨਹੀਂ ਸੀ ਸਕਦਾ, ਨਿਜਾਤ ਨਹੀਂ ਪਾ ਸਕਦਾ ਸੀ। ਮੌਤ ਹੀ ਉਸ ਲਈ ਨਿਜਾਤ ਸੀ।

ਔਰੰਗਜ਼ੇਬ ਹੁਣ ਬਿਲਕੁਲ ਹਤਾਸ਼ ਹੋ ਚੁਕਾ ਸੀ। ਉਸ ਵਿਚ ਬਾਦਸ਼ਾਹਾਂ ਵਾਲੀ ਕੋਈ ਗਲ ਨਹੀਂ ਰਹੀ ਸੀ। ਹਿੰਦੁਸਤਾਨ ਦਾ ਬਾਦਸ਼ਾਹ ਬਦਹਵਾਸ ਤੇ ਬੇਵੱਸ ਹੋ ਚੁਕਾ ਸੀ। ਉਸ ਵੇਲੇ ਉਸ ਵਰਗਾ ਇਕੱਲਾ ਇਨਸਾਨ ਸ਼ਾਇਦ ਹੀ ਕੋਈ ਸੀ। ਉਸ ਦਾ ਆਪਣਾ ਪਰਿਵਾਰ, ਉਸ ਦੇ ਪੁੱਤਰ ਅਤੇ ਉਸ ਦੇ ਵਜ਼ੀਰ, ਵੁਜ਼ਰਾ, ਅਮੀਰ ਉਮਰਾ, ਮਨਸਬਦਾਰ ਸਭ ਉਸ ਦੇ ਮਰਨ ਦਾ ਇੰਤਜ਼ਾਰ ਕਰ ਰਹੇ ਸਨ। ਔਰੰਗਜ਼ੇਬ ਦੇ ਆਖਰੀ ਦਿਨਾਂ ਵਿਚ ਉਸਦਾ ਪੁੱਤਰ ਸ਼ਹਿਜ਼ਾਦਾ ਆਜ਼ਮ ਉਸ ਦੇ ਕੋਲ ਸੀ। ਮਰਨ ਤੋਂ ਪਹਿਲਾਂ ਔਰੰਗਜ਼ੇਬ ਦਾ ਕਹਿਣਾ ਸੀ "ਮੈਂ ਇਕੱਲਾ ਆਇਆ ਸਾਂ ਅਤੇ ਇਕ ਅਜਨਬੀ ਵਾਂਗ ਜਾ ਰਿਹਾ ਹਾਂ। ਮੈਂ ਨਹੀਂ ਜਾਣਦਾ ਮੈਂ ਕੌਣ ਹਾਂ, ਨਾ ਹੀ ਮੈਂ ਜਾਣਦਾ ਹਾਂ ਕਿ ਮੈਂ ਕਿਹੜਿਆਂ ਤੇ ਕਿੱਦਾਂ ਦੇ ਕੰਮਾਂ ਵਿਚ ਰੁੱਝਾ ਰਿਹਾ ਹਾਂ"। ਇਹ ਅਲਫ਼ਾਜ਼ ਸਨ ਜੋ ਔਰੰਗਜ਼ੇਬ ਨੇ ਫ਼ਰਵਰੀ 1707 ਵਿਚ ਮਰਦੇ ਸਮੇਂ ਆਪਣੇ ਪੁੱਤਰ ਆਜ਼ਮ ਨੂੰ ਕਹੇ ਸਨ।

ਕਈ ਸਿਆਣੇ ਤੇ ਵਿਦਵਾਨ ਹਿੰਦੁਸਤਾਨੀ ਇਤਿਹਾਸਕਾਰਾਂ ਅਨੁਸਾਰ, ਹਿੰਦੁਸਤਾਨ ਦੇ ਇਤਿਹਾਸ ਦੀ ਕਾਲਵੰਡ ਕਰਨ ਲਈ ਔਰੰਗਜ਼ੇਬ ਦੀ ਮੌਤ ਦਾ ਸਾਲ ਸੰਨ 1707 ਹੀ ਉਹ ਸਾਲ ਹੈ ਜਿਸ ਤੋਂ ਹਿੰਦੁਸਤਾਨ ਦਾ ਇਤਿਹਾਸ ਇਕ ਪ੍ਰਮੁੱਖ, ਮਹੱਤਵਪੂਰਣ ਅਤੇ ਸਪਸ਼ਟ ਮੋੜ ਲੈਂਦਾ ਹੈ। ਇਹਨਾਂ ਵਿਦਵਾਨਾਂ

ਕਮੋਡੋਰ ਗੁਰਨਾਮ ਸਿੰਘ ਦੀ ਲਿਖੀ 'ਜਾ ਤੇਰਾ ਬੰਦਾ-ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦੁਰ' ਪੁਸਤਕ ਦੀ ਲੜੀ ਦੀ ਕਿਸ਼ਤ 4 ਪੜ੍ਹੋ। ਪਿਛਲੇ ਬਿਰਤਾਂਤ ਲਈ ਸੀਸ ਗੰਜ ਪੱਤ੍ਰਿਕਾ ਦਾ ਪਿਛਲੇ ਮਹੀਨੇ ਦਾ ਅੰਕ ਵੇਖੋ – ਸੰਪਾਦਕ

ਦਾ ਮਤ ਹੈ ਕਿ ਸੰਨ 1707 ਉਹ ਮਹੱਤਵਪੂਰਣ ਸਾਲ ਹੈ ਜਿਸ ਵਿਚ ਹਿੰਦੁਸਤਾਨ ਦੇ ਇਤਿਹਾਸ ਦਾ ਮੱਧਕਾਲ ਖਤਮ ਹੁੰਦਾ ਹੈ ਅਤੇ ਇਸ ਸਾਲ ਤੋਂ ਉਸ ਦੇ ਇਤਿਹਾਸ ਦਾ ਆਧੁਨਿਕ ਕਾਲ ਆਰੰਭ ਹੁੰਦਾ ਹੈ। ਇਸ ਦੇ ਤਿੰਨ ਕਾਰਨ ਹਨ। ਪਹਿਲਾ, ਇਸ ਸਾਲ ਤੋਂ ਮੁਗਲ ਰਾਜ ਦਾ ਪਤਨ ਆਰੰਭ ਹੁੰਦਾ ਸਪਸ਼ਟ ਵੇਖਿਆ ਜਾ ਸਕਦਾ ਹੈ।

ਬਾਦਸ਼ਾਹ ਔਰੰਗਜ਼ੇਬ ਮੁਗਲ ਸਲਤਨਤ ਦੀ ਰਾਜਧਾਨੀ ਦਿੱਲੀ ਤੋਂ 26 ਸਾਲ ਗੈਰਹਾਜ਼ਰ ਰਹਿ ਕੇ 1600 ਕਿਲੋਮੀਟਰ ਦੂਰ ਦੱਖਣ ਵਿਚ ਅੱਤ ਲੰਮੀ ਮੁਹਿੰਮ ਵਿਚ ਰੁੱਝਾ ਰਿਹਾ। ਮੁਗਲ ਸਲਤਨਤ ਦੀ ਰਾਜਧਾਨੀ ਦਿੱਲੀ ਤੋਂ ਉਸ ਦੀ ਇਸ 26 ਸਾਲ ਲੰਮੀਂ ਗੈਰਹਾਜ਼ਰੀ ਵਿਚ ਮੁਗਲ ਸ਼ਾਸਨ ਦਾ ਕੇਂਦਰ ਦਿੱਲੀ ਬੇਅਸਰ, ਨਿਕੰਮਾ ਅਤੇ ਨਕਾਰਾ ਹੋ ਗਿਆ।

ਬਾਦਸ਼ਾਹ ਤੋਂ ਬਿਨਾਂ ਦਿੱਲੀ ਵਿਚ ਮੁਗਲ ਰਾਜ ਦੇ ਸੂਬੇਦਾਰਾਂ ਤੋਂ ਕੋਈ ਜਵਾਬ ਮੰਗਣ ਵਾਲਾ ਨਹੀਂ ਰਿਹਾ ਅਤੇ ਉਹ ਆਪ ਹੁਦਰੇ ਹੋ ਗਏ। ਸੂਬੇਦਾਰਾਂ ਨੇ ਸੂਬਿਆਂ ਤੋਂ ਮਾਲੀਏ ਦੀ ਉਗਰਾਹੀ ਦਿੱਲੀ ਨੂੰ ਭੇਜਣ ਦੀ ਬਜਾਇ ਆਪ ਰੱਖਣੀ ਸ਼ੁਰੂ ਕਰ ਦਿੱਤੀ। ਉਹ ਆਪ ਦਿੱਲੀ ਤੋਂ ਖੁਦ ਮੁਖ਼ਤਾਰ ਹੋਣ ਵਲ ਪੈਰ ਪੁੱਟਣ ਲਗ ਪਏ। ਉਹਨਾਂ ਨੂੰ ਦਿੱਲੀ ਦਾ ਕੋਈ ਡਰ ਭਉ ਨ ਰਿਹਾ। ਔਰੰਗਜ਼ੇਬ ਦੀ ਦੱਖਣ ਦੀ ਮੁਹਿੰਮ ਵਿਚ ਬਹੁਤ ਖਰਚ ਹੋਇਆ ਸੀ ਅਤੇ ਹੋਰ ਹੋ ਰਿਹਾ ਸੀ। ਮੁਗਲਾਂ ਦਾ ਸ਼ਾਹੀ ਖ਼ਜ਼ਾਨਾ ਖਾਲੀ ਹੋਣ ਦੀ ਕਗਾਰ ਤੇ ਆ ਗਿਆ ਸੀ। ਬਾਦਸ਼ਾਹ ਦੇ ਦਿੱਲੀ ਵਿਚ ਨ ਹੋਣ ਕਰਕੇ ਉੱਤਰ ਵਿਚ ਉੱਠ ਰਹੀਆਂ ਸਥਾਨਕ ਤੇ ਇਲਾਕਾਈ ਬਗਾਵਤਾਂ ਨਾਲ ਸਹੀ ਤਰ੍ਹਾਂ ਨਜਿੱਠਣ ਲਈ ਦਿੱਲੀ ਤੋਂ ਸਹੀ ਫ਼ੌਜੀ ਅਗਵਾਈ ਅਤੇ ਰੋਕਥਾਮ ਦੀ ਕਾਰਵਾਈ ਨਹੀਂ ਹੋ ਰਹੀ ਸੀ ਤੇ ਇਹ ਬਗਾਵਤਾਂ ਜੋਰ ਫ਼ੜਦੀਆਂ ਜਾ ਰਹੀਆਂ ਸਨ। ਮੁਲਕ ਵਿਚ ਕੁਸ਼ਾਸਨ, ਬਦਇੰਤਜ਼ਾਮੀ, ਲਾਪਰਵਾਹੀ, ਅਤੇ ਬਦਅਮਨੀ ਵਧ ਰਹੇ ਸਨ ਅਤੇ ਸਰਬਵਿਆਪੀ ਰੂਪ ਅਖ਼ਤਿਆਰ ਕਰ ਚੁਕੇ ਸਨ।

ਦੂਸਰਾ, ਇਸ ਸਾਲ ਤੋਂ ਹੀ ਯੂਰਪੀ ਤਾਕਤਾਂ ਨੇ ਹਿੰਦੁਸਤਾਨ ਵਿਚ ਜ਼ੋਰ ਫ਼ੜਣਾ ਸ਼ੁਰੂ ਕੀਤਾ ਸੀ। ਸੋਲ੍ਹਵੀਂ ਅਤੇ ਸਤ੍ਰਾਰਵੀਂ ਸਦੀ ਵਿਚ ਪੁਰਤਗਾਲੀ, ਡੱਚ, ਫ਼੍ਰਾਂਸੀਸੀ ਅਤੇ ਬਰਤਾਨਵੀਆਂ ਨੇ ਹਿੰਦੁਸਤਾਨ ਦੇ ਸਮੁੰਦਰੀ ਤੱਟ 'ਤੇ ਆਪੋ ਆਪਣੇ ਅੱਡੇ ਬਣਾਏ ਸਨ ਪਰ ਉਹਨਾਂ ਦੀ ਯੂਰਪ ਵਿਚ ਚਲਦੀ ਆਪਸੀ ਈਰਖਾ ਨੇ ਏਥੇ ਵੀ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ। ਉਹਨਾਂ ਦੀਆਂ ਆਪਸ ਵਿਚ ਖੁੱਲਮ ਖੁੱਲਾ ਜ਼ਮੀਨੀ ਅਤੇ ਸਮੁੰਦਰੀ ਲੜਾਈਆਂ ਹੋਣ ਲਗ ਪਈਆਂ ਸਨ। 17ਵੀਂ ਸਦੀ ਤੱਕ ਪਹੁੰਚਦਿਆਂ ਯੂਰਪੀ ਦੇਸ਼ਾਂ ਦੇ ਇਸ ਆਪਸੀ ਸੰਘਰਸ਼ ਵਿਚ ਬਰਤਾਨੀਆ ਯੂਰਪ ਵਿਚ ਵੀ ਅਤੇ ਹਿੰਦੁਸਤਾਨ ਵਿਚ ਵੀ ਜੇਤੂ ਰਿਹਾ।

ਤੀਸਰਾ, ਇਸ ਸਾਲ ਤੋਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਦੇ ਸਿੱਖਾਂ ਨੇ ਪੰਜਾਬ ਦੇ ਮਾਲਵੇ ਦੇ ਖੇਤਰ ਵਿਚ ਮੁਗਲਾਂ ਦੀ ਤਾਕਤ ਨਾਲ ਲੋਹਾ ਲੈ ਕੇ ਉਸ ਨੂੰ ਝੰਜੋੜਨਾ ਸ਼ੁਰੂ ਕੀਤਾ ਸੀ। ਮੁਗਲ ਰਾਜ ਦੀ ਬਦਕਿਸਮਤੀ ਨੂੰ ਔਰੰਗਜ਼ੇਬ ਤੋਂ ਬਾਅਦ ਨਵਾਂ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਵੀ ਆਪਣੇ ਤਖ਼ਤ ਨੂੰ ਮਜ਼ਬੂਤ ਕਰਨ ਦੀ ਫ਼ਿਰਾਕ ਵਿਚ ਆਪਣੇ ਬਾਗੀ ਭਰਾ ਕਾਮ ਬਖਸ਼ ਨੂੰ ਫ਼ੜਣ ਲਈ ਪੂਰੀ ਸ਼ਾਹੀ ਫ਼ੌਜ ਲੈ ਕੇ ਦਿੱਲੀ ਤੋਂ ਦੱਖਣ ਵਲ ਰਵਾਨਾ ਹੋ ਗਿਆ। ਇਹ ਵੀ ਦੱਖਣ ਵਿਚ ਢਾਈ ਸਾਲ ਰਿਹਾ ਤੇ ਸਿਤੰਬਰ ਸੰਨ 1711 ਈਸਵੀ ਨੂੰ ਹੀ ਦੱਖਣ ਤੋਂ ਵਾਪਸ ਦਿੱਲੀ ਵਲ ਮੁੜਿਆ। ਪਰ ਵਾਪਸ ਆ ਕੇ ਵੀ ਉਹ ਦਿੱਲੀ ਵਿਚ ਨਹੀਂ ਬੈਠਿਆ। ਸਗੋਂ ਮਾਲਵੇ ਵਿਚ ਜਾ ਕੇ ਉਸ ਨੇ ਬੰਦਾ ਸਿੰਘ ਉੱਤੇ ਚੜ੍ਹਾਈ ਕਰ ਦਿੱਤੀ। ਬਹਾਦੁਰਸ਼ਾਹ ਦੀ ਦਿੱਲੀ ਤੋਂ ਢਾਈ ਸਾਲਾਂ ਦੀ ਗੈਰ ਹਾਜ਼ਰੀ ਵਿਚ ਬੰਦਾ ਸਿੰਘ ਬਹਾਦੁਰ ਨੇ ਪੰਜਾਬ ਦੇ ਮਾਲਵੇ ਦੇ ਇਲਾਕੇ ਵਿਚ ਮੁਗਲ ਸ਼ਾਸਨ ਤੰਤਰ ਨੂੰ ਜੜ੍ਹੋਂ ਪੁੱਟ ਕੇ ਬਰਬਾਦ ਕਰ ਦਿੱਤਾ ਸੀ।

ਸਰਹੰਦ ਦੀ ਸੂਬੇਦਾਰੀ ਅਤੇ ਫ਼ੌਜਦਾਰੀ ਬੰਦਾ ਸਿੰਘ ਬਹਾਦੁਰ ਅਤੇ ਉਸ ਦੀਆਂ ਸਿੱਖ ਫ਼ੌਜਾਂ ਦੇ ਵਿਰੁਧ ਲੜਣ ਵਿਚ ਨਾਕਾਫ਼ੀ ਅਤੇ ਨਾਕਾਮ ਸਿੱਧ ਹੋਈਆਂ ਸਨ। ਬੰਦਾ ਸਿੰਘ ਬਹਾਦੁਰ ਅਤੇ ਉਸ ਦੀਆਂ ਸਿੱਖ ਫ਼ੌਜਾਂ ਨੇ ਉਹਨਾਂ ਨੂੰ ਏਨੀਂ ਮਾਰ ਮਾਰੀ ਸੀ ਕਿ ਮਾਲਵੇ ਵਿਚ ਮੁਗਲ ਫ਼ੌਜਾਂ ਦਾ ਵਜੂਦ ਤੇ ਉਹਨਾਂ ਦੀ ਹਸਤੀ ਹੀ ਖਤਮ ਹੋ ਗਏ ਸਨ। ਮਾਲਵੇ ਵਿਚ ਮੁਗਲਾਂ ਦਾ ਸ਼ਾਸਨ ਖਤਮ ਹੋ ਗਿਆ ਸੀ ਤੇ ਇਸ ਲਗਭਗ 45000 ਵਰਗ ਕਿਲੋਮੀਟਰ ਰਕਬੇ ਦੇ ਵੱਡੇ ਖੇਤਰ ਦੇ ਬਹੁਤੇ ਹਿੱਸੇ ਉੱਤੇ ਬੰਦਾ ਸਿੰਘ ਬਹਾਦੁਰ ਅਤੇ ਉਸ ਦੀ ਫ਼ੌਜ ਦੀ ਅਮਲਦਾਰੀ ਕਾਇਮ ਹੋ ਚੁਕੀ ਸੀ ਜਿਸ ਕਾਰਨ ਮੁਗਲ ਸਲਤਨਤ ਦਾ ਦਿੱਲੀ ਤੋਂ ਲਾਹੌਰ ਵਲ ਨੂੰ ਆਉਣ ਜਾਣ ਦਾ ਰਾਹ ਬੰਦ ਹੋ ਗਿਆ ਸੀ। ਹੁਣ ਮੁਗਲ ਦਿੱਲੀ ਤੋਂ ਲਾਹੌਰ, ਪਿਸ਼ਾਵਰ, ਕਾਬੁਲ, ਅਫ਼ਗਾਨਿਸਤਾਨ ਅਤੇ ਈਰਾਨ ਵਲ ਸਫ਼ਰ ਨਹੀਂ ਕਰ ਸਕਦੇ ਸਨ ਅਤੇ ਨਾ ਹੀ ਓਸ ਪਾਸਿਓਂ ਕੋਈ ਦਿੱਲੀ ਵਲ ਆ ਸਕਦਾ ਸੀ।

ਮੁਗਲਾਂ ਲਈ ਇਹ ਹਕੀਕਤ ਮਹੁਰਾ ਖਾਣ ਵਾਂਗ ਸੀ ਅਤੇ ਉਹਨਾਂ ਦੇ ਸੰਘੋਂ ਨਹੀਂ ਉਤਰਦੀ ਸੀ। ਇਸ ਲਈ ਦੱਖਣ ਤੋਂ ਵਾਪਸ ਆਉਣ ਉਪਰੰਤ ਬਾਦਸ਼ਾਹ ਬਹਾਦੁਰਸ਼ਾਹ ਨੇ ਦਿੱਲੀ

ਜਾਣ ਦੀ ਥਾਂ ਸ਼ਾਹੀ ਫ਼ੌਜ ਨਾਲ ਪਾਨੀਪਤ ਵਲ ਦਾ ਰਾਹ ਫ਼ੜ ਕੇ ਬੰਦਾ ਸਿੰਘ ਬਹਾਦੁਰ ਤੇ ਚੜ੍ਹਾਈ ਕਰ ਦਿੱਤੀ ਸੀ। ਉਸ ਨੂੰ ਇਸ ਵਿਚ ਕਾਮਯਾਬੀ ਨਾ ਮਿਲੀ। ਉਹ ਆਪਣੀ ਸਾਰੀ ਫ਼ੌਜ ਨਾਲ ਬੰਦਾ ਸਿੰਘ ਦਾ ਸਵਾ ਸਾਲ ਪਿੱਛਾ ਕਰਦਾ ਬਾਵਲਾ ਹੋ ਗਿਆ ਅਤੇ ਫ਼ਰਵਰੀ ਸੰਨ 1712 ਈਸਵੀ ਵਿਚ ਲਾਹੌਰ ਵਿਚ ਪਾਗਲਪਨ ਦੀ ਅਵਸਥਾ ਵਿਚ ਹੀ ਉਸ ਦੀ ਮੌਤ ਹੋ ਗਈ। ਬੰਦਾ ਸਿੰਘ ਬਹਾਦੁਰ ਦੇ ਮਗਰ ਫ਼ੌਜ ਲੈ ਕੇ ਜੇਕਰ ਬਹਾਦੁਰ ਸ਼ਾਹ ਦੀ ਦਿੱਲੀ ਤੋਂ ਸਾਢੇ ਤਿੰਨ ਸਾਲ ਦੀ ਗੈਰ ਹਾਜ਼ਰੀ ਨੂੰ ਔਰੰਗਜ਼ੇਬ ਦੀ 26 ਸਾਲਾਂ ਦੀ ਗੈਰ ਹਾਜ਼ਰੀ ਨਾਲ ਜੋੜ ਦਿੱਤਾ ਜਾਵੇ ਤਾਂ ਇਹਨਾਂ ਦੋ ਮੁਗਲ ਬਾਦਸ਼ਾਹਾਂ ਦੀ ਦਿਲੀ ਤੋਂ ਗੈਰਹਾਜ਼ਰੀ ਕੋਈ 29 ਤੋਂ 30 ਸਾਲ ਬਣ ਜਾਂਦੀ ਹੈ।

ਰਾਜਧਾਨੀ ਦਿੱਲੀ ਤੋਂ ਮੁਗਲ ਬਾਦਸ਼ਾਹਾਂ ਦੀ ਇਸ ਲਗਭਗ 30 ਸਾਲ ਲੰਮੀਂ ਗੈਰਹਾਜ਼ਰੀ ਦੇ ਕਾਰਨ ਦਿੱਲੀ ਵਿਚ ਭਾਰੀ ਸਿਆਸੀ ਅਤੇ ਪ੍ਰਸ਼ਾਸਨਕ ਕਮਜ਼ੋਰੀਆਂ ਆ ਗਈਆਂ ਸਨ ਅਤੇ ਮੁਗਲ ਹਕੂਮਤ ਆਪਣੀ ਪੁਰਾਣੀ ਤਿੱਖੀ ਧਾਰ ਗਵਾ ਕੇ ਖੁੰਢੀ ਅਤੇ ਨਿਕੰਮੀ ਹੋ ਚੁਕੀ ਸੀ। ਸ਼ਾਹੀ ਖਜ਼ਾਨਾ ਲਗਾਤਾਰ ਦੇ ਖਰਚ ਅਤੇ ਘਟਦੀ ਆਮਦਨ ਕਾਰਨ ਖਾਲੀ ਹੋ ਚੁਕਾ ਸੀ। ਮੁਗਲੀਆ ਸਲਤਨਤ ਕਿਸੇ ਮਾੜੀ ਸਥਿਤੀ ਦੇ ਪੈਦਾ ਹੋਣ ਤੇ ਉਸ ਨਾਲ ਤੇਜ਼ ਰਫ਼ਤਾਰ ਨਾਲ ਵੇਲੇ ਸਿਰ ਟੱਕਰ ਲੈਣ ਅਤੇ ਨਜਿੱਠਣ ਦੀ ਕਾਬਲੀਅਤ ਗਵਾ ਚੁਕੀ ਸੀ। ਮੁਗਲੀਆ ਹਕੂਮਤ ਵਿਚ ਪੈ ਚੁਕੀ ਇਸ ਕਮਜ਼ੋਰੀ ਦਾ ਸਿੱਧਾ ਫ਼ਾਇਦਾ ਬੰਦਾ ਸਿੰਘ ਬਹਾਦੁਰ ਨੂੰ ਹੋਇਆ।

ਬੰਦਾ ਸਿੰਘ ਨਾਂਦੇੜ ਤੋਂ ਚਲ ਕੇ ਸੰਨ 1709 ਦੇ ਸਿਤੰਬਰ ਵਿਚ ਪੰਜਾਬ ਵਿਚ ਮਾਲਵੇ ਵਿਚ ਪਹੁੰਚ ਗਿਆ ਸੀ। ਮਾਲਵੇ ਵਿਚ ਸਰਹੰਦ ਦਾ ਫ਼ੌਜਦਾਰ ਵਜ਼ੀਰ ਖਾਂ ਪਹਿਲਾਂ ਔਰੰਗਜ਼ੇਬ ਦੀ ਅਤੇ ਹੁਣ ਬਹਾਦੁਰ ਸ਼ਾਹ ਦੀ ਦਿੱਲੀ ਤੋਂ ਲੰਮੀਂ ਗੈਰਹਾਜ਼ਰੀ ਵਿਚ ਆਪ ਹੀ ਕਰਤਾ ਧਰਤਾ ਬਣ ਬੈਠਾ ਸੀ ਅਤੇ ਆਪ ਹੁਦਰੀਆਂ ਕਰਦਾ ਸੀ। ਬੰਦਾ ਸਿੰਘ ਨੇ ਮਾਲਵੇ ਵਿਚ ਆ ਕੇ ਮਾਲਵੇ ਵਿਚ ਸਿੱਖਾਂ ਨੂੰ ਇਕ ਮੁੱਠ ਅਤੇ ਜਥੇਬੰਦ ਕਰ ਕੇ ਹਥਿਆਰਬੰਦ ਕੀਤਾ। ਉਸ ਨੇ ਆਪਣੀਆਂ ਫ਼ੌਜੀ ਕਾਰਵਾਈਆਂ ਨਾਲ ਅਗਲੇ ਦੋ ਸਾਲਾਂ ਵਿਚ ਹੀ ਮੁਗਲਾਂ ਨੂੰ ਲੋਹੇ ਦੇ ਚਨੇ ਚਬਾਏ ਸਨ ਅਤੇ ਮਾਝੇ, ਮਾਲਵੇ ਅਤੇ ਦੁਆਬੇ ਵਿਚ ਬਿਖਰੀ ਅਤੇ ਖਿੰਡਰੀ ਸਿੱਖ ਕੌਮ ਨੂੰ ਇਕ ਬਹਾਦੁਰ, ਸੁਤੰਤਰ ਤੇ ਬੇਖ਼ੌਫ਼ ਫ਼ੌਜੀ ਜਥੇਬੰਦੀ ਵਿਚ ਤਬਦੀਲ ਕਰ ਕੇ ਹਿੰਦੁਸਤਾਨ ਵਿਚ ਪਹਿਲੀ ਵਾਰ ਮੁਗਲਾਂ ਨੂੰ ਸ਼ਿਕਸਤ ਦਿੱਤੀ ਸੀ ਅਤੇ ਮਾਲਵੇ ਵਿਚ ਸਿੱਖਾਂ ਦਾ ਪਹਿਲਾ ਖਾਲਸਾ ਰਾਜ ਕਾਇਮ ਕੀਤਾ ਸੀ।

ਬੰਦਾ ਸਿੰਘ ਦੀਆਂ ਫ਼ੌਜੀ ਮੁਹਿੰਮਾਂ ਤੋਂ ਸਿੱਖ ਕੌਮ ਨੂੰ ਭਲੀ ਭਾਂਤ ਸਮਝ ਆ ਰਹੀ ਸੀ ਕਿ ਬਲ, ਸ਼ਕਤੀ, ਸੱਤਾ ਅਤੇ ਤਾਕਤ ਸਮੇਂ ਨਾਲ ਕਿੱਦਾਂ ਆਪਣੇ ਸਰੂਪ ਬਦਲਦੇ ਹਨ। ਜਥੇਬੰਦ ਅਤੇ ਹਥਿਆਰਬੰਦ ਹੋ ਕੇ ਸਾਮਰਿਕ ਤਾਕਤ ਨੂੰ ਰਣ ਵਿਚ ਵਰਤ ਕੇ ਤੇ ਆਜ਼ਮਾ ਕੇ ਉਹ ਸੱਤਾ ਅਤੇ ਬਲ ਦੀ ਪ੍ਰਕਿਰਤੀ ਤੋਂ ਵੀ ਜਾਣੂੰ ਹੋ ਰਹੇ ਸਨ। ਵਿਰੋਧੀਆਂ, ਵੈਰੀਆਂ ਤੇ ਦੁਸ਼ਮਣਾਂ ਦੇ ਬਲ ਨੂੰ ਕਿੱਦਾਂ ਤੋਲਣਾ ਹੈ, ਕਿੱਦਾਂ ਉਸ ਦੀ ਸ਼ਕਤੀ ਦਾ ਸਹੀ ਆਂਕਲਨ ਕਰਨਾ ਹੈ ਤੇ ਜਾਇਜ਼ਾ ਲੈਣਾ ਹੈ, ਇਸ ਦੀ ਜਾਚ ਵੀ ਸਿੱਖਾਂ ਨੂੰ ਆ ਰਹੀ ਸੀ। ਕਿਸ ਵੇਲੇ ਦੁਸ਼ਮਨ ਤੇ ਹਮਲਾ ਕਰਨਾ ਹੈ ਅਤੇ ਕਦੋਂ ਸ਼ਹਿ ਕੇ ਇੰਤਜ਼ਾਰ ਕਰਨੀ ਹੈ, ਇਹਨਾਂ ਦਾਵਾਂ ਪੇਚਾਂ ਨੂੰ ਉਹ ਸਮਝ ਰਹੇ ਸਨ। ਸੁਤੰਤਰਤਾ ਹਾਸਲ ਕਰਨ ਲਈ ਅਤੇ ਉਸ ਨੂੰ ਸਾਂਭ ਕੇ ਬਰਕਰਾਰ ਰੱਖਣ ਲਈ ਸ਼ਕਤੀ ਦੀ ਲੋੜ ਹੁੰਦੀ ਹੈ, ਇਹ ਸਬਕ ਉਹ ਪੱਕੀ ਤਰ੍ਹਾਂ ਪੜ੍ਹ ਵੀ ਰਹੇ ਸਨ ਤੇ ਸਿੱਖ ਵੀ ਰਹੇ ਸਨ। ਬਲ, ਸ਼ਕਤੀ, ਜੋਰ ਅਤੇ ਤਾਕਤ ਦੇ ਇਹ ਸਬਕ ਸਿੱਖਾਂ ਨੂੰ ਆਪਣੇ ਆਪ ਵਿਚ ਭਰੋਸਾ ਪੈਦਾ ਕਰਕੇ ਨਿਡਰ ਬਣਾ ਰਹੇ ਸਨ ਅਤੇ ਮੁਗਲ ਹਕੂਮਤ ਦੀ ਤਾਕਤ ਨੂੰ ਵੰਗਾਰ ਕੇ ਉਸ ਨਾਲ ਲੋਹਾ ਲੈਣ ਲਈ ਉਹਨਾਂ ਵਿਚ ਸਮਰੱਥਾ ਵੀ ਭਰ ਰਹੇ ਸਨ। ਇਸ ਸਭ ਦੇ ਚਲਦਿਆਂ ਬੰਦਾ ਸਿੰਘ ਹੁਣ ਬੰਦਾ ਸਿੰਘ ਬਹਾਦੁਰ ਦੇ ਨਾਂਅ ਨਾਲ ਜਾਣਿਆ ਜਾਣ ਲਗ ਪਿਆ ਸੀ।

ਇਸ ਵੇਲੇ ਦੇ ਸੰਘਰਸ਼ ਤੋਂ ਪੈਦਾ ਹੋਏ ਸਵੈ ਭਰੋਸੇ ਦੇ ਆਰੰਭ ਕਾਰਨ ਹੀ ਬਾਅਦ ਵਿਚ, ਅਗਲੇ 50-60 ਸਾਲਾਂ ਵਿਚ, ਸਿੱਖਾਂ ਨੇ ਮਿਸਲਾਂ ਬਣਾ ਕੇ ਦਰਿਆ ਸਿੰਧ ਤੋਂ ਦਰਿਆ ਜਮਨਾ ਤਕ ਦੇ ਪੰਜਾਬ ਦੇ ਸਾਰੇ ਇਲਾਕੇ ਨੂੰ ਆਪਣੇ ਪ੍ਰਭਾਵ ਥੱਲੇ ਲੈ ਕੇ ਉਸ ਵਿਚ ਆਪਣੀ ਪ੍ਰਭੁਸੱਤਾ ਅਤੇ ਅਮਲਦਾਰੀ ਕਾਇਮ ਕਰ ਲਈਆਂ। ਮੁਗਲਾਂ ਨੇ ਲਾਹੌਰ ਦੀ ਸੂਬੇਦਾਰੀ ਰਾਹੀਂ ਸਿੱਖਾਂ ਨੂੰ ਮਾਰ ਮੁਕਾਉਣ ਅਤੇ ਖਤਮ ਕਰਨ ਦੇ ਕਈ ਯਤਨ ਕੀਤੇ ਪਰ ਸਿੱਖਾਂ ਨੇ ਇਹਨਾਂ ਸਾਰੀਆਂ ਕੋਸ਼ਿਸ਼ਾਂ ਦਾ ਮੂੰਹਤੋੜ ਜਵਾਬ ਦਿੱਤਾ ਤੇ ਮੁਗਲਾਂ ਦੇ ਫ਼ਿਰ ਪੰਜਾਬ ਵਿਚ ਪੈਰ ਨ ਲਗਣ ਦਿੱਤੇ। ਇਹਨਾਂ ਮਿਸਲਾਂ ਨੂੰ ਮਿਲਾ ਕੇ ਸੰਨ 1800 ਵਿਚ 20 ਸਾਲਾਂ ਦੀ ਉਮਰ ਦੇ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਸੰਪੂਰਣ ਸਿੱਖ ਰਾਜ ਸਥਾਪਤ ਕੀਤਾ ਅਤੇ ਅਗਲੇ 40 ਸਾਲ ਅਜੇਹੀ ਹਕੂਮਤ ਕੀਤੀ ਜਿਸ ਨੂੰ ਸਿੱਖਾਂ ਦੇ ਲੰਮੇ ਇਤਿਹਾਸ ਦੇ ਸੁਨਹਿਰੀ ਸਮੇਂ ਵਾਂਗ ਯਾਦ ਕੀਤਾ ਜਾਂਦਾ ਹੈ।

ਔਰੰਗਜ਼ੇਬ ਵਲ ਵਾਪਸ ਆਈਏ। ਉਸ ਬਾਰੇ ਇਕ ਹੋਰ ਵਿਦਵਾਨ ਬ੍ਰਾਊਨ ਨੇ ਲਿਖਿਆ ਹੈ ਕਿ,"ਔਰੰਗਜ਼ੇਬ ਦੀ ਮੌਤ ਤੋਂ ਬਾਅਦ ਇਕ ਤੋਂ ਬਾਅਦ ਇਕ ਕਮਜ਼ੋਰ ਮੁਗਲ ਬਾਦਸ਼ਾਹਾਂ ਦਾ ਤਖ਼ਤ ਨਸ਼ੀਨ ਹੋਣਾ, ਤਖ਼ਤ ਲਈ ਮੁਗਲਾਂ ਵਿਚ ਬੇਲਗਾਮ ਹੋ ਕੇ ਖੁੱਲਮ ਖੁੱਲਾ ਆਪਸੀ ਖੂਨੀ ਖਾਨਾਜੰਗੀ ਵਿਚ ਰੁੱਝਣਾ ਅਤੇ ਮੁਗਲ ਰਾਜ ਦੇ ਅਮੀਰ ਉਮਰਾ ਅਤੇ ਗਵਰਨਰਾਂ ਦਾ ਜ਼ਬਰਦਸਤੀ ਦਿੱਲੀ ਦੇ ਤਖ਼ਤ ਦੀ ਸੱਤਾ ਤੇ ਕਾਬਜ਼ ਹੋਣਾ, ਇਹਨਾਂ ਘਟਨਾਵਾਂ ਨੇ ਮਿਲ ਜੁਲ ਕੇ ਮੁਗਲਾਂ ਦੀ ਤਾਕਤ ਦੀਆਂ ਨੀਹਾਂ ਹਿਲਾ ਕੇ ਮੁਗਲ ਸਲਤਨਤ ਨੂੰ ਕਮਜ਼ੋਰ ਕਰਨਾ ਅਤੇ ਫ਼ਿਰ ਹੋਰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਔਰੰਗਜ਼ੇਬ ਤੋਂ ਬਾਅਦ ਉਸਦਾ ਪੁੱਤਰ ਮੁਅੱਜ਼ਮ ਬਹਾਦੁਰ ਸ਼ਾਹ ਨਾਂਅ ਰਖ ਕੇ ਬਾਦਸ਼ਾਹ ਬਣਿਆ। ਔਰੰਗਜ਼ੇਬ ਦੇ ਜਿਊਂਦਿਆਂ ਹੀ ਮੁਗਲ ਰਾਜ ਵਿਚ ਕਈ ਕਮਜ਼ੋਰੀਆਂ ਆ ਗਈਆਂ ਸਨ, ਪਰ ਨਵੇਂ ਬਾਦਸ਼ਾਹ ਬਹਾਦੁਰ ਸ਼ਾਹ ਵਿਚ ਰਾਜ ਸ਼ਾਸਨ ਕਰਨ, ਸਮੇਂ ਸਿਰ ਸਹੀ ਫ਼ੈਸਲੇ ਕਰਨ ਅਤੇ ਫ਼ੌਜੀ ਅਗਵਾਈ ਦੇਣ ਦੀ ਕਾਬਲੀਅਤ ਨਾ ਦੇ ਬਰਾਬਰ ਸੀ।"

ਉਸ ਵੇਲੇ ਦੇ ਮੁਗਲ ਮਨਸਬਦਾਰ, ਅਮੀਰ-ਉਮਰਾ, ਅਹੁਦੇਦਾਰ, ਫ਼ੌਜਦਾਰ ਅਤੇ ਹੋਰ ਆਲਾ ਅਫ਼ਸਰ ਬਹਾਦੁਰ ਸ਼ਾਹ ਦੀਆਂ ਇਹਨਾਂ ਕਮਜ਼ੋਰੀਆਂ ਤੋਂ ਵਾਕਫ਼ ਸਨ ਅਤੇ ਉਸ ਨੂੰ ਮੁਗਲ ਬਾਦਸ਼ਾਹਤ ਦੀਆਂ ਜ਼ਿੰਮੇਦਾਰੀਆਂ ਨਿਭਾਉਣ ਲਈ ਨਾਕਾਬਲ ਸਮਝਦੇ ਸਨ। ਉਸ ਦੀਆਂ ਇਹਨਾਂ ਬੁਨਿਆਦੀ ਕਮਜ਼ੋਰੀਆਂ ਕਾਰਣ ਮੁਗਲ ਰਾਜ ਦੀ ਔਰੰਗਜ਼ੇਬ ਦੇ ਰਾਜਕਾਲ ਵੇਲੇ ਤੋਂ ਸ਼ੁਰੂ ਹੋਈ ਉਸ ਦੇ ਆਪਣੇ ਨਿਘਾਰ ਵਲ ਤਿਲਕਣ ਦੀ ਗਤੀ ਨੇ ਹੋਰ ਤੇਜ਼ੀ ਫ਼ੜ ਲਈ ਸੀ। ਮੁਗਲੀਆ ਹਕੂਮਤ ਦੀ ਟੁੱਟ ਅਤੇ ਉਸ ਦਾ ਅੰਤ ਹੋਣਾ ਹੁਣ ਤੈਅ ਹੋ ਚੁਕਾ ਸੀ। ਜਿਨ੍ਹਾਂ ਦਾਨਾਅ ਲੋਕਾਂ ਕੋਲ ਬੁੱਧੀਮਤਾ ਦੀ ਦ੍ਰਿਸ਼ਟੀ ਵਾਲੀਆਂ ਅੱਖੀਆਂ ਸਨ ਅਤੇ ਜੋ ਆਉਣ ਵਾਲੇ ਸਮੇਂ ਨੂੰ ਪੜ੍ਹ ਸਕਦੇ ਸਨ ਉਹਨਾਂ ਨੂੰ ਮੁਗਲ ਰਾਜ ਦਾ ਅੰਤ ਹੁੰਦਾ ਸਾਫ਼ ਤੇ ਸਪਸ਼ਟ ਦਿਸ ਰਿਹਾ ਸੀ। ਸਿਰਫ਼ ਸਮੇਂ ਦੀ ਖੇਡ ਸੀ।

ਔਰੰਗਜ਼ੇਬ ਨੇ ਮੁਗਲ ਰਾਜ ਦੇ ਜਾਨੀ ਤੇ ਮਾਲੀ ਨੁਕਸਾਨਾਂ ਦੀ ਪ੍ਰਵਾਹ ਨ ਕਰਕੇ ਵੀ ਦੱਖਣ ਵਿਚ ਮਰਹੱਟਿਆਂ ਨੂੰ ਠੱਲ ਪਾ ਕੇ ਰੱਖੀ ਸੀ। ਪਰ ਸੰਨ 1707 ਈਸਵੀ ਵਿਚ ਔਰੰਗਜ਼ੇਬ ਦੇ ਮਰਨ ਤੋਂ ਬਾਅਦ ਬੰਦਾ ਸਿੰਘ ਬਹਾਦੁਰ ਦੀਆਂ 1709 ਈਸਵੀ ਵਿਚ ਅਤੇ ਇਸ ਤੋਂ ਬਾਅਦ ਪੰਜਾਬ ਵਿਚ ਕੀਤੀਆਂ ਕਾਰਵਾਈਆਂ ਦੇ ਨਤੀਜੇ ਵੱਜੋਂ ਮੁਗਲ ਰਾਜ ਕਮਜ਼ੋਰ ਪੈ ਗਿਆ ਸੀ। ਇਸ ਦਾ ਸਿੱਧਾ ਨਤੀਜਾ ਇਹ ਹੋਇਆ ਕਿ ਮਰਹੱਟਿਆਂ ਦਾ ਪੱਲੜਾ ਮੁਗਲਾਂ ਦੇ ਮੁਕਾਬਲੇ ਵਿਚ ਮਜ਼ਬੂਤ ਅਤੇ ਭਾਰਾ ਹੋ ਗਿਆ ਅਤੇ ਉਹਨਾਂ ਨੇ ਫ਼ਿਰ ਜ਼ੋਰ ਫ਼ੜ ਲਿਆ। ਉਹਨਾਂ ਨੇ ਮੁਗਲ ਰਾਜ ਦੀਆਂ ਜ਼ਮੀਨਾਂ ਅਤੇ ਇਲਾਕਿਆਂ ਤੇ ਹਮਲੇ ਕਰਕੇ ਕਈ ਜ਼ਮੀਨਾਂ ਆਪਣੇ ਕਬਜ਼ੇ ਵਿਚ ਕਰ ਲਈਆਂ ਸਨ ਅਤੇ ਇਹਨਾਂ ਇਲਾਕਿਆਂ ਵਿਚ ਉਹਨਾਂ ਨੇ ਮੁਗਲ ਬਾਦਸ਼ਾਹ ਤੋਂ ਉਸ ਦੀ ਸੱਤਾ ਵੀ ਖੋਹ ਲਈ ਸੀ। ਇਹਨਾਂ ਜ਼ਮੀਨਾਂ ਤੋਂ ਪਹਿਲਾਂ ਮੁਗਲ ਮਾਲੀਆ ਉਗਰਾਹੁੰਦੇ ਸਨ ਪਰ ਹੁਣ ਮਰਹੱਟੇ ਉਗਰਾਹੁਣ ਲਗ ਪਏ ਸਨ। ਔਰੰਗਜ਼ੇਬ ਦੇ ਮਰਨ ਤੋਂ ਬਾਅਦ ਬਹਾਦੁਰ ਸ਼ਾਹ ਬਾਦਸ਼ਾਹ ਬਣਿਆ ਸੀ ਪਰ ਉਸ ਨੂੰ ਵੀ ਆਪਣੇ ਛੋਟੇ ਭਰਾ ਕਾਮ ਬਖ਼ਸ਼ ਦੀ ਬਗਾਵਤ ਨੂੰ ਦਬਾਉਣ ਲਈ ਦੱਖਣ ਜਾਣਾ ਪਿਆ। ਉਸ ਦੀ ਦਿੱਲੀ ਤੋਂ ਗੈਰ ਹਾਜ਼ਰੀ ਵੇਲੇ ਬੰਦਾ ਸਿੰਘ ਬਹਾਦੁਰ ਨੇ ਸਿੱਖਾਂ ਨੂੰ ਜਥੇਬੰਦ ਕਰ ਕੇ ਮਾਲਵੇ ਵਿਚ ਮੁਗਲ ਰਾਜ ਅਤੇ ਉਸ ਦੇ ਸ਼ਾਸਨ ਤੰਤਰ ਦੇ ਬਖੀਏ ਉਧੇੜ ਦਿੱਤੇ। ਬੰਦਾ ਸਿੰਘ ਨੇ ਛੇ ਸਾਲ ਮੁਗਲਾਂ ਨਾਲ ਲੜਾਈ ਕੀਤੀ।

ਸੰਨ 1715 ਈਸਵੀ ਦੇ ਅੰਤ ਵਿਚ ਅੱਠ ਮਹੀਨਿਆਂ ਦੀ ਸਖ਼ਤ ਘੇਰਾਬੰਦੀ ਤੋਂ ਬਾਅਦ ਬੰਦਾ ਸਿੰਘ ਬਹਾਦੁਰ ਪੰਜਾਬ ਵਿਚ ਗੁਰਦਾਸ ਨੰਗਲ ਤੋਂ ਆਪਣੇ ਸਾਥੀਆਂ ਨਾਲ ਫ਼ੜਿਆ ਗਿਆ ਅਤੇ ਮੁਗਲਾਂ ਨੇ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਦਿੱਲੀ ਲਿਆ ਕੇ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ। ਪਰ ਬੰਦਾ ਸਿੰਘ ਬਹਾਦੁਰ ਨੇ ਆਪਣੀਆਂ ਫ਼ੌਜੀ ਮੁਹਿੰਮਾਂ ਨਾਲ ਮੁਗਲ ਬਾਦਸ਼ਾਹਤ ਨੂੰ ਏਨੀਂ ਕਰਾਰੀ ਅਤੇ ਭਾਰੀ ਸੱਟ ਲਾਈ ਸੀ ਕਿ ਜਿਸ ਨਾਲ ਉਸ ਦੀਆਂ ਨੀਹਾਂ ਹਿਲ ਗਈਆਂ ਸਨ। ਮੁਗਲ ਬਾਦਸ਼ਾਹਤ ਕਮਜ਼ੋਰ ਹੋ ਗਈ ਸੀ ਅਤੇ ਉਹ ਫ਼ਿਰ ਸੰਭਲ ਨ ਸਕੀ। ਸਗੋਂ ਨਿਘਾਰ ਵਲ ਨੂੰ ਤੁਰ ਪਈ। ਬੰਦਾ ਸਿੰਘ ਬਹਾਦੁਰ ਦੀਆਂ ਲਾਈਆਂ ਸੱਟਾਂ ਦੇ ਨਤੀਜੇ ਵਜੋਂ ਹਿੰਦੁਸਤਾਨ ਵਿਚ ਮੁਗਲੀਆਂ ਸਲਤਨਤ ਦਾ ਲੱਕ ਟੁੱਟ ਗਿਆ ਸੀ। ਬੰਦਾ ਸਿੰਘ ਬਹਾਦੁਰ ਦੇ ਸ਼ਹੀਦ ਹੋਣ ਤੋਂ ਕੁਝ ਦਹਾਕਿਆਂ ਬਾਅਦ ਹੀ ਮੁਗਲ ਸਲਤਨਤ ਦੀ ਤਾਕਤ ਮੁਸਲਸਲ ਅਤੇ ਲਗਾਤਾਰ ਖੀਣ ਹੁੰਦੀ ਹੁੰਦੀ ਏਨੀਂ ਸੁੰਗੜ ਗਈ ਕਿ ਸੰਨ 1750 ਈਸਵੀ ਤੱਕ ਉਹ ਹਿੰਦੁਸਤਾਨ ਵਿਚੋਂ ਖਤਮ ਹੋ ਕੇ ਸਿਰਫ਼ ਦਿੱਲੀ ਸ਼ਹਿਰ ਦੀ ਚਾਰਦੀਵਾਰੀ ਤੱਕ ਹੀ ਮਹਿਦੂਦ ਰਹਿ ਗਈ ਸੀ। ਹਿੰਦੁਸਤਾਨ ਵਿਚੋਂ ਮੁਗਲਾਂ ਦੀ ਅਮਲਦਾਰੀ ਖਤਮ ਹੋ ਗਈ ਸੀ।

ਦੱਖਣ ਵਲੋਂ ਮਰਹੱਟਿਆਂ ਨੇ, ਅਤੇ ਏਧਰੋਂ ਪੰਜਾਬ ਦੇ ਮਾਝੇ, ਮਾਲਵੇ ਤੇ ਬਿਸਤ ਦੁਆਬ ਵਲੋਂ ਸਿੱਖਾਂ ਨੇ, ਮੁਗਲ

ਬਾਦਸ਼ਾਹਤ ਦੀ ਦੋ ਪਾਸਿਆਂ ਤੋਂ ਸ਼ਿਕੰਜਾ ਕੱਸ ਕੇ ਜਾਨ ਕੰਦਲ ਕੀਤੀ ਹੋਈ ਸੀ। ਇਹ ਦੋਵੇਂ ਚੱਕੀ ਦੇ ਦੋ ਪੁੜਾਂ ਵਾਂਗ ਸਨ ਜਿਨ੍ਹਾਂ ਵਿਚ ਚੱਕੀ ਦੇ ਹਰ ਗੇੜੇ ਨਾਲ ਮੁਗਲ ਬਾਦਸ਼ਾਹਤ ਦਰੜ ਮਰੜ ਹੋ ਕੇ ਪੀਸੀ ਜਾ ਰਹੀ ਸੀ। ਮੁਗਲ ਬਾਦਸ਼ਾਹਤ ਨੂੰ ਅਤੇ ਔਰੰਗਜ਼ੇਬ ਨੂੰ ਉਸ ਦੀ ਇਸਲਾਮਕ ਕੱਟੜਤਾ ਅਤੇ ਉਸ ਦੀਆਂ ਤੁਅੱਸਬੀ ਤੇ ਫ਼ਿਰਕਾਪ੍ਰਸਤ ਨੀਤੀਆਂ ਅਤੇ ਕਾਰਵਾਈਆਂ ਬਹੁਤ ਮਹਿੰਗੀਆਂ ਪਈਆਂ। ਹਿੰਦੁਸਤਾਨ ਦੇ ਲੋਕਾਂ ਦੇ ਦਿਲਾਂ ਵਿਚ ਮੁਗਲ ਬਾਦਸ਼ਾਹਤ ਲਈ ਘਿਰਣਾ ਤੇ ਨਫ਼ਰਤ ਦੀ ਭਾਵਨਾ ਭਰ ਗਈ ਸੀ। ਰਿਆਇਆ ਵਿਚ ਮੁਗਲ ਬਾਦਸ਼ਾਹਾਂ ਪ੍ਰਤੀ ਉਪਰਾਮਤਾ ਦਾ ਅਹਿਸਾਸ ਘਰ ਕਰ ਗਿਆ ਸੀ।

ਅਮਰੀਕਾ ਦਾ ਪ੍ਰਸਿੱਧ ਵਿਦਵਾਨ ਵਿਲ ਡਿਊਰਾਂਟ ਲਿਖਦਾ ਹੈ ਕਿ, "ਔਰੰਗਜ਼ੇਬ ਦੀਆਂ ਉਸ ਦੀਆਂ ਮਰਣ ਬਿਸਤਰ ਤੇ ਪਿਆਂ ਹੋਇਆਂ ਦੀਆਂ ਲਿਖੀਆਂ ਚਿੱਠੀਆਂ ਨੂੰ ਪੜ੍ਹ ਕੇ ਤਰਸ ਆਉਂਦਾ ਹੈ।" ਇਹ ਚਿੱਠੀਆਂ ਔਰੰਗਜ਼ੇਬ ਨੇ ਦੱਖਣ ਵਿਚ ਰਹਿੰਦਿਆਂ ਆਪਣੇ ਆਖ਼ਰੀ ਦਿਨਾਂ ਵਿਚ ਆਪਣੇ ਪੁੱਤਰਾਂ ਆਜ਼ਮ ਅਤੇ ਕਾਮਬਖ਼ਸ਼ ਨੂੰ ਲਿਖੀਆਂ ਸਨ। ਇਹਨਾਂ ਚਿੱਠੀਆਂ ਵਿਚ ਔਰੰਗਜ਼ੇਬ ਕਹਿੰਦਾ ਹੈ,'ਮੈਂ ਨਹੀਂ ਜਾਣਦਾ ਮੈਂ ਕੌਣ ਹਾਂ, ਮੈਂ ਕਿੱਥੇ ਜਾਵਾਂਗਾ। ਮੇਰੇ ਵਰਗੇ ਗੁਨਹਗਾਰਾਂ ਦੇ ਗੁਨਾਹਗਾਰ ਦਾ ਕੀ ਹਸ਼ਰ ਹੋਵੇਗਾ। ਮੈਂ ਆਪਣੀ ਉਮਰ ਦੇ ਕਈ ਸਾਲ ਅੰਞਾਈਂ ਗਵਾ ਕੇ ਬਰਬਾਦ ਕਰ ਲਏ ਹਨ। ਰੱਬ ਮੇਰੇ ਦਿਲ ਵਿਚ ਵੱਸਦਾ ਸੀ, ਪਰ ਮੇਰੀਆਂ ਅੰਨ੍ਹੀਆਂ ਅੱਖਾਂ ਨੇ ਉਹ ਰੋਸ਼ਨੀ ਨਹੀਂ ਪਛਾਣੀ। ਮੇਰੇ ਆਉਣ ਵਾਲੇ ਸਮੇਂ ਵਿਚ, ਮੇਰੇ ਮੁਸਤਕਬਿਲ ਵਿਚ ਮੈਨੂੰ ਆਪਣੇ ਲਈ ਕੋਈ ਉਮੀਦ ਨਹੀਂ ਦਿਸਦੀ। ਬੁਖ਼ਾਰ ਤਾਂ ਲਹਿ ਗਿਆ ਹੈ ਪਰ ਹਾਲ ਮਾੜਾ ਹੈ। ਮੈਂ ਬੜੇ ਗੁਨਾਹ ਕੀਤੇ ਹਨ। ਮੈਨੂੰ ਪਤਾ ਨਹੀਂ ਕਿਹੜਾ ਦੋਜ਼ਖ਼ ਤੇ ਕਿਹੜੀਆਂ ਕਿਹੜੀਆਂ ਸਜ਼ਾਵਾਂ ਮੇਰਾ ਇੰਤਜ਼ਾਰ ਕਰ ਰਹੀਆਂ ਹਨ। ਰੱਬ ਮੇਰੇ ਤੇ ਰਹਿਮ ਭਰਿਆ ਹੱਥ ਰੱਖੇ।'

ਔਰੰਗਜ਼ੇਬ ਦੇ ਚਾਰ ਪੁੱਤਰ ਸਨ। ਆਜ਼ਮ, ਮੁਅੱਜ਼ਮ, ਕਾਮ ਬਖ਼ਸ਼ ਅਤੇ ਅਕਬਰ। ਉਸ ਦੇ ਸਭ ਤੋਂ ਛੋਟੇ ਪੁੱਤਰ ਅਕਬਰ ਦੀ ਕਹਾਣੀ ਤਾਂ ਅਸੀਂ ਉਪਰ ਪੜ੍ਹ ਚੁਕੇ ਹਾਂ। ਉਸ ਨੂੰ ਸੋਧਣ ਗਿਆ ਔਰੰਗਜ਼ੇਬ 26 ਸਾਲ ਦੱਖਣ ਵਿਚ ਗਵਾ ਕੇ ਦੱਖਣ ਵਿਚ ਹੀ ਮਰ ਗਿਆ। ਬਾਕੀ ਦੇ ਤਿੰਨ ਸਕੇ ਭਰਾ ਨਹੀਂ ਸਨ। ਮੁਅੱਜ਼ਮ ਔਰੰਗਜ਼ੇਬ ਦੀ ਇਕ ਬੇਗਮ ਤੋਂ ਸੀ ਅਤੇ ਆਜ਼ਮ ਅਤੇ ਕਾਮ ਬਖ਼ਸ਼ ਦੂਸਰੀ ਬੇਗਮ ਤੋਂ ਸਨ। ਜਦੋਂ ਔਰੰਗਜ਼ੇਬ ਅਹਿਮਦਨਗਰ ਵਿਚ ਮਰਿਆ, ਉਸ ਵੇਲੇ ਉਸ ਦਾ ਪੁੱਤਰ ਆਜ਼ਮ ਵੈਸੇ ਤਾਂ ਗੁਜਰਾਤ ਦਾ ਗਵਰਨਰ ਸੀ ਪਰ ਉਹ ਔਰੰਗਜ਼ੇਬ ਦੇ ਕੋਲ ਸੀ। ਔਰੰਗਜ਼ੇਬ ਦੇ ਮਰਦਿਆਂ ਹੀ ਆਜ਼ਮ ਨੇ ਆਪਣੇ ਆਪ ਨੂੰ ਹਿੰਦੁਸਤਾਨ ਦਾ ਅਗਲਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਉਸ ਵੇਲੇ ਔਰੰਗਜ਼ੇਬ ਦਾ ਦੂਜਾ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਕਾਬੁਲ ਦਾ ਗਵਰਨਰ ਸੀ ਅਤੇ ਕਾਬੁਲ ਵਿਚ ਸੀ। ਮੁਅੱਜ਼ਮ ਔਰੰਗਜ਼ੇਬ ਦੇ ਮਰਨ ਦੀ ਖਬਰ ਸੁਣਦਿਆਂ ਹੀ ਕਾਬੁਲ ਤੋਂ ਦਿੱਲੀ ਵਾਸਤੇ ਤੁਰ ਪਿਆ।

ਤੀਸਰਾ ਸ਼ਹਿਜ਼ਾਦਾ ਕਾਮ ਬਖਸ਼ ਦੱਖਣ ਦਾ ਗਵਰਨਰ ਸੀ। ਮੁਅੱਜ਼ਮ ਨੇ ਕਾਬੁਲ ਤੋਂ ਦਿੱਲੀ ਆਉਂਦਿਆਂ ਹੋਇਆਂ ਰਸਤੇ ਵਿਚ ਹੀ ਆਪਣੇ ਆਪ ਨੂੰ ਹਿੰਦੁਸਤਾਨ ਦਾ ਨਵਾਂ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਸ਼ਹਿਜ਼ਾਦਾ ਆਜ਼ਮ ਅਤੇ ਸ਼ਹਿਜ਼ਾਦਾ ਮੁਅੱਜ਼ਮ ਹੁਣ ਦਿੱਲੀ ਦੇ ਤਖ਼ਤ ਦੇ ਦੋ ਦਾਅਵੇਦਾਰ ਹੋ ਗਏ ਸਨ। ਆਗਰੇ ਲਾਗੇ ਦੋਹਾਂ ਭਰਾਵਾਂ ਦੀਆਂ ਫ਼ੌਜਾਂ ਵਿਚ ਭਾਰੀ ਲੜਾਈ ਹੋਈ। ਬਹਾਦੁਰ ਸ਼ਾਹ ਦੀ ਉਸ ਦੇ ਭਰਾ ਆਜ਼ਮ ਨਾਲ ਹੋਈ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖ ਭਾਈ ਧਰਮ ਸਿੰਘ ਨੂੰ 200 ਸਿੱਖਾਂ ਨਾਲ ਬਹਾਦੁਰ ਸ਼ਾਹ ਦੀ ਫ਼ੌਜ ਦੀ ਮਦਦ ਕਰਨ ਲਈ ਭੇਜਿਆ। ਬਹਾਦੁਰ ਸ਼ਾਹ ਦੀ ਫ਼ੌਜ ਕਾਮਯਾਬ ਹੋ ਗਈ, ਆਜ਼ਮ ਖਾਂ ਹਾਰ ਗਿਆ ਅਤੇ ਫ਼ੜਿਆ ਗਿਆ। ਉਸ ਨੂੰ ਇਕ ਮਹੀਨਾ ਕੈਦ ਵਿਚ ਰਖ ਕੇ ਮੁਅੱਜ਼ਮ ਨੇ ਉਸ ਨੂੰ ਕਤਲ ਕਰਵਾ ਦਿੱਤਾ। ਮੁਅੱਜ਼ਮ ਹੁਣ ਬਹਾਦੁਰ ਸ਼ਾਹ ਦਾ ਨਾਂਅ ਰਖ ਕੇ ਦਿੱਲੀ ਦੇ ਤਖ਼ਤ ਤੇ ਹਿੰਦੁਸਤਾਨ ਦਾ ਬਾਦਸ਼ਾਹ ਬਣ ਕੇ ਬੈਠ ਗਿਆ। ਪਰ ਤਖ਼ਤ ਤੇ ਬੈਠਣ ਨਾਲ ਉਸ ਦੀਆਂ ਮੁਸ਼ਕਲਾਂ ਖਤਮ ਨਾ ਹੋਈਆਂ। ਉਸ ਦਾ ਛੋਟਾ ਭਰਾ ਮੁਹੰਮਦ ਕਾਮ ਬਖ਼ਸ਼ ਦੱਖਣ ਵਿਚ ਸੀ। ਇਹ ਔਰੰਗਜ਼ੇਬ ਦਾ ਸਭ ਤੋਂ ਛੋਟਾ ਪੁਤਰ ਸੀ। ਇਹ ਔਰੰਗਜ਼ੇਬ ਦਾ ਇਕ ਹੀ ਨਾਜਾਇਜ਼ ਪੁੱਤਰ ਸੀ ਜੋ ਔਰੰਗਜ਼ੇਬ ਦੀ ਰਖੈਲ ਉਦੇਪੁਰੀ ਮਹਲ ਦੀ ਕੁੱਖੋਂ ਪੈਦਾ ਹੋਇਆ ਸੀ। ਉਸ ਨੇ ਦੱਖਣ ਦੇ ਕੁਝ ਰਾਜਿਆਂ ਨਾਲ ਮਿਲ ਕੇ ਆਪਣੇ ਆਪ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਐਲਾਨ ਦਿੱਤਾ ਅਤੇ ਬਗਾਵਤ ਕਰ ਦਿੱਤੀ।

ਨਵੇਂ-ਨਵੇਂ ਬਣੇ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਆਪਣਾ ਤਾਜ ਤੇ ਤਖ਼ਤ ਖ਼ਤਰੇ ਵਿਚ ਪੈਂਦੇ ਜਾਪ ਰਹੇ ਸਨ। ਇਸ ਜਾਣਕਾਰੀ ਦੇ ਕਾਰਨ ਬਹਾਦੁਰ ਸ਼ਾਹ ਨੂੰ ਕਾਹਲੀ ਵਿਚ ਦੱਖਣ ਵਲ ਆਪਣੇ ਬਾਗੀ ਭਰਾ ਨੂੰ ਸੋਧਣ ਲਈ ਜਾਣਾ ਪਿਆ। ਬਹਾਦੁਰ ਸ਼ਾਹ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਦੇ ਨਾਲ ਦੱਖਣ ਚਲਣ ਲਈ ਕਿਹਾ। ਉਸ ਨੇ ਕਿਹਾ ਕਿ ਉਹ ਰਸਤੇ ਵਿਚ ਸ੍ਰੀ

ਗੁਰੂ ਗੋਬਿੰਦ ਸਿੰਘ ਜੀ ਨਾਲ ਵਜ਼ੀਰ ਖਾਂ ਅਤੇ ਆਨੰਦਪੁਰ ਨੂੰ ਗੁਰੂ ਸਾਹਿਬ ਨੂੰ ਵਾਪਸ ਦਿੱਤੇ ਜਾਣ ਬਾਰੇ ਗਲਬਾਤ ਕਰਨੀ ਚਾਹੁੰਦਾ ਸੀ। ਬਾਦਸ਼ਾਹ ਬਹਾਦੁਰ ਸ਼ਾਹ ਨਵੰਬਰ 1707 ਈਸਵੀ ਵਿਚ ਆਪਣੀ ਸ਼ਾਹੀ ਫ਼ੌਜ ਨਾਲ ਆਗਰੇ ਤੋਂ ਦੱਖਣ ਲਈ ਰਾਜਪੁਤਾਨੇ ਦੇ ਰਸਤੇ ਰਵਾਨਾ ਹੋ ਗਿਆ। ਗੁਰੂ ਸਾਹਿਬ ਨੇ ਵੀ ਆਪਣੇ ਕੁਝ ਸਿੱਖਾਂ ਨੂੰ ਨਾਲ ਲੈ ਕੇ ਬਹਾਦੁਰ ਸ਼ਾਹ ਦੇ ਕਾਫ਼ਲੇ ਦੇ ਨਾਲ ਦੱਖਣ ਵਲ ਜਾਣਾ ਮੰਨ ਲਿਆ।

ਨਵੰਬਰ 1707 ਵਿਚ ਆਗਰੇ ਤੋਂ ਚਲ ਕੇ ਬਹਾਦੁਰ ਸ਼ਾਹ ਤੇ ਉਸ ਦੀ ਫ਼ੌਜ ਨੂੰ ਦੱਖਣ ਵਿਚ ਨਾਂਦੇੜ ਸ਼ਹਿਰ ਪਹੁੰਚਣ ਵਿਚ ਨੌਂ ਮਹੀਨੇ ਲਗੇ। ਸਫ਼ਰ ਦੇ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਤੇ ਬਹਾਦੁਰ ਸ਼ਾਹ ਦੀ ਜੋ ਵਾਰਤਾ ਹੋਣੀ ਸੀ ਉਸ ਵਿਚ ਬਹਾਦੁਰ ਸ਼ਾਹ ਨੇ ਕੋਈ ਦਿਲਚਸਪੀ ਨ ਲਈ। ਵਾਰਤਾ ਕਿਸੇ ਸਿਰੇ ਨ ਲਗੀ ਅਤੇ ਸਫ਼ਲ ਨ ਹੋਈ। ਬਾਦਸ਼ਾਹ ਬਹਾਦੁਰ ਸ਼ਾਹ ਨੇ ਜਿਨ੍ਹਾਂ ਦੋ ਮੁੱਦਿਆਂ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਗਲਬਾਤ ਕਰਨੀ ਸੀ, ਉਹਨਾਂ ਦਾ ਕੋਈ ਨਿਦਾਨ ਨ ਹੋਇਆ ਅਤੇ ਵਾਰਤਾ ਨੇਪਰੇ ਨ ਚੜ੍ਹੀ; ਸਗੋਂ ਹੋਰ ਖਟਾਸ ਵਿਚ ਪੈ ਗਈ। ਆਖਿਰ ਅਗਸਤ 1708 ਈਸਵੀ ਦੇ ਆਖਰੀ ਦਿਨਾਂ ਵਿਚ ਜਦੋਂ ਬਾਦਸ਼ਾਹ ਅਤੇ ਉਸ ਦੀ ਫ਼ੌਜ ਦੱਖਣ ਨੂੰ ਜਾਂਦਿਆਂ ਹੋਇਆਂ ਰਸਤੇ ਵਿਚ ਗੋਦਾਵਰੀ ਦਰਿਆ ਦੇ ਕੰਢੇ ਤੇ ਵੱਸੇ ਨਾਂਦੇੜ ਵਿਚ ਪਹੁੰਚੇ ਤਾਂ ਓਥੇ ਕੁਝ ਦਿਨ ਆਰਾਮ ਕਰਨ ਲਈ ਰੁਕੇ। ਏਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦੁਰ ਸ਼ਾਹ ਅਤੇ ਉਸ ਦੀ ਫ਼ੌਜ ਤੋਂ ਅਲਹਿਦਾ ਹੋਣ ਦਾ ਫ਼ੈਸਲਾ ਕਰ ਲਿਆ। ਕੁਝ ਦਿਨ ਨਾਂਦੇੜ ਵਿਚ ਰੁਕ ਕੇ ਜਦੋਂ ਬਾਦਸ਼ਾਹ ਨੇ ਆਪਣੀ ਫ਼ੌਜ ਨਾਲ ਗੋਦਾਵਰੀ ਦਰਿਆ ਪਾਰ ਕਰਕੇ ਅਗਾਂਹ ਗੋਲਕੁੰਡੇ ਵਲ ਕੂਚ ਕੀਤਾ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਨਾਲ ਨਹੀਂ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੇਖ ਲਿਆ ਸੀ ਕਿ ਬਾਦਸ਼ਾਹ ਬਹਾਦੁਰ ਸ਼ਾਹ ਉਹਨਾਂ ਨਾਲ ਹੋਣ ਵਾਲੀ ਗਲਬਾਤ ਨੂੰ ਲਮਕਾਈ ਜਾ ਰਿਹਾ ਸੀ। ਇਸ ਲਈ ਉਹਨਾਂ ਨੇ ਬਾਦਸ਼ਾਹ ਨਾਲ ਆਪਣੀ ਗਲਬਾਤ ਖਤਮ ਕਰ ਦੇਣ ਦਾ ਫ਼ੈਸਲਾ ਕਰ ਲਿਆ। ਉਹਨਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਉਹ ਆਪਣਿਆਂ ਮਸਲਿਆਂ ਦਾ ਹੱਲ ਆਪ ਹੀ ਲੱਭਣਗੇ। ਉਹ ਹੁਣ ਵਾਪਸ ਪੰਜਾਬ ਨੂੰ ਮੁੜਣਾ ਚਾਹੁੰਦੇ ਸਨ। ਪਰ ਉਹ ਅਤੇ ਉਹਨਾਂ ਦੇ ਸਿੱਖ ਇਕ ਸਾਲ ਦਾ ਲੰਮਾਂ ਸਫ਼ਰ ਤੈਅ ਕਰਕੇ ਹਾਲੀ ਨਾਂਦੇੜ ਪਹੁੰਚੇ ਹੀ ਸਨ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨਾਲ ਨਾਂਦੇੜ ਵਿਚ ਕੁਝ ਦਿਨ ਰੁਕਣ ਦਾ ਫ਼ੈਸਲਾ ਕੀਤਾ। ਉਹ ਆਪਣੇ ਸਿੱਖਾਂ ਨਾਲ ਨਾਂਦੇੜ ਸ਼ਹਿਰ ਵਿਚ ਹੀ ਰੁਕੇ ਰਹੇ। ਇਸ ਤੋਂ ਬਾਅਦ ਬਾਦਸ਼ਾਹ ਬਹਾਦੁਰ ਸ਼ਾਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ਿਰ ਮੁਲਾਕਾਤ ਨਹੀਂ ਹੋਈ। ਕਿਓਂ ਕਿ ਜਦੋਂ ਬਹਾਦੁਰਸ਼ਾਹ ਆਪਣੀ ਫ਼ੌਜ ਨਾਲ ਗੋਦਾਵਰੀ ਨਦੀ ਪਾਰ ਕਰ ਰਿਹਾ ਸੀ ਓਦੋਂ ਨਾਂਦੇੜ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉੱਤੇ ਇਕ ਘਾਤਕ ਹਮਲਾ ਹੋਇਆ ਜਿਸ ਕਾਰਨ ਗੁਰੂ ਸਾਹਿਬ ਕੁਝ ਦਿਨਾਂ ਬਾਅਦ 7 ਅਕਤੂਬਰ 1708 ਨੂੰ ਨਾਂਦੇੜ ਵਿਚ ਹੀ ਜੋਤੀ ਜੋਤ ਸਮਾ ਗਏ।

ਬਹਾਦੁਰ ਸ਼ਾਹ ਲਈ ਪਰਿਸਥਿਤੀਆਂ ਏਦਾਂ ਦੀਆਂ ਬਣਨੀਆਂ ਸਨ ਕਿ ਉਸ ਨੇ ਅਗਲੇ ਡੇਢ ਸਾਲ ਹੋਰ ਦਿੱਲੀ ਤੋਂ ਦੂਰ ਰਹਿਣਾ ਸੀ। ਦੱਖਣ ਵਿਚ ਜਨਵਰੀ 1709 ਵਿਚ ਆਪਣੇ ਛੋਟੇ ਭਰਾ ਕਾਮ ਬਖ਼ਸ਼ ਨੂੰ ਮਾਰ ਕੇ ਉਸ ਦੀ ਬਗਾਵਤ ਤੇ ਕਾਬੂ ਪਾਉਣ ਦਾ ਕੰਮ ਮੁਕਾ ਕੇ ਉਸ ਨੇ ਤੁਰਤ ਫ਼ੁਰਤ ਦਿੱਲੀ ਲਈ ਰਵਾਨਾ ਹੋ ਜਾਣਾ ਸੀ ਅਤੇ 1710 ਦੇ ਪਿਛਲੇ ਅੱਧ ਵਿਚ ਵਾਪਸ ਉੱਤਰੀ ਭਾਰਤ ਪਹੁੰਚਣਾ ਸੀ।

ਚਲਦੀ ਲੜੀ

(ਜਾ ਤੇਰਾ ਬੰਦਾ : ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ)

ਕਿਤਾਬ ਵਿਚੋਂ

***

– ਕਮੋਡੋਰ ਗੁਰਨਾਮ ਸਿੰਘ
ਰਿਟਾਇਰਡ, ਇੰਡੀਅਨ ਨੇਵੀ
ਮੋਬਾਇਲ : 9818159944

: ਚੰਦੇ ਦਾ ਵੇਰਵਾ :

ਭੇਟਾ ਇੱਕ ਕਾਪੀ	5/- ਰੁਪਏ
ਸਾਲਾਨਾ ਚੰਦਾ ਦੇਸ਼	50/- ਰੁਪਏ
ਲਾਈਫ਼ ਮੈਂਬਰ ਦੇਸ਼	500/- ਰੁਪਏ
ਸਾਲਾਨਾ ਚੰਦਾ ਵਿਦੇਸ਼	500/- ਰੁਪਏ
ਲਾਈਫ਼ ਮੈਂਬਰ ਵਿਦੇਸ਼	5000/- ਰੁਪਏ

: ਚੰਦੇ ਭੇਜਣ ਦਾ ਪਤਾ :

ਜਨਰਲ ਮੈਨੇਜਰ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001.

ਨੋਟ : ਚੈਕ 'Delhi Sikh Gurdwara Management Committee' ਦੇ ਨਾਮ 'ਤੇ ਬਣਾਏ ਜਾਣ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਅਕਤੂਬਰ 2022 (ਆਮਦਨ ਭਾਗ)

ਅਕਾਊਂਟਸ ਆਮਦਨ	ਗੁਰਦੁਆਰਾ ਬਦਰਪੁਰ ਸਾਹਿਬ	ਗੁਰਦੁਆਰਾ ਬਾਲਾ ਸਾਹਿਬ	ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ	ਗੁਰਦੁਆਰਾ ਬੰਗਲਾ ਸਾਹਿਬ	ਗੁਰਦੁਆਰਾ ਭਾਈ ਲਾਲੋ ਜੀ	ਗੁਰਦੁਆਰਾ ਦਮਦਮਾ ਸਾਹਿਬ	ਗੁਰਦੁਆਰਾ ਦਰਿਆ ਗੰਜ	ਗੁਰਦੁਆਰਾ ਢੱਕਾਧੀਰ ਪੁਰ	ਗੁਰਦੁਆਰਾ ਕਰੋਲ ਬਾਗ	ਗੁਰਦੁਆਰਾ ਮਜਨੂੰ ਟਿੱਲਾ ਸਾਹਿਬ	ਗੁਰਦੁਆਰਾ ਮਾਤਾ ਸੁੰਦਰੀ ਜੀ	ਗੁਰਦੁਆਰਾ ਮੋਤੀ ਬਾਗ ਸਾਹਿਬ	ਗੁਰਦੁਆਰਾ ਨਾਨਕ ਪਿਆਉ	ਗੁਰਦੁਆਰਾ ਪਿਪਲ ਮਹਾਂਦੇਵ	ਗੁਰਦੁਆਰਾ ਰਕਾਬ ਗੰਜ ਸਾਹਿਬ	ਗੁਰਦੁਆਰਾ ਰਣਜੀਤ ਨਗਰ	ਗੁਰਦੁਆਰਾ ਆਰ.ਕੇ. ਪੁਰਮ	ਗੁਰਦੁਆਰਾ ਸੀਸ ਗੰਜ ਸਾਹਿਬ	ਦਿੱਲੀ ਕਮੇਟੀ ਦੀ ਹੋਰ ਆਮਦਨ	ਹਸਪਤਾਲ ਅਤੇ ਡਿਸਪੈਂਸਰੀ	ਜਾਇਦਾਦ ਅਕਾਊਂਟਸ	ਸਕੂਲ/ਕਾਲਜ ਅਤੇ ਇੰਸਟੀਚਿਊਟ
ਚੜ੍ਹਤ / ਗੋਲਕ	15658	1229967	1000	25981417	3440	1151784	---	---	12521	833042	13504	2387186	4794664	---	3054400	---	15300	15065327	---	---	---	---
ਲੰਗਰ	---	175464	7050	8966501	1150	95182	---	4200	1200	254550	4650	577306	513218	---	2090562	23700	4900	2954283	---	---	---	---
ਪ੍ਰਸ਼ਾਦਿ	---	432495	29400	9952916	12091	381719	---	2025	31900	524886	78165	993147	1655510	---	1297927	---	2800	4480007	---	---	---	---
ਸ੍ਰੀ ਆਖੰਡ ਪਾਠ	---	146400	30500	2297000	24400	30500	---	---	12200	30500	24400	170800	439200	---	189100	6100	12200	896700	---	---	---	---
ਕਿਊ.ਐਮ.ਸੀ.	875	21556	645	---	690	2877	550	780	1465	9540	12763	7048	14976	300	33733	720	---	19700	---	---	---	---
ਸਰਾਂ	---	---	---	1192600	---	50600	---	---	---	---	25600	748850	20800	---	379475	---	---	653960	---	---	---	---
ਬਿਲਡਿੰਗ	---	7100	---	651450	19700	---	---	---	---	---	4100	---	---	---	26385	---	---	25000	---	---	---	---
ਫੁਟਕਲ	---	230	---	145000	---	180	---	---	---	180	180	180	950	---	7540	25000	180	243790	---	---	410213	---
ਅਨੰਦ ਕਾਰਜ ਭੇਟਾ	---	---	---	---	---	82100	---	---	---	---	---	---	33000	---	559750	---	---	---	---	---	---	---
ਸੈਂਟਰਲਾਈਜ ਡੋਨੇਸ਼ਨ	---	---	---	8126571	---	---	---	---	---	---	---	---	---	---	---	---	---	---	---	---	---	---
ਸੂਦ / ਪੈਨਲਟੀ	---	---	---	---	---	---	---	---	---	---	---	---	---	---	---	---	---	---	17679	---	---	---
ਮੈਡੀਕਲ ਫੀਸ/ਬਾਲਾ ਪ੍ਰੀਤਮ ਦਵਾਖਾਨਾ	---	---	---	---	---	---	---	---	---	---	---	---	---	---	---	---	---	---	---	4802564	---	---
1984 ਸਿੱਖ ਕਤਲੇਆਮ ਯਾਦਗਾਰ	---	---	---	---	---	---	---	---	---	---	---	---	---	---	---	---	---	---	2000	---	---	---
ਅਜੂਕੇਸ਼ਨ ਫੰਡ	---	---	---	---	---	---	---	---	---	---	---	---	---	---	---	---	---	---	1188785	---	---	---
ਗੁ. ਮਿਲਾਪ ਨਗਰ, ਉੱਤਮ ਨਗਰ	---	---	---	---	---	---	---	---	---	---	---	---	---	---	---	---	---	---	4882	---	---	---
ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ	---	---	---	---	---	---	---	---	---	---	---	---	---	---	---	---	---	---	18180	---	---	---
ਐਜੂਕੇਸ਼ਨ ਫੀਸ	---	---	---	---	---	---	---	---	---	---	---	---	---	---	---	---	---	---	---	---	---	---
ਪ੍ਰਚਾਰ	---	---	---	---	---	---	---	---	---	---	---	---	---	---	---	---	---	---	28180	---	---	---
ਸਟਾਫ ਭੇਟਾ	---	---	---	---	---	---	---	---	---	---	---	---	---	---	---	---	---	---	170956	---	---	---
ਜੋੜ	16533	2013212	68595	57313455	61471	1794942	550	7005	59286	1652698	163362	4884517	7472318	300	7638872	55520	35380	24338767	1430662	4802564	410213	---

Note : The information in this documents in unaudited, therefore these are subject to change without notice and should not be construed as a commitment by DSGMC.

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਅਕਤੂਬਰ 2022 (ਖਰਚ ਭਾਗ)

ਅਕਾਊਂਟਸ ਆਮਦਨ	ਗੁਰਦੁਆਰਾ ਬਦਰਪੁਰ ਸਾਹਿਬ	ਗੁਰਦੁਆਰਾ ਬਾਲਾ ਸਾਹਿਬ	ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ	ਗੁਰਦੁਆਰਾ ਬੰਗਲਾ ਸਾਹਿਬ	ਗੁਰਦੁਆਰਾ ਭਾਈ ਲਾਲੋ ਜੀ	ਗੁਰਦੁਆਰਾ ਦਮਦਮਾ ਸਾਹਿਬ	ਗੁਰਦੁਆਰਾ ਦਰਿਆ ਗੰਜ	ਗੁਰਦੁਆਰਾ ਢੱਕਾਧੀਰ ਪੁਰ	ਗੁਰਦੁਆਰਾ ਕਰੋਲ ਬਾਗ	ਗੁਰਦੁਆਰਾ ਮਜਨੂੰ ਟਿੱਲਾ ਸਾਹਿਬ	ਗੁਰਦੁਆਰਾ ਮਾਤਾ ਸੁੰਦਰੀ ਜੀ	ਗੁਰਦੁਆਰਾ ਮੋਤੀ ਬਾਗ ਸਾਹਿਬ	ਗੁਰਦੁਆਰਾ ਨਾਨਕ ਪਿਆਉ	ਗੁਰਦੁਆਰਾ ਰਕਾਬ ਗੰਜ ਸਾਹਿਬ	ਗੁਰਦੁਆਰਾ ਰਣਜੀਤ ਨਗਰ	ਗੁਰਦੁਆਰਾ ਆਰ.ਕੇ. ਪੁਰਮ	ਗੁਰਦੁਆਰਾ ਸੀਸ ਗੰਜ ਸਾਹਿਬ	ਦਿੱਲੀ ਕਮੇਟੀ ਐਡਮਿਨ-ਸਟ੍ਰੇਸ਼ਨ	ਹਸਪਤਾਲ ਅਤੇ ਡਿਸਪੈਂਸਰੀ	ਜਾਇਦਾਦ ਅਕਾਊਂਟਸ	ਸਕੂਲ/ਕਾਲਜ ਅਤੇ ਇੰਸਟੀਚਿਊਟ	ਗੁਰਦਆਰਾ ਪੀਪਲ ਮਹਾਦੇਵ
ਲੰਗਰ	58159	513847	35877	3073509	2106	179104	6518	22704	42153	681015	156281	859924	1075673	1273852	3060	8963	2628431	---	---	---	---	---
ਪ੍ਰਸ਼ਾਦਿ / ਪ੍ਰਸ਼ਾਦਿ ਹਜ਼ੂਰੀ	12928	728443	51220	2231327	10000	388393	8424	33500	57364	645249	59623	481145	981150	642816	17639	---	2812155	---	---	---	---	---
ਸ੍ਰੀ ਆਖੰਡ ਪਾਠ	---	148920	---	2457600	24000	49384	---	4800	---	43754	24323	8580	742056	254523	4800	3200	1191876	---	---	---	---	---
ਬਿਜਲੀ / ਪਾਣੀ	---	672909	14580	3168191	52170	117260	6660	15930	76850	---	66950	458130	2225848	1381171	---	---	---	---	---	---	---	910
ਫੁਟਕਲ	31110	139620	60571	1160222	7814	70790	10806	19997	20080	221040	57458	236335	572071	531579	31665	12745	586058	---	---	---	---	---
ਟੈਲੀਫੋਨ	---	667	---	---	667	---	---	---	667	1102	667	984	860	667	316	---	667	---	---	---	---	---
ਸਫਾਈ ਤੇ ਰੱਖਰਖਾਵ	1541	77267	---	414729	---	142760	335	2141	878	10818	141600	181358	215260	358940	---	---	337046	---	---	---	---	---
ਕਨਵੈਂਸ ਚਾਰਜਿਸ	300	800	1045	4500	600	650	400	300	---	600	200	300	---	4755	1100	1300	4150	---	---	---	---	---
ਰਿਪੇਅਰ ਤੇ ਰੱਖਰਖਾਵ	3450	209285	---	72310	---	2000	---	11060	10920	31651	45665	92995	82073	341881	---	1820	96854	---	---	---	25125	---
ਕਿਰਾਇਆ ਸਾਊਂਡ ਸਿਸਟਮ	---	---	---	---	---	---	---	---	---	---	---	---	---	69320	---	---	23400	---	---	---	---	---
ਕਿਰਾਇਆ ਟੈਂਟ	---	---	---	3258479	---	---	---	---	---	25450	---	---	30581	68291	---	---	---	---	---	---	---	---
ਇੰਸੋਰੈਂਸ ਖਰਚੇ	---	---	---	---	---	---	---	---	---	---	---	---	---	---	---	---	---	---	---	---	---	---
1984 ਸਿੱਖ ਕਤੇਲਆਮ ਪੀੜ੍ਹਤ	---	---	---	---	---	---	---	---	---	---	---	---	---	---	---	---	---	37800	---	---	---	---
ਕੰਪਿਊਟਰ ਰਿਪੇਅਰ ਤੇ ਰੱਖ ਰਖਾਵ	---	---	---	---	---	---	---	---	---	---	---	---	---	---	---	---	---	47908	---	---	---	---
ਐਜੂਕੇਸ਼ਨ ਖਰਚ	---	---	---	---	---	---	---	---	---	---	---	---	---	---	---	---	---	---	---	---	1421673	---
ਮੁਲਾਜ਼ਮ ਭਲਾਈ ਖਰਚ	---	---	---	---	---	---	---	---	---	---	---	---	---	---	---	---	---	789080	---	---	---	---
ਗੁ: ਬਾਬਾ ਬੁੱਢਾ ਜੀ ਟੀ.ਡੀ.ਆਈ ਸਿਟੀ	---	---	---	---	---	---	---	---	---	---	---	---	---	---	---	---	---	48986	---	---	---	---
ਗੁਰਦੁਆਰਾ ਮੰਗੋਲਪੁਰੀ	---	---	---	---	---	---	---	---	---	---	---	---	---	---	---	---	---	20100	---	---	---	---
ਗੁ. ਮਿਲਾਪ ਨਗਰ, ਉਤਮ ਨਗਰ	---	---	---	---	---	---	---	---	---	---	---	---	---	---	---	---	---	40767	---	---	---	---
ਗੁਰੂ ਨਾਨਕ ਸੁਖਸ਼ਾਲਾ ਬਿਰਧ ਘਰ	---	---	---	---	---	---	---	---	---	---	---	---	---	---	---	---	---	176849	---	---	---	---
ਗੁਰਪੁਰਬ	---	---	---	---	---	---	---	---	---	---	---	---	---	---	---	---	---	10204324	---	---	---	---
ਸਹਾਇਤਾ	---	---	---	---	---	---	---	---	---	---	---	---	---	---	---	---	---	3571871	---	---	---	---
ਮੋਟਰ ਇੰਸੋਰੈਂਸ	---	---	---	---	---	---	---	---	---	---	---	---	---	---	---	---	---	1662	---	---	---	---
ਲੀਗਲ ਐਂਡ ਪ੍ਰੋਫੈਸਨਲ ਚਾਰਜਿਸ	---	---	---	---	---	---	---	---	---	---	---	---	---	---	---	---	---	1390409	---	---	---	---
ਮੈਡੀਕਲ ਚਾਰਜਿਸ / ਬਾਲਾ ਪ੍ਰੀਤਮ ਦਵਾਖਾਨਾ	---	---	---	---	---	---	---	---	---	---	---	---	---	---	---	---	---	---	6630838	---	---	---
ਆਫਿਸ ਖਰਚੇ	---	---	---	---	---	---	---	---	---	---	---	---	---	---	---	---	---	1695926	---	---	---	---
ਪ੍ਰਚਾਰ	---	---	---	---	---	---	---	---	---	---	---	---	---	---	---	---	---	4025983	---	---	---	---
ਪੈਟਰੋਲ, ਡੀਜਲ ਤੇ ਸੀ.ਐਨ.ਜੀ.	---	---	---	---	---	---	---	---	---	---	---	---	---	---	---	---	---	35593	---	---	---	---
ਪਿੰਨੀ ਪ੍ਰਸ਼ਾਦਿ	---	---	---	---	---	---	---	---	---	---	---	---	---	---	---	---	---	195560	---	---	---	---
ਪ੍ਰਿਟਿੰਗ ਪ੍ਰੈਸ	---	---	---	---	---	---	---	---	---	---	---	---	---	---	---	---	---	118120	---	---	---	---
ਜਾਇਦਾਦ ਰੱਖ-ਰਖਾਵ	---	---	---	---	---	---	---	---	---	---	---	---	---	---	---	---	---	---	---	862441	---	---
ਰਾਗੀ ਭੇਟਾ	---	---	---	---	---	---	---	---	---	---	---	---	---	---	---	---	---	621126	---	---	---	---
ਰਿਪੇਅਰ ਅਤੇ ਰੱਖ ਰਖਾਵ ਗੱਡੀਆਂ	---	---	---	---	---	---	---	---	---	---	---	---	---	---	---	---	---	155576	---	---	---	---
ਤਨਖਾਹ	---	---	---	---	---	---	---	---	---	---	---	---	---	---	---	---	---	36982387	---	---	---	---
ਸੋਲਰ ਸਿਸਟਮ ਪਲਾਂਟ	---	---	---	42560	---	---	---	---	---	---	---	---	36860	127536	---	---	---	---	---	---	---	---
ਸਿਲਾਈ	---	---	---	---	---	---	---	---	---	---	---	---	---	---	---	---	---	68147	---	---	---	---
ਜੋੜ	107488	2491758	163293	15883427	97357	950341	33143	110432	208912	1660679	552767	2319751	5962432	\5055331	58580	28028	7680637	60228174	6630838	862441	1446798	910

Note : The information in this documents in unaudited, therefore these are subject to change without notice and should not be construed as a commitment by DSGMC.

ਜਨਵਰੀ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ

1 ਜਨਵਰੀ

1936 ਈ. ਕ੍ਰਿਪਾਨ 'ਤੇ ਲੱਗੀ ਪਾਬੰਦੀ ਵਿਰੁੱਧ ਲੱਗੇ ਮੋਰਚੇ ਵਿੱਚ ਪਹਿਲੇ ਜਥੇ ਨੇ ਗ੍ਰਿਫ਼ਤਾਰੀ ਦਿੱਤੀ।

2 ਜਨਵਰੀ

1741 ਈ. ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਅੰਦਰ ਮੱਸੇ ਰੰਘੜ ਦਾ ਸਿਰ ਵੱਢਿਆ ਤੇ ਬੁੱਢਾ ਜੋਹਰ ਸੰਗਤਾਂ ਦੇ ਸਨਮੁੱਖ ਪੇਸ਼ ਕੀਤਾ।

3 ਜਨਵਰੀ

1588 ਈ. ਸਾਈਂ ਮੀਆਂ ਮੀਰ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰੱਖੀ।

1961 ਈ. ਸਰਕਾਰ ਨੇ ਅਕਾਲੀ ਦਲ ਦੇ ਨੇਤਾਵਾਂ ਨਾਲ ਗੱਲਬਾਤ ਕਰਨ ਲਈ ਮਾਸਟਰ ਤਾਰਾ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਕੀਤਾ।

4 ਜਨਵਰੀ

1937 ਈ. ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿੱਚ ਪਹਿਲੀ ਚੋਣ ਲੜੀ।

5 ਜਨਵਰੀ

1924 ਈ. ਗੁਰਦੁਆਰਾ ਭਾਈ ਫੇਰੂ ਲਾਹੌਰ ਦਾ ਮੋਰਚਾ ਸ਼ੁਰੂ ਹੋਇਆ

1969 ਈ. ਅਕਾਲੀ ਲਹਿਰ ਦੇ ਮੋਢੀ ਮਾਸਟਰ ਸੁੰਦਰ ਸਿੰਘ ਜੀ ਅਕਾਲ ਚਲਾਣਾ ਕਰ ਗਏ।

6 ਜਨਵਰੀ

1989 ਈ. ਭਾਈ ਕੇਹਰ ਸਿੰਘ ਤੇ ਸਤਵੰਤ ਸਿੰਘ ਨੂੰ ਫਾਂਸੀ ਦਿੱਤੀ ਗਈ।

7 ਜਨਵਰੀ

1924 ਈ. ਪੁਲਿਸ ਵੱਲੋਂ ਸ਼੍ਰੋਮਣੀ ਕਮੇਟੀ ਦੇ ਦੂਜੇ ਜਥੇ ਦੇ 62 ਮੈਂਬਰਾਂ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ।

8 ਜਨਵਰੀ

1961 ਈ. ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਤੇ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵਿਚਕਾਰ ਪੰਜਾਬੀ ਸੂਬੇ ਸਬੰਧੀ ਗੱਲਬਾਤ ਹੋਈ।

9 ਜਨਵਰੀ

1960 ਈ. ਅਕਾਲੀ ਲਹਿਰ ਦੇ ਮੋਢੀ ਮਾਸਟਰ ਮੋਤਾ ਸਿੰਘ ਜੀ ਜਲੰਧਰ ਵਿਖੇ ਅਕਾਲ ਚਲਾਣਾ ਕਰ ਗਏ।

10 ਜਨਵਰੀ

1770 ਈ. ਸਿੰਘਾਂ ਨੇ ਦਿੱਲੀ ਉਪਰ ਪਾਣੀਪਤ ਵੱਲੋਂ ਹਮਲਾ ਕੀਤਾ ਤੇ ਜਿੱਤ ਪ੍ਰਾਪਤ ਕੀਤੀ।

1961 ਈ. ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਨੇ ਪੰਜਾਬੀ ਸੂਬੇ ਦੀ ਸੰਵਿਧਾਨਕ ਲੜਾਈ ਲੜਣ ਦਾ ਐਲਾਨ ਕੀਤਾ।

11 ਜਨਵਰੀ

1797 ਈ. ਜਹਾਨ ਖਾਨ ਦੀਆਂ ਫ਼ੌਜਾਂ ਤੇ ਸਿੰਘਾਂ ਵਿਚਕਾਰ ਸ੍ਰੀ ਅੰਮ੍ਰਿਤਸਰ ਦੇ ਨੇੜੇ ਟੱਕਰ ਹੋਈ।

1966 ਈ. ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਥੇਦਾਰ ਊਧਮ ਸਿੰਘ ਨਾਗੋਕੇ ਦਾ ਚੰਡੀਗੜ੍ਹ ਵਿਖੇ ਅਕਾਲ ਚਲਾਣਾ ਹੋਇਆ।

12 ਜਨਵਰੀ

1946 ਈ. ਸਿੱਖ ਹਿਸਟਰੀ ਸੁਸਾਇਟੀ ਨੇ ਇੱਕ ਮੀਟਿੰਗ ਕਰਕੇ ਸਿੱਖ ਸੈਂਟਰਲ ਲਾਇਬ੍ਰੇਰੀ ਖੋਲ੍ਹਣ ਦਾ ਫ਼ੈਸਲਾ

ਕੀਤਾ।

1923 ਈ. ਪੰਥ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਪ੍ਰਬੰਧ ਸੰਭਾਲਿਆ।

13 ਜਨਵਰੀ

1849 ਈ. ਸਿੱਖਾਂ ਅਤੇ ਅੰਗ੍ਰੇਜ਼ਾਂ ਵਿਚਕਾਰ ਜੰਗ ਚਿਲਿਆਂ ਵਾਲੀ ਵਿਖੇ ਹੋਇਆ।

1968 ਈ. ਸ੍ਰ. ਲਛਮਣ ਸਿੰਘ ਗਿੱਲ ਮੁੱਖ ਮੰਤਰੀ ਪੰਜਾਬ ਨੇ ਪੰਜਾਬੀ ਨੂੰ ਜ਼ਿਲ੍ਹਾ ਪੱਧਰ 'ਤੇ ਜਾਰੀ ਕੀਤਾ।

14 ਜਨਵਰੀ

1764 ਈ. ਸਿੰਘਾਂ ਨੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਸਰਹਿੰਦ ਫ਼ਤਹਿ ਕੀਤੀ।

1914 ਈ. ਅੰਗ੍ਰੇਜ਼ ਸਰਕਾਰ ਨੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਹੀ।

15 ਜਨਵਰੀ

ਭਗਤ ਨਾਮਦੇਵ ਜੀ ਜੋਤੀ ਜੋਤਿ ਸਮਾਏ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਚੜ੍ਹਾਈ ਕਰ ਗਏ।

1978 ਈ. ਪੁੰਡਰੀ ਹਰਿਆਣਾ ਵਿਖੇ ਇੱਕ ਸਾਕੇ ਦੌਰਾਨ 4 ਸਿੰਘ ਸ਼ਹੀਦ ਕੀਤੇ ਗਏ।

16 ਜਨਵਰੀ

1928 ਈ. ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਥੇਦਾਰ ਊਧਮ ਸਿੰਘ ਨਾਗੋਕੇ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿੱਚ ਸਾਈਮਨ ਕਮਿਸ਼ਨ ਦੇ ਬਾਈਕਾਟ ਦਾ ਐਲਾਨ ਕੀਤਾ।

1766 ਈ. ਸ੍ਰ. ਚੜਤ ਸਿੰਘ ਸ਼ੁਕਰਚੱਕੀਆ ਨੇ ਗੁਜਰਾਵਾਲਾ 'ਤੇ ਕਬਜ਼ਾ ਕੀਤਾ।

17 ਜਨਵਰੀ

1977 ਈ. ਸ਼੍ਰੋਮਣੀ ਅਕਾਲੀ ਦਲ ਵੱਲੋਂ ਅਮਰਜੈਂਸੀ ਵਿਰੁੱਧ ਲਗਾਇਆ ਮੋਰਚਾ ਫ਼ਤਹਿ ਹੋਇਆ।

1767 ਈ. ਸ੍ਰ. ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਿੰਘ ਸਰਦਾਰਾਂ ਨੇ ਅੰਮ੍ਰਿਤਸਰ ਵਿਖੇ ਅਹਿਮਦ ਸ਼ਾਹ ਅਬਦਾਲੀ ਤੇ ਜਰਨੈਲ ਬਖਸ਼ੀ ਜਹਾਨ ਖਾਨ ਨੂੰ ਲੱਕ ਤੋੜਵੀਂ ਹਾਰ ਦਿੱਤੀ।

18 ਜਨਵਰੀ

16 ਨਾਮਧਾਰੀ ਸਿੱਖ ਬਗਾਵਤ ਦੇ ਕੇਸ ਵਿੱਚ ਅੰਗ੍ਰੇਜ਼ਾਂ ਵੱਲੋਂ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤੇ ਗਏ।

1976 ਈ. ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਅਕਾਲ ਚਲਾਣਾ ਕਰ ਗਏ।

19 ਜਨਵਰੀ

1935 ਈ. ਸਰਦਾਰ ਸੇਵਾ ਸਿੰਘ ਠੀਕਰੀ ਵਾਲੇ ਨੇ ਲੰਬੀ ਭੁੱਖ ਭੁਗਤਣ ਉਪਰੰਤ ਸ਼ਹੀਦੀ ਪਾਈ।

1922 ਈ. ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦਾ ਮੋਰਚਾ ਫ਼ਤਹਿ ਹੋਇਆ, ਜਦੋਂ ਅੰਗ੍ਰੇਜ਼ਾਂ ਨੇ ਬਾਬਾ ਖੜਕ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਜੇ ਦੀਵਾਨ ਵਿੱਚ ਚਾਬੀਆਂ ਸਪੁਰਦ ਕੀਤੀਆਂ।

20 ਜਨਵਰੀ

1926 ਈ. ਬੱਬਰ ਅਕਾਲੀ ਕੇਸ ਦੀ ਸੁਣਵਾਈ ਦੌਰਾਨ 5 ਨੂੰ ਫ਼ਾਂਸੀ, 11 ਨੂੰ ਉਮਰ ਕੈਦ ਅਤੇ 38 ਬੱਬਰਾਂ ਨੂੰ 4-4 ਸਾਲ ਦੀ ਕੈਦ ਦਾ ਹੁਕਮ ਸੁਣਾਇਆ ਗਿਆ।

1981 ਈ. ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੂੰ ਨਾਲ ਲੈ ਕੇ ਪੰਜਾਬ ਅਸੈਂਬਲੀ ਦਾ ਜ਼ਬਰਦਸਤ ਘੇਰਾਉ ਕੀਤਾ।

21 ਜਨਵਰੀ

1925 ਈ. ਗਵਰਨਰ ਪੰਜਾਬ ਨੇ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਤ ਕਰਵਾਇਆ।

1846 ਈ. ਅੰਗ੍ਰੇਜ਼ਾਂ ਤੇ ਸਿੱਖਾਂ ਵਿੱਚ ਬੱਦੋਵਾਲ ਦੀ ਲੜਾਈ ਹੋਈ।

22 ਜਨਵਰੀ

1848 ਈ. ਮੁਲਤਾਨ ਦਾ ਹਿੱਸਾ ਵੀ ਪੰਜਾਬ ਵਾਂਗ ਅੰਗ੍ਰੇਜ਼ਾਂ ਦੇ ਕਬਜ਼ੇ ਵਿੱਚ ਆਇਆ।

23 ਜਨਵਰੀ

1960 ਈ. ਪੰਜਾਬੀ ਸੂਬੇ ਮੋਰਚੇ ਦੌਰਾਨ ਸ੍ਰ. ਤੀਰਥ ਸਿੰਘ ਦੀ ਸ਼ਹੀਦੀ ਹੋਈ।

24 ਜਨਵਰੀ

1921 ਈ. ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਭਰੇ ਦੀਵਾਨ ਵਿੱਚ ਇੱਕ ਬੀਬੀ ਵੱਲੋਂ ਸ੍ਰੀ ਤਰਨਤਾਰਨ ਵਿਖੇ ਪੁਜਾਰੀਆਂ ਦੇ ਅੱਤਿਆਚਾਰ ਬਾਰੇ ਦੱਸਿਆ ਗਿਆ।

25 ਜਨਵਰੀ

1952 ਈ. ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਦੀ ਅਰਦਾਸ ਵਿੱਚ ਜਿਨ੍ਹਾਂ ਗੁਰਧਾਮਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਸ਼ਾਮਲ ਕਰਨ ਲਈ ਕਿਹਾ।

1921 ਈ. ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਗੁਰਦੁਆਰਾ ਸਾਹਿਬ ਦੀ ਅਜ਼ਾਦੀ ਲਈ ਸ੍ਰੀ ਤਰਨਤਾਰਨ ਵਿਖੇ ਪੁੱਜਿਆ।

26 ਜਨਵਰੀ

1921 ਈ. ਪੁਜਾਰੀਆਂ ਦੇ ਕਬਜ਼ੇ ਵਿੱਚੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਤਰਨਤਾਰਨ ਦਾ ਪ੍ਰਬੰਧ ਪੰਥਕ ਹੱਥਾਂ ਵਿੱਚ ਆਇਆ।

27 ਜਨਵਰੀ

1682 ਈ. ਸਿੱਖ ਪੰਥ ਦੇ ਉੱਘੇ ਜਰਨੈਲ ਬਾਬਾ ਦੀਪ ਸਿੰਘ ਜੀ (ਸ਼ਹੀਦ) ਦਾ ਜਨਮ ਪਿੰਡ ਪਹੁਵਿੰਡ ਵਿਖੇ ਹੋਇਆ।

28 ਜਨਵਰੀ

1520 ਈ. ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਚੌਥੀ ਉਦਾਸੀ ਦੌਰਾਨ ਮੱਕੇ ਪਹੁੰਚੇ।

29 ਜਨਵਰੀ

1925 ਈ. ਸ੍ਰ. ਦਰਸ਼ਨ ਸਿੰਘ ਫੇਰੂਮਾਨ ਦੀ ਅਗਵਾਈ ਹੇਠ 500 ਸਿੰਘਾਂ ਦਾ 14ਵਾਂ ਸ਼ਹੀਦੀ ਜਥਾ ਜੈਤੋ ਵਿਖੇ ਗ੍ਰਿਫ਼ਤਾਰ ਕੀਤਾ ਗਿਆ।

1846 ਈ. ਅੰਗ੍ਰੇਜ਼ਾਂ ਤੇ ਸਿੱਖਾਂ ਦੀ ਜੰਗ ਪਿੰਡ ਆਲੀਵਾਲ (ਜਗਰਾਉਂ) ਵਿਖੇ ਹੋਈ, ਜਿਸ ਵਿੱਚ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ।

30 ਜਨਵਰੀ

1990 ਈ. ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਉਜਾਗਰ ਸਿੰਘ ਸੇਖਵਾਂ ਅਕਾਲ ਚਲਾਣਾ ਕਰ ਗਏ।

31 ਜਨਵਰੀ

1936 ਈ. ਕ੍ਰਿਪਾਨ 'ਤੇ ਲੱਗੀ ਪਾਬੰਦੀ ਵਿਰੁੱਧ ਮੋਰਚਾ ਸਰਕਾਰ ਵੱਲੋਂ ਦਫ਼ਾ 144 ਹਟਾਏ ਜਾਣ 'ਤੇ ਖ਼ਤਮ ਹੋਇਆ।

ਕਲਿਜੁਗ ਬੇ-ਸਮਝੀ ਦਾ ਸਾਗਰ ਹੈ

੧. ਕਲਿਜੁਗ ਬੋਧ ਅਵਤਾਰ ਹੈ ਬੋਧ ਅਬੋਧ ਨ ਦ੍ਰਿਸ਼ਟੀ ਆਵੈ।
੨. ਕੋਇ ਨ ਕਿਸੈ ਵਰਜਈ ਸੋਈ ਕਰੈ ਜੋਈ ਮਨ ਭਾਵੈ।
੩. ਕਿਸੇ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜ੍ਹੀ ਪੁਜਾਵੈ।
੪. ਛੰਤ੍ਰ ਮੰਤ੍ਰ ਪਾਖੰਡ ਕਰ ਕਲਹ ਕ੍ਰੋਧ ਬਹੁ ਵਾਦ ਵਧਾਵੈ।
੫. ਆਪੋ ਧਾਪੀ ਹੋਇ ਕੈ ਨਾਰੇ ਨਾਰੇ ਧਰਮ ਚਲਾਵੈ।
੬. ਕੋਈ ਪੂਜੈ ਚੰਦ ਸੂਰ ਕੋਈ ਧਰਤ ਅਕਾਸ ਮਨਾਵੈ।
੭. ਪਉਣ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।
੮. ਫੋਕਟ ਧਰਮੀ ਭਰਮ ਭੁਲਾਵੈ ॥ ੧੮ ॥

{ ਵਾਰਾਂ ਭਾਈ ਗੁਰਦਾਸ ਜੀ : ਵਾਰ ੧, ਪਉੜੀ ੧੮ }

: ਅਰਥ :

ਪ੍ਰ. : ਕਿਉਂ ਭਾਈ ਸਾਹਿਬ ਜੀਉ! ਕਲਜੁਗ ਵਿੱਚ ਬੋਧ ਅਵਤਾਰ ਦਾ ਆਗਮਨ ਹੋਇਆ ਮੰਨਿਆ ਜਾਂਦਾ ਹੈ ਪਰ ਉਸਦਾ ਲੋਕਾਂ 'ਤੇ ਕਿਹੋ ਜਿਹਾ ਪ੍ਰਭਾਵ ਪਿਆ ?

੧) ਉ. : (ਇਹ ਠੀਕ ਹੈ ਕਿ) ਕਲਜੁਗ ਵਿੱਚ ਬੋਧ ਅਵਤਾਰ ਹੋਇਆ ਪਰ, ਗਿਆਨ ਅਗਿਆਨ (ਤੋਂ ਨਿਰਣਾ ਹੋਇਆ ਕਿਤੇ ਭੀ) ਨਹੀਂ ਦਿਸਦਾ, ਭਾਵ ਬਹੁ-ਗਿਣਤੀ ਗਿਆਨ ਤੋਂ ਹੀਣਿਆਂ ਲੋਕਾਂ ਦੀ ਹੈ, ਜਿਨ੍ਹਾਂ ਨੂੰ ਚੰਗੇ ਮੰਦੇ ਦੀ ਪਛਾਣ ਹੀ ਕੋਈ ਨਹੀਂ।

ਪ੍ਰ. : ਕਿਉਂ ਜੀ! ਕੀ ਇਸ ਬਾਰੇ ਕੋਈ ਮਿਸਾਲ ਦਿਓਗੇ ?

੨) (ਇਉਂ ਹੀ ਸਮਝੋ ਕਿ) ਕੋਈ ਕਿਸੇ ਨੂੰ (ਬੁਰੇ ਜਾਂ ਵੈਰ ਵਿਰੋਧ ਵਾਲੇ ਕੰਮ ਕਰਨ ਤੋਂ) ਰੋਕਦਾ ਨਹੀਂ ਜੋ ਕਿਸੇ ਦੇ ਮਨ ਨੂੰ ਚੰਗਾ ਲੱਗੇ ਉਹੀਓ ਕਰਦਾ ਹੈ।

੩) (ਜਿਵੇਂ) ਕੋਈ ਤਾਂ ਜੜ੍ਹ, ਪੱਥਰ ਦੀ ਪੂਜਾ ਕਰਦਾ ਹੈ, ਕੋਈ ਮੜ੍ਹੀਆਂ ਦੀ ਪੂਜਾ ਕਰੀ ਜਾ ਰਿਹਾ ਹੈ (ਜਿਵੇਂ - ਬੁੱਧ ਦੀ ਮੂਰਤਾਂ, ਦੰਦ, ਮੱਠ ਆਦਿ ਪੂਜੇ ਜਾਂਦੇ ਹਨ)।

੪) (ਕੋਈ) ਤੰਤ੍ਰਾਂ-ਮੰਤ੍ਰਾਂ (ਟੂਣੇ ਆਦਿਕਾਂ) ਦੇ ਪਾਖੰਡ ਕਰਦਾ ਹੈ (ਇਸ ਤਰ੍ਹਾਂ) ਕਲੇਸ਼ (ਕਲ੍ਹਾ) 'ਤੇ ਕੋਈ ਵੈਰ ਵਿਰੋਧ ਦੇ ਝਗੜਿਆਂ ਨੂੰ ਵਧਾ ਰਿਹਾ ਹੈ।

੫) ਆਪੋ ਧਾਪੀ ਵਿੱਚ ਲੱਗ ਕੇ ਸਭ ਵੱਖ-ਵੱਖ ਕਰਮਾਂ ਧਰਮਾਂ ਨੂੰ ਚਲਾ ਰਹੇ ਹਨ।

੬) ਕੋਈ ਚੰਦਰਮਾ ਨੂੰ ਪੂਜਦਾ ਹੈ, ਕੋਈ ਸੂਰਜ ਨੂੰ, ਕੋਈ ਧਰਤੀ 'ਤੇ ਆਕਾਸ਼ ਦੀ ਹੀ ਮਾਨਤਾ (ਪੂਜਾ) ਕਰੀ ਜਾ ਰਿਹਾ ਹੈ, (ਜੋ ਕੁੱਝ ਹੈ, ਸਭ ਇਹੋ ਹੈ ਹੋਰ ਕੁੱਝ ਨਹੀਂ)।

੭) ਕੋਈ ਹਵਾ, ਕੋਈ ਪਾਣੀ, ਕੋਈ ਅੱਗ ਤੇ ਕੋਈ ਧਰਮਰਾਜ ਦੀ ਪੂਜਾ ਕਰ ਉਸ ਨੂੰ ਰੀਝਾਉਣ ਦੇ ਜਤਨਾਂ ਵਿੱਚ ਲੱਗਾ ਹੋਇਆ ਹੈ।

ਪ੍ਰ. : ਇਹ ਕੁੱਝ ਤੱਕ ਕੇ ਤੁਸੀਂ ਕੀ ਅਨੁਭਵ ਕਰਦੇ ਹੋ ?

੮) ਉ. : ਮੈਂ ਤਾਂ ਗੁਰਮਤਿ ਦੇ ਉਜਾਲੇ ਵਿੱਚ ਇਉਂ ਹੀ ਤੱਕਦਾ ਹਾਂ ਕਿ ਕਲਜੁਗ ਵਿੱਚ ਆਪੋ ਧਾਪੀ ਪਈ ਹੋਈ ਹੈ, ਇਸ ਲਈ ਇਹ ਸਭ ਫੋਕੇ ਤੇ ਨਿਕੰਮੇ ਧਰਮਾਂ ਦੇ ਭਰਮਾਂ ਵਿੱਚ ਭੁੱਲੇ ਪਏ ਹਨ (ਅਸਲੀਅਤ ਤੋਂ ਬਹੁਤ ਦੂਰ ਹਨੇਰੇ ਵਿੱਚ ਟੱਕਰਾਂ ਮਾਰ ਰਹੇ ਹਨ) । ੧੮)

: ਭਾਵਾਰਥ :

ਉਪਰੋਕਤ ਪਉੜੀ ਵਿੱਚ ਬੋਧ ਤੇ ਬੁੱਧ ਪ੍ਰਸਤ 'ਮਨ ਮੱਤੀ' ਮੱਤਾਂ ਬਾਬਤ ਵੀਚਾਰ ਅੰਕਿਤ ਕਰਦੇ ਹਨ ਕਿ ਇਹ ਲੋਕ ਇੱਕ ਵਾਹਿਗੁਰੂ ਨੂੰ ਨਹੀਂ ਮੰਨਦੇ, ਇਸ ਕਰਕੇ ਬੋਧ ਕਾਹਦਾ ? ਉਹ ਤਾਂ ਅਬੋਧ ਹੀ ਹੋਇਆ। ਫੇਰ ਜੋ ਪੱਥਰ ਪੂਜਾ ਦੇ ਐਬ ਹਨ ਇਹ ਸਾਰੇ ਬੋਧੀ ਕਰਦੇ ਹਨ। ਹੋਰ ਜੋ ਮੱਤ ਸੂਰਜ ਆਦਿ ਪੂਜਣ ਵਾਲੇ ਹਨ ਇਹ ਸਭ ਫ਼ੋਕਟ ਧਰਮੀ ਹਨ। ਇਨ੍ਹਾਂ ਉਪਰੋਕਤ ਸੱਤਰਾਂ ਵਿੱਚ ਗਿਆਨੀ ਦਾ ਰੂਪ ਦਿਖਾ ਰਹੇ ਹਨ। ਪਹਿਲੋਂ ਉਹ ਮੱਤ ਦੱਸੇ ਹਨ ਜੋ ਵਾਹਿਗੁਰੂ ਵੱਲੋਂ ਨਾਸਤਕ ਜਾਂ ਜੜ੍ਹ ਪੂਜਯ ਹਨ। ਹੁਣ ਅੱਗੇ ਹੋਰਨਾਂ ਮੱਤਾਂ ਦਾ ਕਥਨ ਕਰਦੇ ਹਨ।

ਟੀਕਾਕਾਰ : ਸਿੰਘ ਸਾਹਿਬ ਗਿਆਨੀ ਮਨੀ ਸਿੰਘ
ਸਾਬਕਾ ਹੈਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

SIS GANJ
Published : January 1, 2023
Posting : 5-10 January 2023, LPC, Delhi RMS
Delhi-110006

JANUARY 2023

DL (ND)-11/6040/2021-22-2023
U(C)-224/2021-23
RNI 10622/64

ਗੁਰਦੁਆਰਾ ਭੱਠਾ ਸਾਹਿਬ, ਰੋਪੜ (ਪੰਜਾਬ)

Total Pages : 1 to 64 (With Cover)